SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 24
September 25, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

## ਅੰਤਰਰਾਸ਼ਟਰੀ ਨਗਰ ਕੀਰਤਨ ਖ਼ਾਲਸਾਈ ਜਾਹੋ ਜਲਾਲ ਨਾਲ ਰਵਾਨਾ

**ਅੰਮ੍ਰਿਤਸਰ (ਬਿਊਰੋ)-** ਸ਼੍ਰੋਮਣੀ ਕਮੇਟੀ ਵੱਲੋਂ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਤੋਂ ਆਰੰਭਿਆ ਅੰਤਰਰਾਸ਼ਟਰੀ ਨਗਰ ਕੀਰਤਨ ਗੁਰਦੁਆਰਾ ਗੁਰੂ ਨਾਨਕ ਦਰਬਾਰ ਪੂਣੇ ਤੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੀਬੀਡੀ ਬੇਲਾਪੁਰ ਨਵੀਂ ਮੁੰਬਈ ਲਈ ਖ਼ਾਲਸਾਈ ਜਾਹੋ-ਜਲਾਲ ਨਾਲ ਰਵਾਨਾ ਹੋ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਚੱਲ ਰਹੇ ਇਸ ਨਗਰ ਕੀਰਤਨ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਸੰਗਤ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕਰਦਿਆਂ ਕਿਹਾ ਕਿ ਸ੍ਰੀ ਨਨਕਾਣਾ ਸਾਹਿਬ ਤੋਂ 72 ਵਰਿਆਂ ਮਗਰੋਂ ਇਤਿਹਾਸਕ ਨਗਰ ਕੀਰਤਨ ਸਜਾਇਆ ਜਾਣਾ ਆਪਣੇ ਆਪ ਵਿਚ ਮਿਸਾਲੀ ਹੈ ਅਤੇ ਸਾਡੀ ਖੁਸ਼ਕਿਸਮਤੀ ਹੈ ਕਿ ਪਹਿਲੇ ਪਾਤਸ਼ਾਹ ਦਾ 550 ਸਾਲਾ ਪ੍ਰਕਾਸ਼ ਪੁਰਬ ਸਾਡੇ ਸਮਿਆਂ ਅੰਦਰ ਆ ਰਿਹਾ ਹੈ। ਉਨ੍ਹਾਂ ਸੰਗਤ ਨੂੰ 550ਵੇਂ ਪ੍ਰਕਾਸ਼ ਪੁਰਬ ਦੇ ਮੁੱਖ ਸਮਾਗਮ ਸਮੇਂ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਪੁੱਜਣ ਦੀ ਅਪੀਲ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਭਿਟੇਵੱਡ, ਵਧੀਕ ਸਕੱਤਰ ਪ੍ਰਤਾਪ ਸਿੰਘ, ਮੀਤ ਸਕੱਤਰ ਹਰਜੀਤ ਸਿੰਘ ਲਾਲੂਘੁੰਮਣ, ਜਸਬੀਰ ਸਿੰਘ ਧਾਮ, ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਗੁਰਮੀਤ ਸਿੰਘ, ਭੁਪਿੰਦਰ ਸਿੰਘ, ਪਰਮਜੀਤ ਸਿੰਘ ਵਧੀਕ ਮੈਨੇਜਰ, ਰਜਵੰਤ ਸਿੰਘ ਸੁਪਰਵਾਈਜ਼ਰ, ਅਜੀਤ ਸਿੰਘ, ਸੁਖਬੀਰ ਸਿੰਘ ਇੰਚਾਰਜ, ਗੁਰਲਾਲ ਸਿੰਘ ਆਦਿ ਮੌਜੂਦ ਸਨ।





ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੀ ਮੌਜੂਦਾ ਬਿਲਡਿੰਗ

ਸ੍ਰੀ ਗੁਰੂ ਰਵਿਦਾਸ ਰਿਓਲਿੰਡਾ (ਸੈਕਰਾਮੈਂਟੋ) ਦੀ ਨਵੀਂ ਬਿਲਡਿੰਗ ਦਾ ਮਾਡਲ


ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦਾ 27ਵਾਂ ਸਥਾਪਨਾ ਦਿਵਸ 27, 28, 29 ਸਤੰਬਰ 2019 ਨੂੰ ਮਨਾਇਆ ਜਾ ਰਿਹਾ ਹੈ ਅਤੇ ਨਵੀਂ ਬਿਲਡਿੰਗ ਦਾ ਸ਼ੁਭ ਆਰੰਭ।
ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਵੱਲੋਂ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈਆਂ।


Jagtar Bhatia (Chairman)


Shinderpal Narabat (President)


Dharampal Chonkaria (Gen. Secretary)


Vinod Kumar (Treasurer)

ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੇਫੋਰਨੀਆ) ਦੀ ਸਰਬ-ਸੰਮਤੀ ਨਾਲ ਨਵੀਂ ਚੁਣੀ ਗਈ ਪ੍ਰਬੰਧਕ ਕਮੇਟੀ ਦੀ ਚੇਅਰਮੈਨ, ਪ੍ਰਧਾਨ, ਜਨਰਲ ਸਕੱਤਰ ਅਤੇ ਖਜਾਨਚੀ **(ਵਿਸਥਾਰ ਵਿਚ ਇਸ਼ਤਿਹਾਰ ਦੇਖੋ ਆਖਰੀ ਸਫੇ 'ਤੇ)**

## ਯੂਐੱਨ ਦੇ ਅੰਦਰੋਂ ਲੈ ਕੇ ਬਾਹਰ ਤਕ ਸਰਗਰਮ ਦਿਸਿਆ ਭਾਰਤ

**ਨਿਊਯਾਰਕ (ਬਿਊਰੋ)-** ਹਿਊਸਟਨ 'ਚ 'ਹਾਉਡੀ ਮੋਦੀ' ਪ੍ਰੋਗਰਾਮ ਰਾਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ ਕੂਟਨੀਤਕ ਖੇਮੇ 'ਚ ਜੋ ਜੋਸ਼ ਭਰਿਆ ਹੈ ਉਸ ਦੀ ਉਦਾਹਰਣ ਨਿਊਯਾਰਕ ਸਥਿਤ ਸੰਯੁਕਤ ਰਾਸ਼ਟਰ (ਯੂਐੱਨ) ਦੇ ਹੈੱਡਕੁਆਰਟਰ 'ਚ ਸਾਫ਼-ਸਾਫ਼ ਨਜ਼ਰ ਆਈ। ਸੰਯੁਕਤ ਰਾਸ਼ਟਰ ਭਵਨ ਦੇ ਅੰਦਰ ਤੋਂ ਲੈ ਕੇ ਬਾਹਰ ਤਕ ਭਾਰਤੀ ਕੂਟਨੀਤਕ ਦਲ ਦੀ ਸਰਗਰਮੀ ਇਸ ਗੱਲ ਤੋਂ ਸਮਝੀ ਜਾ ਸਕਦੀ ਹੈ ਕਿ ਸੋਮਵਾਰ ਨੂੰ ਇਕੱਲੇ ਭਾਰਤੀ ਖੇਮੇ ਨੇ 25 ਬੈਠਕਾਂ ਨੂੰ ਅੰਜਾਮ ਦਿੱਤਾ। ਪ੍ਰਧਾਨ ਮੰਤਰੀ ਮੋਦੀ ਨੇ ਇਕੱਲੇ ਛੇ ਦੁਵੱਲੀਆਂ ਤੇ ਤਿੰਨ ਬਹੁਪੱਖੀ ਬੈਠਕਾਂ 'ਚ ਹਿੱਸਾ ਲਿਆ। ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ 11 ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨਾਲ ਵੱਖ-ਵੱਖ ਬੈਠਕਾਂ ਕੀਤੀਆਂ। ਵਿਦੇਸ਼ ਰਾਜ ਮੰਤਰੀ ਵੀ ਮੁਰਲੀਧਰਨ ਦੀ ਅਗਵਾਈ 'ਚ ਦੂਜੇ ਛੋਟੇ ਦੇਸ਼ਾਂ ਨਾਲ ਬੈਠਕਾਂ ਦਾ ਸਿਲਸਿਲਾ ਜਾਰੀ ਰਿਹਾ। ਸੰਯੁਕਤ ਰਾਸ਼ਟਰ 'ਚ ਭਾਰਤ ਦੇ ਸਥਾਈ ਪ੍ਰਤੀਨਿਧੀ ਸਈਦ ਅਕਬਰੂਦੀਨ ਦੀ ਅਗਵਾਈ 'ਚ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਦੀ ਇਕ ਪੂਰੀ ਟੀਮ ਸਾਰੇ ਮੈਂਬਰ ਦੇਸ਼ਾਂ ਵਿਚਕਾਰ ਸੰਪਰਕ ਕਰੀ ਬੈਠੀ ਸੀ। ਅਕਬਰੂਦੀਨ ਦੀ ਟੀਮ ਖ਼ਾਸ ਤੌਰ 'ਤੇ ਪਾਕਿਸਤਾਨ ਵੱਲੋਂ ਕਸ਼ਮੀਰ ਮੁੱਦੇ 'ਤੇ ਹਮਾਇਤ ਇਕੱਠੀ ਕਰਨ ਤੇ ਉਸ ਨੂੰ ਮਹਾਸਭਾ ਦੇ ਅੰਦਰ ਵੱਖ ਵੱਖ ਫੋਰਮਾਂ 'ਚ ਉਠਾਉਣ ਦੀ ਕੋਸ਼ਿਸ਼ 'ਤੇ ਨਜ਼ਰ ਰੱਖੀ। ਇਸੇ ਤਰ੍ਹਾਂ 'ਹਾਉਡੀ ਮੋਦੀ' ਪ੍ਰੋਗਰਾਮ ਤੋਂ ਵਿਹਲੇ ਹੋ ਕੇ ਅਮਰੀਕਾ 'ਚ ਭਾਰਤ ਦੇ ਰਾਜਦੂਤ ਹਰਸ਼ ਸ਼ਿੰਗਲਾ ਪਿਛਲੇ ਦੋ ਦਿਨਾਂ ਤੋਂ ਦੋਵਾਂ ਉੱਚ ਆਗੂਆਂ (ਰਾਸ਼ਟਰਪਤੀ ਟਰੰਪ ਤੇ ਪ੍ਰਧਾਨ ਮੰਤਰੀ ਮੋਦੀ) ਵਿਚਕਾਰ ਹੋਣ ਵਾਲੀਆਂ ਬੈਠਕਾਂ ਦੀਆਂ ਤਿਆਰੀਆਂ 'ਚ ਲੱਗੇ ਹਨ। ਸ਼ਿੰਗਲਾ ਦੀ ਭਾਰਤ-ਅਮਰੀਕਾ ਵਿਚਕਾਰ ਕਾਰੋਬਾਰੀ ਗੱਲਬਾਤ 'ਚ ਅਹਿਮ ਭੂਮਿਕਾ ਹੈ।

ਸੋਮਵਾਰ ਨੂੰ ਪ੍ਰਧਾਨ ਮੰਤਰੀ ਮੋਦੀ ਦੀ ਕਤਰ, ਨਾਈਜਰ, ਇਟਲੀ, ਨਾਮੀਬੀਆ, ਮਾਲਦੀਵ ਤੇ ਯੂਨੀਸੈਫ ਦੇ ਐਗਜ਼ੀਕਿਊਟਿਵ ਡਾਇਰੈਕਟਰ ਨਾਲ ਛੇ ਦੁਵੱਲੀਆਂ ਬੈਠਕਾਂ ਹੋਈਆਂ। ਨਾਲ ਹੀ ਉਨ੍ਹਾਂ ਨੇ ਤਿੰਨ ਅਹਿਮ ਬਹੁਰਾਸ਼ਟਰੀ ਬੈਠਕਾਂ ਨੂੰ ਵੀ ਸੰਬੋਧਨ ਕੀਤਾ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਮੋਦੀ ਨੇ ਜਰਮਨੀ ਦੀ ਚਾਂਸਲਰ ਏਂਜਲਾ ਮਰਕਲ, ਨਾਰਵੇ, ਆਈਸਲੈਂਡ, ਆਇਰਲੈਂਡ ਦੇ ਪ੍ਰਧਾਨ ਮੰਤਰੀਆਂ ਨਾਲ ਵੱਖ-ਵੱਖ ਛੋਟੀਆਂ ਮੁਲਾਕਾਤਾਂ ਕੀਤੀਆਂ। ਮੋਦੀ ਦੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਦੁਵੱਲੀ ਮੁਲਾਕਾਤ ਤੋਂ ਇਲਾਵਾ ਇੰਡੋ ਪੈਸਿਫਿਕ ਆਈਲੈਂਡ ਦੇਸ਼ਾਂ ਦੇ ਮੁਖੀਆਂ ਨਾਲ ਵੱਖ ਤੋਂ ਬੈਠਕ ਹੋਣੀ ਹੈ।



SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
MANDEEP SANDHU
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823
Sandeep Jony Bagga

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539



Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com




Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138




INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਸਤਿਗੁਰੂ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ ਸਤੰਬਰ 28, 2019 ਨੂੰ





ਗੁਰੂ ਪਿਆਰੀ ਸਾਧ ਸੰਗਤ ਜੀ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਬੜੇ ਸ਼ਰਧਾਲੂ ਪਰਿਵਾਰ ਸ. ਮਨਜੀਤ ਸਿੰਘ ਢਿੱਲੋਂ ਜੀ ਪਰਿਵਾਰ ਵੱਲੋਂ ਸਤਿਗੁਰੂ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ ਸਤੰਬਰ 28 ਦਿਨ ਸ਼ਨਿਚਰਵਾਰ ਨੂੰ ਬੜੀ ਧੂੰਮ-ਧਾਮ ਨਾਲ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਸ਼ਾਮ 6 ਵਜੇ ਤੋਂ ਲੈ ਕੇ ਰਾਤ 10 ਵਜੇ ਤੱਕ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਢਿੱਲੋਂ ਪਰਿਵਾਰ ਵੱਲੋਂ ਸਮੂਹ ਸਾਧ ਸੰਗਤ ਨੂੰ ਬੜੀ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਮਹਾਨ ਸਮਾਗਮ ਵਿਚ ਹਾਜ਼ਰੀ ਲਗਵਾ ਕੇ ਜੀਵਨ ਸਫਲਾ ਕਰੋ ਜੀ।

**SHRI GURU RAVIDASS TEMPLE**
**1480 HAYNE AVENUE, YUBA CITY, CA 95993**
**ਸੰਪਰਕ ਨੰਬਰ 530-674-2564**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਕੀਤੀ









**ਯੂਬਾ ਸਿਟੀ-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਗੁਰੂ ਘਰ ਦੇ ਬੜੇ ਸ਼ਰਧਾਲੂ ਪਰਿਵਾਰ ਸ. ਰਣਜੀਤ ਸਿੰਘ, ਬੀਬੀ ਜਸਵਿੰਦਰ ਕੌਰ, ਸ. ਸੁਖਵੀਰ ਸਿੰਘ ਜੀ ਵੱਲੋਂ ਗੁਰੂ ਘਰ ਵਿਖੇ ਗੁਰੂ ਮਹਾਰਾਜ ਜੀ ਦਾ ਸ਼ੁਕਰਾਨਾ ਕਰਦੇ ਹੋਏ 22 ਸਤੰਬਰ ਦਿਨ ਐਤਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਕੀਤੀ ਗਈ, ਜਿਸ ਵਿਚ 22 ਸਤੰਬਰ ਦਿਨ ਐਤਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਗੁਰਦਿਆਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਕ੍ਰਿਸ਼ਨ ਸਿੰਘ ਜੀ ਨੇ ਗੁਰਬਾਣੀ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸੈਕਟਰੀ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਹੈਡ ਕੈਸ਼ੀਅਰ ਗੁਰੂ ਘਰ ਨੇ ਨਿਭਾਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ. ਰਣਜੀਤ ਸਿੰਘ ਜੀ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।


TANDOOR
Indian Restaurant
27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET LUNCH 11:00 AM To 3:00 PM



ਸੁਰਿੰਦਰ 'ਕੋਕਾ' ਧਲੇਤਾ

Ph. 510-885-1212, Fax. 510-885-1532


We are open seven days 11 AM to 10 PM

## ਅਮਰੀਕੀ ਰਾਸ਼ਟਰਪਤੀ ਉਮੀਦਵਾਰ ਲਈ ਨਾਮਜ਼ਦਗੀ ਚੋਣ

# ਜਿਆਦਾਤਰ ਭਾਰਤੀ ਮੂਲ ਦੇ ਅਮਰੀਕੀ ਡੈਮੋਕਰੈਟਿਕ ਉਮੀਦਵਾਰ ਵਜੋਂ ਜੋਇ ਬਿਡੇਨ ਦੇ ਹੱਕ 'ਚ, ਕਮਲਾ ਹੈਰਿਸ ਪਛੜੀ

**ਕੋਸਟਾ ਮੈਸਾ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** 2020 ਵਿਚ ਹੋ ਰਹੀ ਰਾਸ਼ਟਰਪਤੀ ਚੋਣ ਲਈ ਹਾਲਾਂ ਕਿ ਭਾਰਤੀ ਮੂਲ ਦੇ ਜਿਆਦਾਤਰ ਅਮਰੀਕੀ ਡੈਮੋਕਰੈਟਿਕ ਉਮੀਦਵਾਰ ਵਜੋਂ ਜੋਇ ਬਿਡੇਨ ਦੇ ਹੱਕ ਵਿਚ ਨਜਰ ਆ ਰਹੇ ਹਨ ਪਰ ਫਿਰ ਵੀ ਨਾਮਜ਼ਦਗੀ ਚੋਣ ਵਿਚ ਤਿਕੋਨਾ ਮੁਕਾਬਲਾ ਹੋਣ ਦੀ ਸੰਭਾਵਨਾ ਹੈ। ਸਾਬਕਾ ਉੱਪ ਰਾਸ਼ਟਰਪਤੀ ਬਿਡੇਨ ਤੋਂ ਇਲਾਵਾ ਦੂਸਰੇ ਦੋ ਉਮੀਦਵਾਰਾਂ ਵਿਚ ਸੈਨੇਟਰ ਅਲਿਜ਼ਾਬੈਥ ਵਾਰਨ ਤੇ ਸੈਨੇਟਰ ਬਰਨੀ ਸੈਂਡਰਜ਼ ਸ਼ਾਮਿਲ ਹਨ। ਭਾਰਤੀ ਮੂਲ ਦੇ ਅਮਰੀਕੀਆਂ ਵਿਚ ਕਮਲਾ ਹੈਰਿਸ ਪ੍ਰਤੀ ਕੋਈ ਜਿਆਦਾ ਖਿਚ ਵਿਖਾਈ ਨਹੀਂ ਦੇ ਰਹੀ। 31 ਅਗਸਤ ਤੋਂ 4 ਸਤੰਬਰ ਕੀਤੇ ਗਏ ਆਨ ਲਾਈਨ ਸਰਵੇਖਣ ਵਿਚ ਚੀਨੀ ਮੂਲ ਦੇ ਜਿਆਦਾਤਰ ਅਮਰੀਕੀ ਅਜੇ ਜਕੋਤਕੀ ਵਿਚ ਹਨ ਜਦ ਕਿ ਫਿਲਪੀਨੋ ਵੋਟਰਾਂ ਦਾ ਝੁਕਾਅ ਬਿਡੇਨ ਤੇ ਸੈਂਡਰਜ ਵੱਲ ਹੈ। ਐਪਲ ਡੈਮੋਕਰੈਟਿਕ ਪ੍ਰੈਜੀਡੈਂਸ਼ੀਅਲਫ ਫੋਰਮ ਦੇ ਸੁਪਰ ਪੈਸੀਫਿਕ ਐਪਲ ਵਿਕਟਰੀ ਫੰਡ ਵੱਲੋਂ ਸੇਗਰਸਟਾਰਮ ਸੈਂਟਰ ਫਾਰ ਆਰਟਸ ਵਿਖੇ ਏਸ਼ੀਅਨ ਅਮਰੀਕਨ ਤੇ ਪੈਸੇਫਿਕ ਦੀਪ ਸਮੂੰਹ ਦੇ ਵੋਟਰਾਂ ਸਬੰਧੀ ਇਹ ਸਰਵੇਖਣ ਬੀਤੇ ਦਿਨ ਜਾਰੀ ਕੀਤਾ ਗਿਆ। ਜਦੋਂ ਵੋਟਰਾਂ ਨੂੰ ਪੁੱਛਿਆ ਗਿਆ ਕਿ ਡੈਮੋਕਰੈਟਿਕ ਉਮੀਦਵਾਰ ਵਜੋਂ ਉਹ ਕਿਸ ਦੇ ਹਕ ਵਿਚ ਹਨ ਤਾਂ ਚੀਨੀ ਮੂਲ ਦੇ ਜਿਆਦਾਤਰ





ਅਮਰੀਕੀ ਜਕੋਤਕੀ ਦੇ ਬਾਵਜੂਦ ਐਂਡਰੀਊ ਯਾਂਗ ਦੇ ਹੱਕ ਵਿਚ ਵਿਖਾਈ ਦਿੱਤੇ ਜਦ ਕਿ ਭਾਰਤੀ ਮੂਲ ਦੇ ਵੋਟਰਾਂ ਵਿਚ ਦੋ ਹਿੰਦੂ ਉਮੀਦਵਾਰਾਂ ਸੈਨੇਟਰ ਕਮਲਾ ਹੈਰਿਸ ਤੇ ਤੁਲਸੀ ਗਬਰਡ ਪ੍ਰਤੀ ਕੋਈ ਖਾਸ ਝੁਕਾਅ ਵੇਖਣ ਨੂੰ ਨਹੀਂ ਮਿਲਿਆ ਤੇ ਸਰਵੇ ਵਿਚ ਇਹ ਦੋਨੋਂ ਪੇਟ ਬੁਟੀਗੀਗ ਤੇ ਐਂਡਰੀਊ ਯਾਂਗ ਜੋ ਚੌਥੇ ਤੇ ਪੰਜਵੇਂ ਸਥਾਨ 'ਤੇ ਰਹੇ ਹਨ ਤੋਂ ਵੀ ਪੱਛੜ ਗਏ ਹਨ। ਰਜਿਸਟਰਡ ਵੋਟਰ ਜੋ ਵੱਖ ਵੱਖ ਉਮਰ ਵਰਗ ਵਿਚ ਵੰਡੇ ਹੋਏ ਹਨ, ਦਾ ਕਹਿਣਾ ਹੈ ਕਿ ਜੇਕਰ ਡੋਨਾਲਡ ਟਰੰਪ ਮੁੜ ਚੁਣੇ ਜਾਂਦੇ ਹਨ ਤਾਂ ਇਹ ਉਨਾਂ ਲਈ ਬਹੁਤ ਨਿਰਾਸ਼ਾਜਨਕ ਗੱਲ ਹੋਵੇਗੀ। 80% ਜਿਨਾਂ ਵਿਚੋਂ ਜਿਆਦਾਤਰ ਦਾ ਸਬੰਧ ਡੈਮੋਕਰੈਟਸ ਨਾਲ ਹੈ, ਨੇ ਸਪਸ਼ਟ ਸੰਕੇਤ ਦਿੱਤਾ ਕਿ ਉਹ ਟਰੰਪ ਦਾ ਵਿਰੋਧ ਕਰਦੇ ਹਨ। 88% ਲੋਕਾਂ ਲਈ ਨਫ਼ਰਤੀ ਅਪਰਾਧ ਅਹਿਮ ਮੁੱਦਾ ਹੈ ਤੇ ਉਹ ਇਸ ਮੁੱਦੇ ਉਪਰ ਟਰੰਪ ਦੀ ਪਹੁੰਚ ਨੂੰ ਰੱਦ ਕਰਦੇ ਹਨ। 80% ਦਾ ਕਹਿਣਾ ਹੈ ਕਿ ਇਸ ਕਾਰਨ ਉਨਾਂ ਵੱਲੋਂ ਟਰੰਪ ਦੇ ਹੱਕ ਵਿਚ ਵੋਟ ਪਾਉਣ ਦੀ ਬਹੁਤ ਘਟ ਸੰਭਾਵਨਾ ਹੈ। ਚੇਂਜ ਰਿਸਰਚ ਦੇ ਸਰਵੇ ਅਨੁਸਾਰ ਜਿਆਦਾਤਰ ਔਰਤਾਂ ਤੇ ਪੜੇ ਲਿਖੇ ਵੋਟਰ ਇਸ ਮੁੱਦੇ ਉਪਰ ਟਰੰਪ ਦੇ ਰਵਈਏ ਕਾਰਨ ਗੁੱਸੇ ਵਿਚ ਹਨ। ਡੈਮੋਕਰੈਟਿਕ ਵੋਟਰਾਂ ਦੀ ਵੱਡੀ ਗਿਣਤੀ ਲਈ ਸਿਹਤ ਸੰਭਾਲ ਤੇ ਵਾਤਾਵਰਣ ਤਬਦੀਲੀ ਦੋ ਅਹਿਮ ਮੁੱਦੇ ਹਨ ਜੋ ਉਨਾਂ ਲਈ ਚਿੰਤਾ ਦਾ ਵਿਸ਼ਾ ਹਨ।

# ਵਾਸ਼ਿੰਗਟਨ ਡੀ ਸੀ, ਅਮਰੀਕਾ ਵਿਚ ਅੰਨੇਵਾਹ ਗੋਲੀਬਾਰੀ 'ਚ ਇੱਕ ਮਰਿਆ ਪੰਜ ਜਖਮੀ

**ਵਾਸ਼ਿੰਗਟਨ ਡੀ ਸੀ, ( ਹੁਸਨ ਲੜੋਆ ਬੰਗਾ)–** ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ ਸੀ ਵਿੱਚ ਅੱਜ ਅਣ–ਪਛਾਤੇ ਵਿਆਕਤੀ ਵਲੋਂ ਅੰਨ੍ਹੇਵਾਹ ਚਲਾਈ ਗੋਲੀ ਚ ਇੱਕ ਦੀ ਮੌਤ ਹੋ ਗਈ ਤੇ ਪੰਜ ਹੋਰ ਜਖਮੀ ਹੋ ਗਏ। ਇਹ ਘਟਨਾ ਨੌਰਥ ਵੈਸਟ ਇਲਾਕੇ ਤੇ ਕੋਲੰਬੀਆ ਰੋਡ, ਟਾਰਗਿਟ ਸਟੋਰ ਦੇ ਲਾਗੇ ਘਟੀ।

ਡੀ ਸੀ ਪੁਲਿਸ ਨੇ ਦੱਸਿਆ ਕਿ ਪੁਲਿਸ ਨੂੰ ਸ਼ਾਮ 10 ਵਜੇ ਗੋਲੀਆਂ ਮਾਰੀਆਂ ਜਾਣ ਦੀ ਸੂਚਨਾ ਮਿਲੀ, ਅਤੇ ਉਨ੍ਹਾਂ ਨੂੰ ਛੇ ਲੋਕ ਜਖਮੀ ਹਾਲਤ ਚ ਮਿਲੇ ਜਿਨ੍ਹਾਂ ਨੂੰ ਇੱਕ ਅਪਾਰਟਮੈਂਟ ਕੰਪਲੈਕਸ ਦੇ ਵਿਹੜੇ ਵਿੱਚ ਗੋਲੀ ਮਾਰ ਦਿੱਤੀ ਗਈ ਸੀ। ਪੁਲਿਸ ਨੇ ਦੱਸਿਆ ਕਿ ਪੰਜ ਜ਼ਖਮੀ ਲੋਕਾਂ ਨੂੰ ਵੱਖ ਵੱਖ ਸਥਿਤੀਆਂ ਵਿੱਚ ਹਸਪਤਾਲ ਲਿਜਾਇਆ ਗਿਆ, ਜਿਨ੍ਹਾਂ ਵਿੱਚ ਇੱਕ ਦੀ ਹਾਲਤ ਗੰਭੀਰ ਹੈ।ਪੁਲਿਸ ਗੁਆਂਢ ਦੇ ਲੋਕਾਂ



ਦਾ ਇੰਟਰਵੀਓ ਲੈ ਰਹੀ ਹੈ ਅਤੇ ਨਿਗਰਾਨੀ ਰੱਖਣ ਵਾਲੇ ਵੀਡੀਓ ਦੀ ਭਾਲ ਕਰ ਰਹੀ ਹੈ ਜਿਸ ਚ ਉਹ ਇਕ ਨਿਸ਼ਾਨ ਸੇਡਾਨ ਕਾਰ ਜਿਸ ਚ ਦੋ ਪੁਰਸ਼ ਸਵਾਰ ਸਨ ਤੇ ਜੋ ਹਲਕੇ ਰੰਗ ਦੀ ਸੀ ਦੀ ਭਾਲ ਕਰ ਰਹੀ ਹੈ ਜਿਸ ਚ ਉਹ ਅਸਾਲਟ ਰਾਈਫਲਾਂ ਨਾਲ ਦਿਖਾਈ ਦੇ ਰਹੇ ਹਨ। ਆਸਪਾਸ ਦੇ ਇਲਾਕੇ ਨੂੰ ਆਵਾਜਾਈ ਤੇ ਪੈਦਲ ਚੱਲਣ ਵਾਲਿਆਂ ਲਈ ਵੀ ਬੰਦ ਕਰ ਦਿੱਤਾ ਗਿਆ । ਪੁਲਿਸ ਨੇ ਦੱਸਿਆ ਕਿ ਪਹਿਲੀ ਘਟਨਾਂ ਤੋਂ ਬਾਅਦ ਲਗਭਗ ਇੱਕ ਘੰਟੇ ਬਾਅਦ, ਰ੍ਹੋਡ ਆਈਲੈਂਡ ਐਵੀਨਿਊ ਦੇ 1400 ਬਲਾਕ ਵਿੱਚ ਤਿੰਨ ਵਿਅਕਤੀਆਂ ਨੂੰ ਗੋਲੀ ਮਾਰ ਦਿੱਤੀ ਗਈ। ਖੂਫੀਆ ਏਜੰਸੀਆਂ ਤੇ ਸਥਾਨਕ ਲਾਅ ਇੰਫੋਰਟਸਮੈਂਟ ਲਗਾਤਾਰ ਘਟਨਾਂ ਦੇ ਇਰਦ ਗਿਰਦ ਕੰਮ ਕਰ ਰਹੀ ਹੈ। ਨਿਰਸੰਦੇਹ ਅਮਰੀਕਨ ਲੋਕ ਲਗਾਤਾਰ ਹੋ ਰਹੀਆਂ ਅਜਿਹੀਆਂ ਘਟਨਾਂਵਾਂ ਤੋਂ ਬਹੁਤ ਦੁਖੀ ਹਨ।

## ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਵੱਲੋਂ ਅਗਲੇ ਸਾਲ 2 ਅਤੇ 3 ਮਈ ਨੂੰ ਹੋਵੇਗਾ ਅੰਤਰ-ਰਾਸ਼ਟਰੀ ਟੂਰਨਾਮੈਂਟ



**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ /ਨੀਟਾ ਮਾਛੀਕੇ):** ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਅਤੇ ਕਰਮਨ ਦੇ ਮੈਂਬਰਾਂ ਦੀ ਇਕ ਵਿਸ਼ੇਸ਼ ਮੀਟਿੰਗ ਸਨਵਾਕੀਨ ਦੇ ਗੁਰਦੁਆਰਾ ਸਾਹਿਬ ਵਿਖੇ ਹੋਈ। ਜਿਸ ਦੌਰਾਨ ਬੀਤੇ ਦਿਨੀ ਕਰਵਾਏ ਗਏ ਬਾਸਕਟਬਾਲ ਟੂਰਨਾਮੈਂਟ ਦੀ ਸਫਲਤਾ ਲਈ ਸਮੂੰਹ ਸਹਿਯੋਗੀਆਂ ਦਾ ਧੰਨਵਾਦ ਕੀਤਾ।

ਇਸ ਤੋਂ ਇਲਾਵਾ ਅਗਲੇ ਸਾਲ ਦੇ ਸਲਾਨਾ ਟੂਰਨਾਮੈਂਟ ਦੀ ਮਿਤੀ ਐਲਾਨ ਕਰਦੇ ਹੋਏ ਦੱਸਿਆ ਗਿਆ ਕਿ 2 ਅਤੇ 3 ਮਈ, 2020 ਨੂੰ ਹੋਵੇਗਾ। ਜਿਸ ਵਿੱਚ ਪ੍ਰਮੁੱਖ ਤੋਰ 'ਤੇ ਅਮਰੀਕਾ ਦੇ ਜੰਮਪਲ ਬੱਚਿਆ ਨੂੰ ਖੇਡਾ ਨਾਲ ਜੋੜਨ ਲਈ ਉਤਸਾਹਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਅੰਤਰ–ਰਾਸ਼ਟਰੀ ਪੱਧਰ ਦੀ ਕਬੱਡੀ, ਵਾਲੀਬਾਲ, ਬਾਸਕਟਬਾਲ, ਸਾਕਰ, ਰੇਸ਼ਾ ਦੇ ਮੁਕਾਬਲੇ ਕਰਵਾਏ ਜਾਣਗੇ। ਜੋ ਸਨਵਾਕੀਨ ਸਕੂਲ ਦੀਆ ਗਰਾਉਡਾ ਅਤੇ ਜਿੰਮ ਵਿੱਚ ਹੋਣਗੇ। ਹਾਜ਼ਰੀਨ ਲਈ ਫਰੀ ਲੰਗਰ ਲਾਏ ਜਾਣਗੇ। ਹਮੇਸਾ ਦੀ ਤਰ੍ਹਾਂ ਪਹਿਲੇ ਦਿਨ ਪਰਿਵਾਰਕ ਪਿਕਨਿਕ ਹੋਵੇਗੀ। ਜਿਸ ਵਿੱਚ ਵਿਰਾਸਤੀ ਖੇਡਾਂ ਹੋਣਗੀਆ। ਦੋਨੋ ਦਿਨ ਨਾਮਵਰ ਸਥਾਨਕ ਗਾਇਕ ਕਲਾਕਾਰ ਰੰਗਾ–ਰੰਗ ਸੱਭਿਆਚਾਰਿਕ ਪ੍ਰੋਗਰਾਮ ਪੇਸ਼ ਕਰਨਗੇ। ਜੇਤੂ ਟੀਮਾਂ ਅਤੇ ਹਿੱਸਾ ਲੈਣ ਵਾਲ਼ਿਆਂ ਨੂੰ ਦਿਲਕਸ਼ ਇਨਾਮ ਅਤੇ ਸਨਮਾਨ ਦਿੱਤੇ ਜਾਣਗੇ।

## ਸਿਆਟਲ ਦੇ ਗੁਰਦੁਆਰਾ ਸਿੰਘ ਸਭਾ ਰੈਂਟਲ ਵਿਖੇ ਸ੍ਰੀ ਕੰਗਣੀਵਾਲ ਦਾ ਪ੍ਰਭਾਵਸ਼ਾਲੀ ਲੈਕਚਰ

**ਸਿਆਟਲ (ਬਿਊਰੋ)–** ਅਮਰੀਦਾ ਦੇ ਸ਼ਹਿਰ ਸਿਆਟਲ ਦੇ ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ ਸੰਗਤ ਦੇ ਬਹੁਤ ਭਾਰੀ ਇਕੱਠ ਵਿਚ ਸਭ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਸਕੱਤਰ ਵੱਲੋਂ ਸ੍ਰੀ ਚਰੰਜੀ ਲਾਲ ਕੰਗਣੀਵਾਲ ਨੂੰ ਸਟੇਜ ਉਤੇ ਆਉਣ ਦੀ ਬੇਨਤੀ ਕੀਤੀ ਗਈ ਅਤੇ ਸ੍ਰੀ ਵਾਸਦੇਵ ਸਿੰਘ ਪ੍ਰਹਾਰ ਹੋਰਾਂ ਨੂੰ ਕਿਹਾ ਗਿਆ ਕਿ ਉਹ ਜੁੜੀ ਸੰਗਤ ਨਾਲ ਸ੍ਰੀ ਚਰੰਜੀ ਲਾਲ ਕੰਗਣੀਵਾਲ ਦੀ ਜਾਣ–ਪਛਾਣ ਕਰਾਉਣ। ਸ. ਪ੍ਰਹਾਰ ਹੋਰਾਂ ਨੇ ਸ੍ਰੀ ਚਰੰਜੀ ਲਾਲ ਕੰਗਣੀਵਾਲ ਬਾਰੇ ਦੱਸਿਆ ਕਿ ਜਿਸ ਮਿਹਨਤ ਤੇ ਲਗਨ ਨਾਲ ਉਹਨਾਂ ਗਦਰ ਪਾਰਟੀ ਤੇ ਬੱਬਰ



ਅਕਾਲੀ ਲਹਿਰ ਹੀ ਨਹੀਂ ਬਲਕਿ ਹੋਰ ਵੀ ਇਨਕਲਾਬੀ ਲਹਿਰਾਂ ਦਾ ਇਤਿਹਾਸ ਜਿਸ ਤਰੀਕੇ ਨਾਲ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਸੰਭਾਲਿਆ ਹੋਇਆ ਹੈ, ਉਹ ਬਹੁਤ ਕਾਬਲੇ–ਤਾਰੀਫ ਹੈ। ਸ੍ਰੀ ਚਰੰਜੀ ਲਾਲ ਕੰਗਣੀਵਾਲ ਵੱਲੋਂ ਬੱਬਰ ਅਕਾਲੀ ਲਹਿਰ ਬਾਰੇ ਬਹੁਤ ਪ੍ਰਭਾਵਸ਼ਾਲੀ ਲੈਕਚਰ ਦਿੱਤਾ ਗਿਆ, ਜਿਹੜਾ ਕਿ ਸਰੋਤਿਆਂ ਨੇ ਬੜੀ ਦਿਲਚਸਪੀ ਨਾਲ ਸੁਣਿਆ। ਸ੍ਰੀ ਕੰਗਣੀਵਾਲ ਆਜ਼ਾਦੀ ਸੰਗਰਾਮ ਬਾਰੇ ਹੋਰ ਬਹੁਤ ਕੁਝ ਦੱਸਣਾ ਚਾਹੁੰਦੇ ਸਨ ਪਰ ਐਤਵਾਰ ਦੇ ਇਕੱਠ ਵਿਚ ਉਹਨਾਂ ਨੂੰ ਅੱਧਾ ਘੰਟਾ ਸਮਾਂ ਦਿੱਤਾ ਗਿਆ, ਜਿਸ ਦੀ ਯੋਗ ਵਰਤੋਂ ਕਰਕੇ ਉਹਨਾਂ ਆਪਣੇ ਪ੍ਰਸੰਗ ਨੂੰ ਖੋਲ੍ਹ ਕੇ ਪੇਸ਼ ਕੀਤਾ। ਆਪਣੇ ਲੈਕਚਰ ਨੂੰ ਸਮੇਟਦਿਆਂ ਉਹਨਾਂ ਜਲ੍ਹਿਆਂਵਾਲੇ ਬਾਗ ਦੀ ਸ਼ਤਾਬਦੀ ਬਾਰੇ ਵੀ ਜਾਣਕਾਰੀ ਪੇਸ਼ ਕੀਤੀ।


BERKSHIRE HATHAWAY
Home Services
BH HS BERKSHIRE HATHAWAY HOMESERVICES



Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ
ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
MLS
7412 Elsie Ave., Sacramento, CA 95828


## ਉਘੇ ਬੁਲਾਰੇ ਬਲਦੇਵ ਸਿੰਘ ਮੁੱਟਾ ਇੱਕ ਵਾਰ ਫੇਰ 2 ਅਕਤੂਬਰ ਨੂੰ ਗੁਰਦਵਾਰਾ ਸਿੰਘ ਸਭਾ ਫਰਿਜਨੋ ਵਿਖੇ ਰੂਬਰੂ ਹੋਣਗੇ

**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ –** ਮਨੁੱਖ ਜਾਤੀ ਤੇ ਬਾਕੀ ਪ੍ਰਜਾਤੀਆਂ ਵਿੱਚ ਮੁੱਖ ਫਰਕ ਇਹੀ ਹੈ ਕਿ ਮਨੁੱਖ ਜਾਤੀ ਦਾ ਦੀਮਾਗ ਸੋਚਣ ਸਮਝਣ ਦੀ ਸਮਰੱਥਾ ਰੱਖਦਾ ਹੈ। ਮਨੁੱਖ ਦੀਮਾਗੀ ਤਾਕਤ ਨਾਲ ਔਖੇ ਤੋਂ ਔਖੇ ਮਿਸ਼ਨ ਨੂੰ ਸਰ ਕਰਨ ਵਿੱਚ ਮੁਹਾਰਤ ਰੱਖਦਾ ਹੈ। ਸ਼ਾਇਦ ਇਸੇ ਕਰਕੇ ਮਨੁੱਖ ਕਈ ਵਾਰੀ ਆਮ ਸੋਚ ਤੋਂ ਪਰੇ ਦੀ ਉਡਾਰੀ ਵੀ ਲਾ ਜਾਂਦਾ ਹੈ, ਸ਼ਾਇਦ ਇਸੇ ਦੀਮਾਗੀ ਤਾਕਤ ਕਰਕੇ ਅਸੀਂ ਡੈਮ ਬਣਾ ਸਕੇ ਹਾਂ, ਚੰਦ ਤੇ ਜਾ ਸਕੇ ਹਾਂ ਸ਼ਾਇਦ ਇਹੀ ਪਾਵਰ ਜਦੋਂ ਗਲਤ ਰਸਤੇ ਤੇ ਇਸਤੇਮਾਲ ਹੁੰਦੀ ਹੈ ਤਾਂ ਇਨਸਾਨ ਆਤਮਹੱਤਿਆ ਵਰਗੇ ਘਾਤਕ ਕਦਮ ਵੀ ਚੁੱਕਦਾ ਹੈ। ਸਾਰੇ ਇਨਸਾਨਾਂ ਦੇ ਦੀਮਾਗ ਲੱਗਭੱਗ ਇੱਕੋ ਜਿਹੇ ਹੀ ਹੁੰਦੇ ਨੇ, 'ਲੇਕਿਨ ਨਿਰਭਰ ਇਸ ਗੱਲ ਤੇ ਕਰਦਾ ਕਿ ਉਹ ਦਿਮਾਗੀ ਪਾਵਰ ਲਾਉਂਦਾ ਕਿਸ ਪਾਸੇ ਹੈ । ਕੀ ਉਹ ਇੱਲ ਚਾਪੋ ਵਾਂਗ ਡਰੱਗ ਡੌਨ ਬਣਨ ਵੱਲ ਪੁੱਠੇ ਪਾਸੇ ਉਸਦਾ ਇਸਤੇਮਾਲ ਕਰਦਾ ਹੈ ਜਾਂ ਬਿੱਲ ਗੇਟਸ, ਓਸ਼ੋ ਜਾ ਸੁਰਜੀਤ ਪਾਤਰ ਵਾਂਗ ਇਸ ਨੂੰ ਉਸਾਰੂ ਕਾਰਜਾਂ ਲਈ ਵਰਤਦਾ ਹੈ। ਇਹੋ ਜਿਹੀ ਸਥਿਤੀ ਵਿੱਚ ਜਾਣ ਲਈ ਸਾਨੂੰ ਸਾਡੇ ਮਨ ਅੰਦਰ ਚੱਲ ਰਹੀਆਂ ਸੋਚਾਂ ਨੂੰ ਕੰਟਰੋਲ ਕਰਨ ਲਈ ਸਾਡੇ ਬੇਹੋਸ਼ ਹੋਏ ਮਨ ਨੂੰ ਜਗਾਉਣਾ ਪਵੇਗਾ। ਉੱਘੇ ਬੁਲਾਰੇ ਸ. ਬਲਦੇਵ ਸਿੰਘ ਮੁੱਟਾ ਜਿਹੜੇ ਇਹਨਾਂ ਵਿਸ਼ਿਆਂ ਤੇ ਕਰੜੀ ਪਕੜ ਰੱਖਦੇ ਨੇ, ਉਹ ਇਹਨਾਂ ਵਿਸ਼ਿਆਂ ਤੇ ਚਾਨਣਾ ਪਾਉਣ ਲਈ ਮਿਤੀ 2 ਅਕਤੂਬਰ ਦਿਨ ਬੁੱਧਵਾਰ ਨੂੰ ਸ਼ਾਮੀਂ 5.30 ਵਜੇ ਗੁਰਦਵਾਰਾ ਸਿੰਘ ਸਭਾ ਫਰਿਜ਼ਨੋ ਵਿਖੇ ਪਹੁੰਚ ਰਹੇ ਹਨ। ਇਸ ਸੈਮੀਨਰ ਦੌਰਾਨ ਉਹ ਕਿਵੇਂ ਭਾਵਨਾ, ਸੋਚ ਅਤੇ ਜਾਗ੍ਰਿਤੀ ਸਾਨੂੰ ਇੱਕ ਨਵੀ ਸਵੇਰ ਵੱਲ ਲਿਜਾ ਸਕਦੀ ਹੈ, 'ਤੇ ਵਿਚਾਰ ਸਾਂਝੇ ਕਰਨਗੇ। ਸਭਨਾਂ ਨੂੰ ਇਸ ਇੱਕ ਰੋਜ਼ਾ ਸੈਮੀਨਰ ਵਿੱਚ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ। ਪ੍ਰੋਗਰਾਮ ਦਾ ਸਮਾਂ ਸ਼ਾਮੀਂ 5.30 ਤੋਂ ਸ਼ਾਮੀਂ 7.30 ਵਜੇ ਦਰਮਿਆਨ ਰਹੇਗਾ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਵਧੇਰੇ ਜਾਣਕਾਰੀ ਲਈ ਸੰਪਰਕ ਨੰਬਰ– ਗੁਰਪ੍ਰੀਤ ਸਿੰਘ ਮਾਨ (559) 779-2286, ਡਾ. ਪਰਮਿੰਦਰ ਸਿੱਧੂ (216) 255-9555 ਜਾਂ ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ' (559) 333-5776



# ਸਿੱਖ ਵਫਦ ਵੱਲੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਵਿਸ਼ੇਸ਼ ਸਹਾਇਕ ਨਾਲ ਮੁਲਾਕਾਤ

## ਕਰਤਾਰਪੁਰ ਕਾਰੀਡੋਰ ਲਈ ਪਾਕਿਸਤਾਨ ਦਾ ਕੀਤਾ ਧੰਨਵਾਦ, ਕਸ਼ਮੀਰੀਆਂ ਨਾਲ ਇਕਮੁੱਠਤਾ ਦਾ ਪ੍ਰਗਟਾਵਾ

**ਨਿਊਯਾਰਕ (ਹੁਸਨ ਲੜੋਆ ਬੰਗਾ)**– ਯੂਨਾਇਟੇਡ ਨੇਸ਼ਨਜ਼ ਜਨਰਲ ਅਸੈਂਬਲੀ ਦੇ ਸਲਾਨਾ ਇਜਲਾਸ ਲਈ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਅਮਰੀਕਾ ਆਉਣਾ ਹੈ ਅਤੇ ਉਹਨਾਂ ਦੀ ਅਮਰੀਕਾ ਫੇਰੀ ਸਫਲ ਬਣਾਉਣ ਦੇ ਮਕਸਦ ਨਾਲ ਉਹਨਾਂ ਦੇ ਵਿਸ਼ੇਸ਼ ਸਹਾਇਕ ਅਤੇ ਕੈਬਿਨੇਟ ਮੰਤਰੀ ਜ਼ੁਲਫੀ ਬੁਖਾਰੀ ਅਮਰੀਕਾ ਦੇ ਦੌਰੇ ਤੇ ਹਨ ਅਤੇ ਸਥਾਨਕ ਅਲੀ ਬਾਬਾ ਰੈਸਤੋਰਾਂ ਵਿਖੇ ਓਵਰਸੀਜ਼ ਪਾਕਿਸਤਾਨੀਜ਼ ਗਲੋਬਲ ਫਾਊਂਡੇਸ਼ਨ ਵੱਲੋਂ ਉਹਨਾਂ ਨਾਲ ਇੱਕ ਮਿਲਣੀ ਦਾ ਪ੍ਰਬੰਧ ਕੀਤਾ ਗਿਆ ਜਿੱਥੇ ਈਸਟ ਕੋਸਟ ਅਮਰੀਕਾ ਦੀਆਂ ਸਿੱਖ ਜਥੇਬੰਦੀਆਂ ਅਤੇ ਗੁਰਦੁਆਰਾ ਕਮੇਟੀਆਂ ਦੇ ਨੁਮਾਇੰਦਿਆਂ ਦਾ ਇੱਕ ਵਫਦ ਜ਼ੁਲਫੀ ਬੁਖਾਰੀ ਨੂੰ ਮਿਲਿਆ ਅਤੇ ਕਰਤਾਰਪੁਰ ਲਾਂਘਾ ਖੋਲਣ ਲਈ ਪਾਕਿਸਤਾਨ ਦਾ ਧੰਨਵਾਦ ਕੀਤਾ ਅਤੇ ਪਾਕਿਸਤਾਨ ਨਾਲ ਸਿੱਖਾਂ ਦੀ ਇਤਿਹਾਸਿਕ ਸਾਂਝ ਨੂੰ ਹੋਰ ਡੂੰਘਾ ਅਤੇ ਮਜ਼ਬੂਤ ਕਰਨ ਬਾਰੇ ਵਿਚਾਰਾਂ ਸਾਂਝੀਆਂ ਕੀਤੀਆਂ । ਸਿੱਖ ਜਥੇਬੰਦੀਆਂ ਵੱਲੋਂ ਇੱਕ ਮੰਗ ਪੱਤਰ ਉਹਨਾਂ ਨੂੰ ਸੌਂਪਿਆ ਗਿਆ ਜਿਸ ਵਿੱਚ ਕਸ਼ਮੀਰੀਆਂ ਤੇ ਹੋ ਰਹੇ ਜ਼ੁਲਮ ਦੀ ਨਿੰਦਾ ਕਰਦਿਆਂ ਉਹਨਾਂ ਦੀ ਆਜ਼ਾਦੀ ਦੀ ਲਹਿਰ ਨਾਲ ਇਕਮੁੱਠਤਾ ਪ੍ਰਗਟਾਈ ਗਈ। ਵਰਲਡ ਸਿੱਖ ਪਾਰਲੀਮੈਂਟ ਵੱਲੋਂ ਸੰਬੋਧਨ ਕਰਦਿਆਂ ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਸਾਡੀ ਪਾਕਿਸਤਾਨ ਨਾਲ ਇਤਿਹਾਸਕ ਸਾਂਝ ਹੈ ਜੋ ਭਾਰਤੀ ਹੁਕੂਮਤ ਨੂੰ ਹਜ਼ਮ ਨਹੀਂ ਹੁੰਦੀ ਜਿਸ ਕਰਕੇ ਉਹ ਕਰਤਾਰਪੁਰ ਲਾਂਘੇ ਨੂੰ ਤਾਰਪੀਡੋ ਕਰਨ ਲਈ ਹਰ ਸੰਭਵ ਯਤਨ ਕਰ ਰਹੇ ਹਨ ਪਰ ਸਿੱਖ ਕੌਮ ਪਾਕਿਸਤਾਨ ਵੱਲੋਂ ਕੀਤੇ ਜਾ ਰਹੇ ਯਤਨਾਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹੈ। ਜ਼ੁਲਫੀ ਬੁਖਾਰੀ ਨੇ ਆਪਣੇ ਸੰਬੋਧਨ ਵਿੱਚ ਜਿੱਥੇ ਪਾਕਿਸਤਾਨ ਦੇ ਅੰਦਰੂਨੀ ਮਾਮਲਿਆਂ ਬਾਰੇ ਵਿਚਾਰ ਸਾਂਝੇ ਕੀਤੇ ਉਥੇ ਕਰਤਾਰ-ਪੁਰ ਲਾਂਘੇ ਬਾਰੇ ਉਹਨਾਂ ਕਿਹਾ ਕਿ ਭਾਰਤ ਨਾਲ ਸਾਡੇ ਸਬੰਧ ਕਿੰਨੇ ਵੀ ਖਰਾਬ ਕਿਓਂ ਨਾ ਹੋਣ ਪਰ ਪਾਕਿਸਤਾਨ ਦੀ ਸਰਕਾਰ ਲਾਂਘਾ ਖੋਲਣ ਲਈ ਦ੍ਰਿੜ ਹੈ ਅਤੇ ਦੁਨੀਆ ਭਰ ਵਿੱਚ ਵਸਦੀ ਸਿੱਖ ਕੌਮ ਨੂੰ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਦਿਹਾੜੇ ਮੌਕੇ ਪਾਕਿਸਤਾਨ ਆਉਣ ਦਾ ਸੱਦਾ ਦਿੰਦੀ ਹੈ । ਉਹਨਾਂ ਕਿਹਾ ਕਿ ਨਨਕਾਣਾ ਸਾਹਿਬ ਅਤੇ ਕਰਤਾਰਪੁਰ ਸਾਹਿਬ ਦੀ ਸਿੱਖਾਂ ਲਈ ਓਹੀ ਅਹਿਮੀਅਤ ਹੈ ਜੋ ਮੁਸਲਮਾਨਾਂ ਲਈ ਮੱਕਾ ਅਤੇ ਮਦੀਨਾ ਦੀ ਹੈ । ਸਿੱਖ ਵਫਦ ਜਿਸ ਵਿੱਚ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਤੋਂ ਹਿੰਮਤ ਸਿੰਘ, ਵੋਇਸਿਜ਼ ਫ਼ਾਰ ਫਰੀਡਮ ਤੋਂ ਹਰਦਿਆਲ ਸਿੰਘ, ਅਮੇਰਿਕਨ ਸਿੱਖ ਫੋਰਮ ਤੋਂ ਡਾ.ਅਰਵਿੰਦਰ ਸਿੰਘ, ਦੋਆਬਾ ਸਿੱਖ ਐਸੋਸੀਏਸ਼ਨ ਤੋਂ ਸੁਖਜਿੰਦਰ ਸਿੰਘ, ਸਿਖਸ ਫ਼ਾਰ ਜਸਟਿਸ ਤੋਂ ਗੁਰਦਿਆਲ ਸਿੰਘ, ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਤੋਂ ਤਰਲੋਚਨਪਾਲ ਸਿੰਘ ਅਤੇ ਕਿਰਪਾਲ ਸਿੰਘ ਬਿਲਿੰਗ, ਸਿੱਖ ਯੂਥ ਆਫ ਅਮਰੀਕਾ ਤੋਂ ਡਾ.ਰਣਜੀਤ ਸਿੰਘ ਸ਼ਾਮਿਲ ਸਨ, ਨੇ ਇਮਰਾਨ ਖਾਨ ਦੀ ਅਮਰੀਕਾ ਫੇਰੀ ਦੌਰਾਨ ਉਹਨਾਂ ਨਾਲ ਇੱਕ ਮੁਲਾਕਾਤ ਲਈ ਵੀ ਸਮਾਂ ਮੰਗਿਆ ਤਾਂ ਜੋ ਕਰਤਾਰਪੁਰ ਲਾਂਘਾ ਖੋਲਣ ਲਈ ਉਹਨਾਂ ਦਾ ਧੰਨਵਾਦ ਕਰ ਸਕਣ।



# ਭਾਰਤੀ ਡਾਂਸ ਗਰੁੱਪ 'ਵੀ ਅਨਬੀਟੇਬਲ' ਪ੍ਰਸਿੱਧ ਸ਼ੋਅ 'ਅਮੈਰੀਕਾ'ਜ਼ ਗੌਟ ਟੇਲੈਂਟ' ਦੇ ਫਾਈਨਲ ਵਿਚ ਪੁੱਜਾ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਭਾਰਤੀ ਡਾਂਸ ਗਰੁੱਪ ' ਵੀ ਅਨਬੀਟੇਬਲ' ਅਮਰੀਕਾ ਦੇ ਪ੍ਰਸਿੱਧ ਸ਼ੋਅ 'ਅਮੈਰੀਕਾ'ਜ਼ ਗੌਟ ਟੇਲੈਂਟ' ਦੇ ਫਾਈਨਲ ਵਿਚ ਪੁੱਜਾ ਗਿਆ ਹੈ ਤੇ ਉਹ ਇਹ ਟਾਈਟਲ ਜਿੱਤਣ ਦਾ ਵੱਡਾ ਦਾਅਵੇਦਾਰ ਬਣ ਗਿਆ ਹੈ। ਸੈਮੀ ਫਾਈਨਲ ਵਿਚ ਸ਼ਾਨਦਾਰ ਪੇਸ਼ਕਾਰੀ ਸਦਕਾ ਭਾਰਤੀ ਡਾਂਸ ਗਰੁੱਪ ਦਾ ਜਾਦੂ ਅਮਰੀਕੀਆਂ ਦੇ ਸਿਰ ਚੜ ਬੋਲਿਆ ਤੇ ਉਨਾਂ ਨੇ ਭਾਰਤੀ ਗਰੁੱਪ ਦੇ ਹੱਕ ਵਿਚ ਵੋਟ ਪਾਈ। ਹਰੇ ਰੰਗ ਦੇ ਵਸਤਰ ਪਹਿਨੀ ਗਰੁੱਪ ਦੇ ਮੈਂਬਰਾਂ ਨੇ 'ਗੁੰਡੇ' ਫਿਲਮ ਦੇ 'ਜਸ਼ਨ-ਏ-ਇਸ਼ਕ' ਉਪਰ ਡਾਂਸ ਕੀਤਾ। ਕਲਾਬਾਜੀਆਂ ਪਾਉਂਦੇ, ਲੜਖੜਾਉਂਦੇ ਤੇ ਝੂਮਦੇ ਕਲਾਕਾਰਾਂ ਨੇ ਇਕ ਤਰਾਂ ਸਮਾਂ ਬੰਨ ਦਿੱਤਾ। ਜਿਸ ਨੇ ਵੀ ਉਨਾਂ ਦੀ ਕਲਾ ਨੂੰ ਵੇਖਿਆ ਉਹ ਉਨਾਂ ਦੀ ਪ੍ਰਸੰਸਾ ਕੀਤੇ ਬਿਨਾਂ ਨਾ ਰਹਿ ਸਕਿਆ। ਜੱਜਾਂ ਨੇ ਵੀ ਭਾਰਤੀ ਗਰੁੱਪ ਦੀ ਰਜਵੀਂ ਪ੍ਰਸੰਸਾ ਕੀਤੀ। ਜੱਜ ਸਿਮਨ ਕੌਵੈਲ ਨੇ ਸੈਮੀਫਾਈਨਲ ਦੇ ਨਤੀਜੇ ਦਾ ਐਲਾਨ ਕਰਦਿਆਂ ਕਿਹਾ ਕਿ ਜੱਜ ਉਨਾਂ ਨੂੰ ਪਿਆਰ ਕਰਦੇ ਹਨ ਤੇ ਸਰੋਤਿਆਂ ਨੇ ਵੀ ਤੁਹਾਡੇ ਹੱਕ ਵਿਚ ਫਤਵਾ ਦਿੱਤਾ ਹੈ। ਉਨਾਂ ਕਿਹਾ ਕਿ ਗਰੁੱਪ ਦਾ ਨਾਂ 'ਵੈਰੀ ਅਨਬੀਟੇਬਲ' ਬਹੁਤ ਢੁਕਵਾਂ ਨਾਂ ਹੈ। ਸਮੁੱਚੇ ਮੁਕਾਬਲੇ ਦੌਰਾਨ ਜੋ ਤੁਸੀ ਪੇਸ਼ਕਾਰੀ ਦਿੱਤੀ ਹੈ ਤੁਹਾਡਾ ਦੇਸ਼ ਉਸ ਉਪਰ ਮਾਣ ਕਰੇਗਾ। ਸਹਿ ਜੱਜ ਜੁਲੀਅਨ ਹੌਘ ਨੇ ਕਿਹਾ 'ਡਾਂਸ ਹਰ ਇਕ ਲਈ ਹੈ, ਮੈਂ ਤੁਹਾਡੇ ਕੋਲੋਂ ਸਿੱਖਣਾ ਚਹੁੰਦਾ ਹਾਂ, ਤੁਹਾਨੂੰ ਕੋਈ ਹਰਾ ਨਹੀਂ ਸਕਦਾ, ਤੁਸੀਂ ਮੁਕੰਮਲ ਰੂਪ 'ਚ 'ਅਨਬੀਟੇਬਲ' ਹੋ।'' ਮੁੰਬਈ ਦੇ ਇਸ ਗਰੁੱਪ ਦੀ ਕਲਾ ਨੇ ਸਭ ਨੂੰ ਪ੍ਰਭਾਵਿਤ ਕੀਤਾ। ਫਾਈਨਲ ਵਾਸਤੇ ਹੁਣ ਇਸ ਗਰੁੱਪ ਉਪਰ ਦਬਾਅ ਵਧ ਗਿਆ ਹੈ ਪਰ ਗਰੁੱਪ ਦੇ ਮੈਂਬਰ ਆਪਣੀ ਜਿੱਤੀ ਪ੍ਰਤੀ ਪੂਰੇ ਆਸਵੰਦ ਹਨ।



## ਗਲਾਸਗੋ ਦੇ ਖੁੱਲ੍ਹੇ ਦਰਵਾਜ਼ੇ ਤਿਉਹਾਰ ਦੌਰਾਨ ਗੁਰਦੁਆਰਿਆਂ 'ਚ ਲੱਗੀਆਂ ਰਹੀਆਂ ਰੌਣਕਾਂ

**ਲੰਡਨ/ਗਲਾਸਗੋ (ਮਨਦੀਪ ਖੁਰਮੀ)** ਸਕਾਟਲੈਂਡ ਦੇ ਸ਼ਹਿਰ ਗਲਾਸਗੋ 'ਚ 16 ਸਤੰਬਰ ਤੋਂ 22 ਸਤੰਬਰ ਤੱਕ ਦਾ ਹਫ਼ਤਾ ਪਿਛਲੇ 30 ਸਾਲਾਂ ਤੋਂ ਗਲਾਸਗੋ ਖੁੱਲ੍ਹੇ ਦਰਵਾਜ਼ੇ ਤਿਉਹਾਰ (ਗਲਾਸਗੋ ਡੋਰਜ ਓਪਨ ਡੇਅ ਫੈਸਟੀਵਲ) ਵਜੋਂ ਮਨਾਇਆ ਜਾ ਰਿਹਾ ਹੈ।

ਇਸ ਹਫਲਤੇ ਦੀ ਖਾਸੀਅਤ ਇਹ ਹੈ ਕਿ ਸ਼ਹਿਰ ਦੀਆਂ ਵਿਰਾਸਤੀ ਇਮਾਰਤਾਂ,



ਕਾਰੀਗਰੀ ਦਾ ਨਮੂਨਾ ਪੁਰਾਣੀਆਂ ਇਮਾਰਤਾਂ, ਪੁਰਾਣੇ ਚਰਚਾਂ, ਉਦਯੋਗਿਕ ਕਾਰਖਾਨੇ, ਥੀਏਟਰ, ਸ਼ਰਾਬ ਦੀਆਂ ਫੈਕਟਰੀਆਂ ਸਮੇਤ ਹੋਰ ਬਹੁਤ ਸਾਰੀਆਂ ਦਿਲ-ਖਿੱਚਵੇਂ ਅਸਥਾਨਾਂ ਦੇ ਦਰਵਾਜ਼ੇ ਆਮ ਲੋਕਾਂ ਲਈ ਖੁੱਲ੍ਹੇ ਰੱਖੇ ਜਾਂਦੇ ਹਨ ਤਾਂ ਜੋ ਉਹ ਸਕਾਟਲੈਂਡ ਦੇ ਅਮੀਰ ਵਿਰਸੇ ਤੇ ਵਿਰਾਸਤਾਂ ਨੂੰ ਬਾਰੀਕਬੀਨੀ ਨਾਲ ਜਾਣ ਸਕਣ। ਹਰ ਸਾਲ ਸਤੰਬਰ ਮਹੀਨੇ 200 ਤੋਂ ਵਧੇਰੇ ਇਮਾਰਤਾਂ, ਘੁੰਮਣ ਵਾਲੇ ਰਸਤੇ ਅਤੇ ਵੱਖ ਵੱਖ ਸੰਸਥਾਵਾਂ ਵੱਲੋਂ ਕੀਤੇ ਜਾਂਦੇ ਸਮਾਗਮ ਖਿੱਚ ਦਾ ਕੇਂਦਰ ਬਣੇ ਰਹਿੰਦੇ ਹਨ।


A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu



AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price

Free Estimates
Free Towing
510- 733- 2222
1421 Industrial PKWY West#F Hay-ward, CA 94544

Prop: Jasbir Singh Takhar
510-755-2132
Harmandeep Singh

ਦੇਸ਼ ਦੁਆਬਾ

# The Great Sahib Shri Kanshi Ram

*Ambedkartimes.com remembers to The Great Sahib Kanshi Ram who criticized the post-Ambedkar leadership of Dalits in India. For that he declared Poona Pact as the main reason. He said that "Poona Pact made Dalits helpless. By rejecting separate electorate, Dalits were deprived of their genuine representation in legislatures.*

Sahib Kanshi Ram was born on March 15, 1934, in Khawas Pur village of Ropar District of Punjab. He belonged to the Ramdassia community (Ad-Dharmi) of the Scheduled Caste group, which is the largest group in Punjab. He was named Kanshi because after his birth the midwife placed him in a tray made of kansa metal. His father owned some land and his uncles were in the armed forces. In Sahib Kanshi Ram's own words, "I was born and brought up amongst those who sacrificed themselves but never betrayed the country..." Despite his low caste background, he earned a bachelor's degree in science from the Government College at Ropar (Punjab). Soon after, he joined the research staff of Kirki's Explosive Research and Development Laboratory (ERDL) in Pune 1957. While working in Pune, he quit his job after becoming involved in the famous Deena Bhan case. Deena Bhan, a Rajasthani Scheduled Caste employee and senior colleague of Kanshi Ram was suspended. His fault was that he protested against the decision of ERDL management for the cancellation of holidays for Ambedkar and Buddha Jayantis and their replacement by the Tilak Jayanti and one additional holiday for Diwali. Sahib Kanshi Ram decided to fight against such a caste ridden and dictatorial behavior of the management. The fighter in Kanshi Ram got the suspension orders of Deena Bhan revoked and Ambedkar and Buddha Jayantis holidays were restored.

This was the beginning of the long battle for the emancipation of the Dalits in the country that Sahib Kanshi Ram had to lead till his last breath. He resigned from his job and totally dedicated his entire life for the cause of the community. He never married nor visited his home since then. His struggle was not for the home and family. He devised a new strategy to regain the lost glory of the original (Adi) inhabitants of Bharat. He gave utmost importance to the culture of work and democratic method of struggle. He also expanded the circle of the Dalits by incorporating other Backward Classes and Minorities into it.

He criticized the post-Ambedkar leadership of Dalits in India. For that he declared Poona Pact as the main reason. He said that "Poona Pact made Dalits helpless. By rejecting separate electorate, Dalits were deprived of their genuine representation in legislatures. Several and various kind of Chamchas were born in the last fifty years. As and when India's high caste Hindu rulers felt the need of Chamchas and when the authority of the upper castes got endangered by real and genuine Dalit leaders, Chamchas were brought to the fore in all other fields".

In his "The Chamcha Age", a well-argued and polemical tirade against the pseudo Dalit leaders, Sahib Kanshi Ram sharpens the contradiction for the legitimate acquisition of political power by the downtrodden in electoral democracy in India. In, the Chamcha Age, "he focused very much on the Poona Pact which was a point of a rather decisive Gandhian victory over Ambedkar after a long duel between the two at the Round Table Conference".

**Prem Kumar Chumber**
**Editor-In-Chief: www.ambedkartimes.com**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-118

## ਕੀ ਗੁਰੂ ਤਾਲੇ ਦੀ ਕੁੰਜੀ ਭਾ.ਗੁਰਦਾਸ ਦੀਆਂ ਵਾਰਾਂ ਤੇ ਹੋਰ ਗ੍ਰੰਥ ਹਨ?



**ਅਵਤਾਰ ਸਿੰਘ ਮਿਸ਼ਨਰੀ**
**510-432-5827**

ਇਹ ਗੱਲ ਪੱਥਰ 'ਤੇ ਲਕੀਰ ਹੈ ਕਿ ਸ਼ਬਦ ਗੁਰੂ ਹੀ ਤਾਲਾ ਤੇ ਆਪ ਹੀ ਕੁੰਜੀ ਹੈ। ਭਾਈ ਗੁਰਦਾਸ ਜਾਂ ਕਿਸੇ ਹੋਰ ਸਿੱਖ ਦੀ ਰਚਨਾ "ਗੁਰੂ ਤਾਲੇ" ਦੀ ਕੁੰਜੀ ਨਹੀਂ ਕਿਉਂਕਿ ਇਸ ਬਾਰੇ ਗੁਰੂ ਸਹਿਬਾਨ "ਸ਼ਬਦ ਗੁਰੂ ਗ੍ਰੰਥ" ਵਿਖੇ ਆਪ ਹੀ ਸ਼ਪੱਸ਼ਟ ਕਰਦੇ ਹਨ ਕਿ-ਗੁਰ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥ ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥੧॥ (ਮ:੨-੧੨੧੩੭) ਪਾਹੂ=ਮਾਇਆ ਦੀ ਪਾਹ। ਨਿਵਲੁ=ਪਸ਼ੂਆਂ ਦੇ ਪੈਰਾਂ ਨੂੰ ਮਾਰਨ ਵਾਲਾ ਜੰਦਰਾ। ਮਨੁੱਖ ਦਾ ਮਨ ਮਾਨੋ ਕੋਠਾ ਤੇ ਸਰੀਰ ਇਸ ਕੋਠੇ ਦੀ ਛੱਤ ਹੈ। ਮਾਇਆ ਦੀ ਪਾਹ ਇਸ ਮਨ-ਕੋਠੇ ਨੂੰ ਜੰਦਰਾ ਵੱਜਾ ਹੋਇਆ ਹੈ। ਇਸ ਜੰਦਰੇ ਨੂੰ ਖੋਲ੍ਹਣ ਲਈ ਗੁਰੁ ਕੁੰਜੀ ਭਾਵ, ਮਨ ਤੋਂ ਮਾਇਆ ਦਾ ਪ੍ਰਭਾਵ ਗੁਰੂ ਹੀ ਦੂਰ ਕਰ ਸਕਦੈ ਹੋਰ ਕੋਈ ਨਹੀਂ। ਸਿੱਖ ਲਈ ਗੁਰੂ ਹੀ ਸਭ ਕੁਝ ਹੈ ਜਿਵੇਂ ਕਿ-ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥(ਜਪੁ) ਸਿੱਖ ਲਈ ਗੁਰੂ ਹੀ ਸ਼ਿਵਜੀ, ਗੋਰਖ, ਬ੍ਰਹਮਾਂ ਤੇ ਪਾਰਬਤੀ ਮਾਂ ਹੈ ਭਾਵ ਗੁਰੂ ਹੀ ਸਭ ਕੁਝ ਹੈ। ਹੋਰ ਵੇਖੋ!

ਗੁਰੂ ਹੀ ਮਾਤਾ, ਪਿਤਾ, ਮਾਲਿਕ, ਪ੍ਰਮੇਸ਼ਰ, ਮਿਤ੍ਰ, ਸਬੰਧੀ ਤੇ ਭਰਾ ਇਤਿ ਆਦਿਕ ਸਭ ਕੁਝ ਹੈ-ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥ ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ॥ ਗੁਰਦੇਵ ਦਾਤਾ ਹਰੁ ਨਾਮ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ॥ ਗੁਰਦੇਵ ਸ਼ਾਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ॥ ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨ ਅਪਰੰਪਰਾ॥ ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ॥ ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ॥ ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ॥ ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ॥੧॥ (ਮ:੫-੨੫੦)

ਇਸ ਬਾਰੇ ਹੋਰ ਵੀ ਗੁਰ ਫੁਰਮਾਨ ਹਨ-ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ॥੭॥( ਮ:੩-੧੨੪) ਮੋਹ ਦੇ ਬੱਜਰ ਕਵਾੜ ਖੋਲ੍ਹਣ ਲਈ ਕੁੰਜੀ ਸੱਚੇ ਗੁਰੂ ਦੇ ਹੀ ਹੱਥ ਹੈ ਕਿਸੇ ਹੋਰ ਵਸੀਲੇ ਨਾਲ ਉਹ ਦਰਵਾਜ਼ਾ ਨਹੀਂ ਖੁਲ੍ਹਦਾ ਤੇ ਗੁਰੂ ਵੀ ਪੂਰੇ ਭਾਗਾਂ ਨਾਲ ਮਿਲਦਾ ਹੈ। ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥( ਮ:੫-੨੦੫) ਜਿਸ ਹਰੀ ਦਾ ਇਹ ਬਣਾਇਆ ਹੋਇਆ ਸਰੀਰ ਘਰ ਹੈ, ਉਸ ਨੇ ਹੀ ਮੋਹ ਦਾ ਜੰਦ੍ਰਾ ਮਾਰਿਆ ਹੋਇਐ ਤੇ ਕੁੰਜੀ ਗੁਰੂ ਨੂੰ ਸੌਂਪ ਦਿੱਤੀ ਹੈ। ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ॥੧॥ (ਕਬੀਰ-੩੩੯) ਕੁਲਫੁ (ਜਿੰਦੇ) ਅਤੇ ਕੁੰਜੀ (ਚਾਬੀ) ਦੀ ਤਰ੍ਹਾਂ ਜਿੰਦੜੀ ਉਸ ਦੀ ਚੌਕੀਦਾਰ ਬਣਾਈ ਗਈ ਹੈ। ਇਸ ਤਰ੍ਹਾਂ ਕਰਨ ਵਿੱਚ ਕਰਤਾਰ ਨੇ ਕੋਈ ਦੇਰੀ ਨਹੀਂ ਲਾਈ। ਕੁੰਜੀ ਜਿਨ ਕਉ ਦਿਤੀਆ ਤਿਨ੍ਹਾ ਮਿਲੇ ਭੰਡਾਰ॥( ਮ:੨-੧੨੩੯) ਜਿਨ੍ਹਾਂ ਨੂੰ ਚਾਬੀ ਦੀ ਦਾਤ ਮਿਲੀ ਹੈ ਕੇਵਲ ਉਹ ਹੀ ਖਜਾਨੇ ਨੂੰ ਪਾਉਂਦੇ ਹਨ।

ਦੇਖੋ! ਜਿਵੇਂ ਹਥੌੜੇ ਨੇ ਬਹੁਤ ਸਟਾ ਮਾਰ ਕੇ ਤਾਲਾ ਖੋਲ੍ਹਣ ਦੀ ਕੋਸਿਸ ਕੀਤੀ ਪਰ ਨਾ ਖੁੱਲ੍ਹਿਆ ਪਰ ਛੋਟੇ ਜਿਹੇ ਲੋਹੇ ਦੇ ਟੁਕੜੇ ਨੇ ਤਾਲਾ ਖੋਲ੍ਹ ਦਿੱਤਾ। ਇਹ ਵੇਖ ਹਥੌੜਾ ਹੈਰਾਨ ਹੋ ਕੇ ਪੁਛਦੈ ਕਿ ਭਲਿਆ! ਮੈ ਇੰਨਾ ਵੱਡਾ ਤੇ ਭਾਰੀ ਮੇਰੇ ਕੋਲੋਂ ਤਾਂ ਇਹ ਤਾਲਾ ਖੁੱਲ੍ਹਿਆ ਨਹੀਂ ਤੇ ਤੂੰ ਨਿਕਾ ਜਿਹਾ ਲੋਹੇ ਦਾ ਟੁੱਕੜਾ ਹੋ ਕੇ ਕਿਵੇ ਤਾਲਾ ਖੋਲ੍ਹ ਦਿੱਤਾ? ਉਸ ਨੇ ਉੱਤਰ ਦਿੱਤਾ ਕਿ ਤੂੰ ਤਾਲੇ ਦੇ ਉੱਪਰ ਸੱਟਾਂ ਮਾਰ ਰਿਹਾ ਸੀ ਪਰ ਮੈ ਤਾਲੇ ਦੇ ਅੰਦਰ ਜਾ ਕੇ ਸੱਟ ਮਾਰੀ ਤੇ ਤਾਲਾ ਖੁੱਲ੍ਹ ਗਿਆ। ਬਸ ਇਹ ਹੀ ਗੁਰੂ ਗਿਆਨ ਕਰਦੈ ਜੋ ਬਾਹਰੀ ਗਿਆਨ ਨਹੀਂ ਕਰ ਸਕਦਾ-ਅੰਦਰੁ ਖੋਲੈ ਦਿਬ ਦਿਸਟਿ ਦੇਖੈ ਮੁਕਤਿ ਭੰਡਾਰਾ॥(ਮ:੩-੪੨੫) ਏਨੇ ਗੁਰ ਪ੍ਰਮਾਣਾਂ ਦੇ ਸਿਧਾਂਤਕ ਸੰਕੇਤ ਗੁਰਬਾਣੀ ਵਿਖੇ ਹੋਣ ਦੇ ਬਾਵਜੂਦ ਵੀ ਬਹੁਤੇ ਡੇਰੇਦਾਰ, ਸੰਪ੍ਰਦਾਈ, ਟਕਸਾਲੀ ਤੇ ਅਖੌਤੀ ਕਥਾਕਾਰ ਬਾਹਰੀ ਕਵੀਆਂ ਤੇ ਵਿਦਵਾਨਾਂ ਨੂੰ ਗੁਰੂ ਤੋਂ ਉਪਰ ਦੱਸੀ ਜਾ ਰਹੇ ਹਨ। ਜਰਾ ਸੋਚੋ! ਐਸਾ ਕਿਉਂ? ਕਿਉਂਕਿ ਉਨ੍ਹਾਂ ਦੀ ਰੋਟੀ-ਰੋਜੀ, ਪੂਜਾ-ਪ੍ਰਤਿਸ਼ਟਾ ਤੇ ਮਾਨ-ਸਨਮਾਨ ਇਸੇ ਕਰਕੇ ਅਤੇ ਉਹ ਸਮਝਦੇ ਹਨ ਕਿ ਗੁਰੂ ਤੋਂ ਉਪਰ ਜਾਂ ਬਰਾਬਰ ਜਾਂ ਉਨ੍ਹਾਂ ਦੇ ਰਾਹੀਂ ਹੀ ਸਭ ਕੁਝ ਜਾਣਿਆਂ ਜਾ ਸਕਦਾ ਹੈ। ਬਾਕੀ ਭਾਈ ਗੁਰਦਾਸ ਜੀ ਸਤਿਕਾਰਯੋਗ ਲਿਖਾਰੀ, ਵਿਦਵਾਨ ਕਵੀ ਤੇ ਮਹਾਨ ਵਿਆਖਿਆਕਾਰ ਸਨ। ਉਨ੍ਹਾਂ ਦੀਆਂ ਰਚਨਾਵਾਂ ਵਾਰਾਂ ਤੇ ਕਬਿਤ ਸਵੈਈਏ ਗਿਆਨ ਪ੍ਰਮਾਣਾਂ ਤੇ ਇਤਿਹਸਕ ਸੰਕੇਤਾਂ ਦਾ ਭੰਡਾਰ ਹਨ। ਬੜੇ ਦੁੱਖ ਦੀ ਗੱਲ ਹੈ ਕਿ ਭਾਈ ਸਾਹਿਬ ਜੀ ਦੀਆਂ ਵਾਰਾਂ ਵਿੱਚ ਗੁਰੂ ਦੋਖੀਆਂ ਨੇ ਕੁਝ ਰਲਾ ਕਰ ਦਿੱਤਾ ਹੈ। ਅੱਜ ਸਾਨੂੰ ਗੁਰੂ ਗਿਆਨ ਦੀ ਕਸਵੱਟੀ ਤੇ ਭਾਈ ਸਾਹਿਬ ਤੇ ਹੋਰ ਵਿਦਵਾਨਾਂ ਦੀਆਂ ਰਚਨਾਵਾਂ ਨੂੰ ਪਰਖਣ ਦੀ ਅਤਿਅੰਤ ਲੋੜ ਹੈ। ਗੁਰੂ ਦੀ ਬਰਾਬਰੀ ਕਰਦੇ ਗੁਰੂ ਵਿਰੋਧੀ ਪੁਜਾਰੀ ਨੇ ਅਖੌਤੀ ਸਾਧਾਂ ਸੰਤਾਂ, ਡੇਰੇਦਾਰ ਤੇ ਸੰਪ੍ਰਦਾਈ ਟਕਸਾਲੀਆਂ ਦੇ ਰੂਪ ਵਿੱਚ ਸੰਤ, ਬ੍ਰਹਮ ਗਿਆਨੀ, ਮਹਾਂਪੁਰਸ਼, ਵਾਰਾਂ, ਕਬਿਤ, ਰਹਿਤਨਾਮੇ, ਵੱਖ ਵੱਖ ਸੰਤ ਤੇ ਗ੍ਰੰਥ ਪੈਦਾ ਕਰ, ਦਾਹਵੇਦਾਰ ਪ੍ਰਚਾਰਕ ਵੀ ਆਪ ਹੀ ਬਣ ਕੇ ਸਿੱਖ ਸੰਗਤਾਂ ਨੂੰ ਭਾਰੀ ਗੁੰਮਰਾਹ ਕੀਤਾ ਅਤੇ ਅੱਜ ਵੀ ਕਰ ਰਿਹਾ ਹੈ। ਭਲਿਓ! ਸੰਗਤਾਂ ਨੂੰ ਗੁਰੂ ਨੇ ਸਿੱਧਾ ਆਪਣੇ ਨਾਲ ਜੋੜਿਆ ਨਾ ਕਿ ਵਿਚਾਲੇ ਵੱਖ ਵੱਖ ਵਿਚਾਰਾਂ ਦੀਆਂ ਦੇਹਾਂ ਦੀ ਲੋੜ ਰੱਖੀ। ਹਾਂ ਹਰ ਉਸ ਮਾਈ ਭਾਈ ਦੇ ਵਿਚਾਰ ਸਤਿਕਾਰਯੋਗ ਹਨ ਜੋ ਗੁਰੂ ਦੀ ਕਸਵੱਟੀ ਤੇ ਪੂਰੇ ਉਤਰਦੇ ਸੰਸਾਰ ਦਾ ਭਲਾ ਕਰਦੇ ਹੋਣ ਪਰ ਗੁਰੂ ਗਿਆਨ ਉਨ੍ਹਾਂ ਦਾ ਮੁਥਾਜ ਨਹੀਂ ਸਗੋਂ ਸੁਤੰਤਰ ਹੈ। ਇਸ ਲਈ ਉਹ ਗੁਰੂ ਤਾਲੇ ਦੀ ਕੁੰਜੀ ਨਹੀਂ ਹੋ ਸਕਦੇ।

# ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਬਣਾਏ ਜਾਣ ਤੇ ਅਮਰੀਕਾ ਦੇ ਸਿੱਖ ਆਗੂਆਂ ਵੱਲੋਂ ਖੁਸ਼ੀ ਦਾ ਇਜਹਾਰ

**ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)–** ਤਖਤ ਸ੍ਰੀ ਪਟਨਾ ਸਾਹਿਬ ਦੇ ਭਾਈ ਸਾਹਿਬ ਭਾਈ ਰਣਜੀਤ ਸਿੰਘ ਨੂੰ ਜਥੇਦਾਰ ਬਣਾਏ ਜਾਣ ਤੇ ਅਮਰੀਕਾ ਦੇ ਸਿੱਖ ਆਗੂਆਂ ਵੱਲੋਂ ਖੁਸ਼ੀ ਦਾ ਇਜਹਾਰ ਕੀਤਾ ਗਿਆ। ਅਮਰੀਕਾ ਦੇ ਵੱਖ ਵੱਖ ਸਿਆਸੀ ਤੇ ਧਾਰਮਿਕ ਸ. ਗੁਰਨਾਮ ਸਿੰਘ ਪੰਮਾ ਚੇਅਰਮੈਨ ਗੁਰੂ ਘਰ ਲਾਈਵ ਓਕ, ਸ.ਗੁਰਮੇਜ ਸਿੰਘ ਗਿੱਲ ਯੂਬਾ ਸਿਟੀ ਸ. ਬਲਵੀਰ ਸਿੰਘ ਸੋਹਲ ਸਾਬਕਾ ਪ੍ਰਧਾਣ ਯੂਬਾ ਸਿਟੀ ਜਥੇਦਾਰ ਰੌਣਕ ਸਿੰਘ ਗੁਰੂ ਘਰ ਵਰਮੋਂਟ ਐਲ. ਏ., ਸ. ਦਲਵੀਰ ਸਿੰਘ ਗਿੱਲ ਡਾਇਰੈਕਟਰਗੁਰੂ ਘਰ ਯੂਬਾ ਸਿਟੀ ਸ. ਬਿੱਕਰਮਜੀਤ ਸਿੰਘ ਖ਼ਾਲਸਾ ਸ. ਸੁਖਵਿੰਦਰ ਸਿੰਘ ਅਬਲੋਵਾਲ ਸ. ਹਰਮਨਦੀਪ ਸਿੰਘ ਸਕੱਤਰ ਸ.ਮਲਕੀਅਤ ਸਿੰਘ ਗੋਸ.ਲ ਸ. ਸੁਖਵਿੰਦਰ ਸਿੰਘ ਸੈਣੀ ਸ. ਜਸਵੀਰ ਸਿੰਘ ਕੁਲਾਰ ਸ.ਪਿਆਰਾ ਸਿੰਘ ਗੋਸ.ਲ ਸ.ਚਰਨਜੀਤ ਸਿੰਘ ਚੋਹਾਨ ਤੇ ਹੋਰ ਉੱਗੇ ਆਗੂਆਂ ਵੱਲੋਂ ਪ੍ਰਧਾਣ ਸ੍ਰੋਮਣੀ ਕਮੇਟੀ ਗੋਬਿੰਦ ਸਿੰਘ ਲੌਂਗੋਵਾਲ ਦਾ



ਧੰਨਵਾਦ ਕਰਦੇਆਂ ਸਿੱਖ ਜਗਤ ਨੂੰ ਆਮ ਪਰਵਾਰ ਚੋ ਤਖਤ ਸਾਹਿਬ ਦੇ ਜਥੇਦਾਰ ਥਾਪੇ ਜਾਣ ਤੇ ਵਧਾਈਆਂ ਦਿੱਤੀਆਂ ਪ੍ਰਸਿੱਧ ਕਥਾਵਾਚਕ ਗਿਆਨੀ ਰਣਜੀਤ ਸਿੰਘ ਦਾ ਜਨਮ ਪਿਤਾ ਜਵੰਦ ਸਿੰਘ ਬਾਜਵਾ ਤੇ ਮਾਤਾ ਸੁਵਰਨ ਕੌਰ ਦੇ ਘਰ ਪਿੰਡ ਦੌਲਤਪੁਰ (ਜ਼ਿਲਾ ਗੁਰਦਾਸਪੁਰ) ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਨੇ ਬ੍ਰਿਟਿਸ਼ ਫੌਜ ਵਿਚ ਦੂਜੀ ਵੱਡੀ ਜੰਗ ਦੌਰਾਨ ਜਾਪਾਨ, ਮਲੇਸ਼ੀਆ ਆਦਿ ਦੇਸ਼ਾਂ ਦੇ ਯੁੱਧਾਂ ਵਿਚ ਹਿੱਸਾ ਲਿਆ ਸੀ। ਮਾਤਾ-ਪਿਤਾ ਅੰਮ੍ਰਿਤਧਾਰੀ ਸਨ। ਰਣਜੀਤ ਸਿੰਘ ਨੇ 5 ਸਾਲ ਦੀ ਉਮਰ 'ਚ ਹੀ ਅੰਮ੍ਰਿਤਪਾਨ ਕੀਤਾ। ਪਿਤਾ ਦੀ ਨੌਕਰੀ ਫੌਜ ਵਿਚ ਹੋਣ ਕਰ ਕੇ ਰਣਜੀਤ ਸਿੰਘ ਨੂੰ ਵੱਖ-ਵੱਖ ਥਾਂਵਾਂ 'ਤੇ ਪੜ੍ਹਾਈ ਕਰਨੀ ਪਈ। ਉਨ੍ਹਾਂ ਨੇ ਰਾਂਚੀ ਯੂਨੀਵਰਸਿਟੀ ਦੇ ਪ੍ਰਬੰਧ ਹੇਠਲੇ ਆਰ.ਐਸ.ਪੀ. ਕਾਲਜ, ਝਰੀਆ (ਧਨਬਾਦ) ਤੋਂ ਬੀ.ਏ. ਦੀ ਡਿਗਰੀ ਹਾਸਲ ਕੀਤੀ। 1984 'ਚ ਉਨ੍ਹਾਂ ਦਾ ਆਨੰਦ ਕਾਰਜ ਬੀਬੀ ਰਣਜੀਤ ਕੌਰ ਨਾਲ ਹੋਇਆ। ਮਸਕੀਨ ਜੀ ਪਿਛਲੇ 13 ਸਾਲਾਂ ਤੋਂ ਉਹ ਸ੍ਰੀ ਦਰਬਾਰ ਸਾਹਿਬ ਹਾਲ ਮੰਜੀ ਸਾਹਿਬ ਵਿਖੇ ਵੀ ਕਥਾ ਦੀ ਸੇਵਾ ਨਿਭਾਉਂਦੇ ਆ ਰਹੇ ਹਨ!!

# ਸਿੱਖਸ ਆਫ ਅਮਰੀਕਾ ਦੇ ਮੈਂਬਰ ਪ੍ਰਧਾਨ ਮੰਤਰੀ ਮੋਦੀ ਨੂੰ ਮਿਲੇ

**ਹਿਊਸਟਨ (ਰਾਜ ਗੋਗਨਾ)—** 'ਸਿੱਖਸ ਆਫ ਅਮਰੀਕਾ' ਇਕ ਅਜਿਹੀ ਸੰਸਥਾ ਹੈ ਜੋ ਸਿੱਖਾਂ ਦੇ ਹਿੱਤਾਂ ਲਈ ਕੰਮ ਕਰਦੀ ਹੈ। ਇਸ ਸੰਸਥਾ ਨੇ ਸਾਰੇ ਕੰਮ ਛੱਡ ਕੇ ਉਸ ਨੂੰ ਪੂਰਿਆਂ ਕਰਨ ਲਈ ਆਪਣੀ ਪੂਰੀ ਹਿੰਮਤ ਜੁਟਾਈ ਹੈ। ਇਸੇ ਆਸ਼ੇ ਨੂੰ ਮੁੱਖ ਰੱਖ ਕੇ ਇਸ ਸੰਸਥਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਮਰੀਕਾ ਫੇਰੀ ਦੌਰਾਨ ਮਿਲਣ ਦਾ ਉਪਰਾਲਾ ਕੀਤਾ। ਸਿੱਖਾਂ ਦਾ ਕਹਿਣਾ ਹੈ ਕਿ ਪੀ. ਐੱਮ. ਮੋਦੀ ਤੇ 'ਸਿੱਖਸ ਆਫ ਅਮਰੀਕਾ' ਦੀ ਮਿਲਣੀ ਨੇ ਇਤਿਹਾਸ ਸਿਰਜਿਆ ਹੈ। ਇਸ ਨੂੰ ਜਸਦੀਪ ਸਿੰਘ ਜੱਸੀ, ਚੇਅਰਮੈਨ ਸਿੱਖਸ ਆਫ ਅਮਰੀਕਾ ਨੇ ਆਪਣੇ ਪੂਰੇ ਵਸੀਲਿਆਂ ਨੂੰ ਜੁਟਾ ਕੇ ਇਸ ਮਿਲਣੀ ਨੂੰ ਕਾਮਯਾਬ ਕੀਤਾ ਹੈ। ਪੂਰੇ ਅਮਰੀਕਾ ਤੋਂ ਸਿਰਕੱਢ ਸ਼ਖ਼ਸੀਅਤਾਂ ਨੂੰ 'ਸਿੱਖਸ ਆਫ ਅਮਰੀਕਾ' ਦੇ ਬੈਨਰ ਹੇਠ ਇਕੱਠਿਆਂ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹਿਊਸਟਨ (ਟੈਕਸਾਸ) ਦੇ ਇਕ ਨਾਮੀ ਹੋਟਲ ਵਿੱਚ ਪੂਰੇ ਵਫ਼ਦ ਨਾਲ ਮੁਲਾਕਾਤ ਕੀਤੀ। ਜ਼ਿਕਰਯੋਗ ਹੈ ਕਿ ਇਸ ਮੀਟਿੰਗ ਦੌਰਾਨ ਜਸਦੀਪ ਸਿੰਘ ਜੱਸੀ ਨੇ ਮੈਮੋਰੈਂਡਮ ਦੀਆਂ ਸਾਰੀਆਂ ਮੰਗਾਂ ਨੂੰ ਦੱਸਿਆ।




ਉਨ੍ਹਾਂ ਮੰਗ ਕੀਤੀ ਕਿ—

1. ਧਾਰਾ 25 ਨੂੰ ਖਤਮ ਕੀਤਾ ਜਾਵੇ।
2. ਆਨੰਦ ਮੈਰਿਜ ਐਕਟ ਨੂੰ ਪ੍ਰਵਾਨਤ ਕਰਕੇ ਸਿੱਖ ਆਨੰਦ ਮੈਰਿਜ ਐਕਟ ਨੂੰ ਦਰਜ ਕੀਤਾ ਜਾਵੇ।
3. ਰਾਜਸੀ ਸ਼ਰਨ ਵਾਲ਼ਿਆਂ ਨੂੰ ਵੀਜ਼ਾ-ਪਾਸਪੋਰਟ ਦੇਣ ਸੰਬੰਧੀ ਨੋਟੀਫਿਕੇਸ਼ਨ ਜਾਰੀ ਕਰਕੇ ਇਹ ਸਹੂਲਤ ਦਿੱਤੀ ਜਾਵੇ। ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।
4. ਕਰਤਾਰਪੁਰ ਕਾਰੀਡੋਰ ਬਾਬੇ ਨਾਨਕ ਦੇ ਪ੍ਰਕਾਸ਼ ਪੁਰਬ 'ਤੇ ਖੋਲ੍ਹਿਆ ਜਾਵੇ।
5. 1984 ਦੇ ਦੋਸ਼ੀਆਂ ਨੂੰ ਸੱਜਣ ਕੁਮਾਰ ਵਾਂਗ ਸਲਾਖ਼ਾਂ ਪਿੱਛੇ ਕਰਨ ਦਾ ਵਾਅਦਾ ਵੀ ਕੀਤਾ ਗਿਆ।
6. ਸਿੱਖ ਵਫ਼ਦ ਨੇ ਦਿੱਲੀ ਏਅਰਪੋਰਟ ਦਾ ਨਾਮ ਬਾਬਾ ਨਾਨਕ ਦੇ ਨਾਮ 'ਤੇ ਰੱਖਣ ਦੀ ਬੇਨਤੀ ਵੀ ਕੀਤੀ। ਸਿੱਖਾਂ ਦੇ ਇਸ ਵਫ਼ਦ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ। ਉਪਰੰਤ ਜਸਦੀਪ ਸਿੰਘ ਜੱਸੀ ਨੇ ਸਿਰਪਾਓ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਨਮਾਨ ਕੀਤਾ। ਇਸ ਸਾਰੇ ਕਾਰਜ ਨੂੰ ਨੇਪਰੇ ਚਾੜਨ ਵਿੱਚ ਭਾਰਤੀ ਅੰਬੈਸੀ ਦਾ ਵੀ ਅਹਿਮ ਯੋਗਦਾਨ ਸੀ । ਇਸ ਸਦਕਾ ਇਹ ਮਿਲਣੀ ਕਾਮਯਾਬੀ ਦਾ ਪੰਧ ਪੂਰਾ ਕਰ ਸਕੀ ਹੈ। ਡਾਕਟਰ ਅਡੱਪਾ ਪ੍ਰਸਾਦ ਉਪ ਪ੍ਰਧਾਨ ਓਵਰਸੀਜ਼ ਭਾਜਪਾ ਦੀ ਭੂਮਿਕਾ ਵੀ ਅਹਿਮ ਰਹੀ, ਜਿਨ੍ਹਾਂ ਨੇ ਇਸ ਮੀਟਿੰਗ ਨੂੰ ਸਿਰੇ ਚੜ੍ਹਾਇਆ ਹੈ। ਇਸ ਵਫ਼ਦ ਦੇ ਮੁੱਖ ਹਾਜ਼ਰੀਨ ਵਿੱਚ ਕੰਵਲਜੀਤ ਸਿੰਘ ਸੋਨੀ, ਬਲਜਿੰਦਰ ਸਿੰਘ ਸ਼ੰਮੀ, ਮਨਿੰਦਰ ਸਿੰਘ ਸੇਠੀ, ਬਹਾਦਰ ਸਿੰਘ, ਗੁਰਪ੍ਰੀਤ ਸਿੰਘ ਸੰਨੀ, ਰਤਨ ਸਿੰਘ, ਆਤਮਾ ਸਿੰਘ, ਜਸਵਿੰਦਰ ਸਿੰਘ, ਗੁਰਿੰਦਰ ਸਿੰਘ ਸੇਠੀ, ਇੰਦਰਜੀਤ ਸਿੰਘ ਗੁਜਰਾਲ, ਗੁਰਿੰਦਰ ਸਿੰਘ ਖਾਲਸਾ, ਗੁਰਚਰਨ ਸਿੰਘ, ਦਲਵੀਰ ਸਿੰਘ, ਸੁਰਜੀਤ ਸਿੰਘ ਗੋਲਡੀ, ਜੈਮੋਦ ਸਿੰਘ, ਗੁਰਇਕਬਾਲ ਸਿੰਘ, ਪ੍ਰਿਤਪਾਲ ਸਿੰਘ ਲੱਕੀ, ਚੱਤਰ ਸਿੰਘ ਸੈਣੀ, ਹਰਦੀਪ ਸਿੰਘ ਸੈਣੀ, ਇਨ੍ਹਾਂ ਤੋਂ ਇਲਾਵਾ ਡਾਕਟਰ ਸੁਰਿੰਦਰ ਸਿੰਘ ਗਿੱਲ, ਡਾਕਟਰ ਸੁਖਪਾਲ ਸਿੰਘ ਧੰਨੋਆ ਤੇ ਤੇਜਿੰਦਰ ਸਿੰਘ ਨੇ ਯੋਗਦਾਨ ਪਾਇਆ, ਜੋ ਬਹੁਤ ਹੀ ਸ਼ਲਾਘਾਯੋਗ ਰਿਹਾ ਹੈ। ਇਹ ਇਤਿਹਾਸਕ ਮਿਲਣੀ ਆਉਣ ਵਾਲੇ ਸਮੇਂ ਵਿੱਚ ਕਈ ਕੁਝ ਕਰ ਗੁਜ਼ਰਨ ਨੂੰ ਤਰਜੀਹ ਦੇਵੇਗੀ।ਸਿੱਖਾਂ ਦੇ ਖੇਮੇ ਵਿੱਚ ਇਹ ਮਿਲਣੀ ਬਹੁਤ ਹੀ ਮਹੱਤਵਪੂਰਨ ਸਾਬਤ ਹੋਵੇਗੀ ਕਿਉਂਕਿ ਇਸ 'ਤੇ ਪੂਰੇ ਸੰਸਾਰ ਦੇ ਸਿੱਖਾਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ । ਪ੍ਰਧਾਨ ਮੰਤਰੀ ਵੀ ਕਹਿਣੀ ਤੇ ਕਰਨੀ ਦੇ ਪੱਕੇ ਹਨ, ਜਿਨ੍ਹਾਂ ਨੇ ਪਹਿਲੀ ਮਿਲਣੀ 'ਤੇ ਵੀ ਕੀਤੇ ਵਾਅਦਿਆਂ 'ਤੇ ਫੁੱਲ ਚੜ੍ਹਾਏ ਸਨ। ਹੁਣ ਵੀ ਉਸੇ ਆਸ ਨਾਲ ਪੂਰਿਆਂ ਕਰਨ ਸੰਬੰਧੀ ਵਚਨਬੱਧਤਾ ਨਿਭਾਈ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪਾਕਿਸਤਾਨ ਵੱਲੋਂ ਡਰੋਨ ਨਾਲ ਭੇਜੇ ਹਥਿਆਰ ਸਰਹੱਦ ਕੋਲੋਂ ਬਰਾਮਦ

**ਅੰਮ੍ਰਿਤਸਰ**- ਪਾਕਿਸਤਾਨ ਤੋਂ ਹਥਿਆਰਾਂ ਦੀ ਵੱਡੀ ਖੇਪ ਨੂੰ ਸਰਹੱਦ ਪਾਰ ਕਰਵਾਉਣ ਵਾਲਾ ਡਰੋਨ ਪੰਜਾਬ ਪੁਲਿਸ ਨੇ ਬਰਾਮਦ ਕਰ ਲਿਆ ਹੈ। ਪੰਜਾਬ ਪੁਲਿਸ ਦੀ ਖੁਫ਼ੀਆ ਸ਼ਾਖਾ ਸਟੇਟ ਸਪੈਸ਼ਲ ਆਪ੍ਰੇਸ਼ਨ ਸੈਲ (ਐਸਐਸਓਸੀ) ਨੇ ਫੜੇ ਗਏ ਅੱਤਵਾਦੀਆਂ ਦੀ ਨਿਸ਼ਾਨਦੇਹੀ 'ਤੇ ਇਹ ਡਰੋਨ ਭਾਰਤ-ਪਾਕਿ ਸਰਹੱਦ 'ਤੇ ਸਥਿਤ ਜ਼ਿਲ੍ਹਾ ਤਰਨਤਾਰਨ ਦੇ ਝੱਬਾਲ ਖੇਤਰ ਤੋਂ ਬਰਾਮਦ ਕੀਤਾ ਹੈ।

ਜ਼ਿਕਰਯੋਗ ਹੈ ਕਿ ਹਥਿਆਰਾਂ ਨਾਲ ਫੜੇ ਗਏ ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਅੱਤਵਾਦੀਆਂ ਨੇ ਗ੍ਰਿਫ਼ਤਾਰੀ ਤੋਂ ਪਹਿਲਾਂ ਇਸ ਡਰੋਨ ਨੂੰ ਸਾੜ ਕੇ ਨਸ਼ਟ ਕਰਨ ਦੀ ਕੋਸ਼ਿਸ਼ ਵੀ ਕੀਤੀ ਸੀ ਪਰ ਜਦੋਂ ਇਹ ਪੂਰੀ ਤਰ੍ਹਾਂ ਜ.ਲ ਨਹੀਂ ਸਕਿਆ ਤਾਂ ਉਸ ਨੂੰ ਝੱਬਾਲ ਦੇ ਇਕ ਖਾਲੀ ਗੋਦਾਮ ਵਿਚ ਲੁਕਾ ਕੇ ਰੱਖ ਦਿੱਤਾ ਗਿਆ। ਰਿਮਾਂਡ ਦੌਰਾਨ ਪੁੱਛਗਿੱਛ ਦੌਰਾਨ ਅੱਤਵਾਦੀ ਆਕਾਸ਼ਦੀਪ ਸਿੰਘ ਅਤੇ ਉਸ ਦੇ ਸਾਥੀਆਂ ਨੇ ਜਿਵੇਂ ਹੀ ਇਸ ਬਾਰੇ ਰਾਜ਼ ਖੋਲ੍ਹਿਆ ਤਾਂ ਐਸਐਸਓਸੀ ਦੀ ਟੀਮ ਨੇ ਇਹ ਅੱਧ ਜਲ਼ਿਆ ਡਰੋਨ ਗੋਦਾਮ ਤੋਂ ਬਰਾਮਦ ਕੀਤਾ। ਡਰੋਨ ਨੂੰ ਜਾਂਚ ਲਈ ਫੌਰੈਂਸਿਕ ਟੀਮ ਦੇ ਹਵਾਲੇ ਕਰ ਦਿੱਤਾ ਗਿਆ ਹੈ। ਇਹ ਵੀ ਪਤਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਆਈਐ-ਸਆਈ ਵੱਲੋਂ ਭੇਜੇ ਗਏ ਇਸ ਡਰੋਨ ਵਿਚ ਕਿਸ ਤਰ੍ਹਾਂ ਯੰਤਰ ਫਿੱਟ ਕੀਤੇ ਗਏ ਸਨ। ਇਹ ਵੀ ਜਾਂਚ ਦਾ ਵਿਸ਼ਾ ਹੈ ਕਿ ਆਖਿਰ ਕੰਡਿਆਲੀ ਤਾਰ ਕੋਲ ਲੱਗੇ ਭਾਰਤੀ ਰਾਡਾਰ ਉਸ ਨੂੰ ਫੜ ਕਿਉਂ ਨਹੀਂ ਸਕੇ? ਪੰਜਾਬ ਦੇ ਡੀਜੀਪੀ ਦਿਨਕਰ ਗੁਪਤਾ ਦਾ ਕਹਿਣਾ ਹੈ ਕਿ ਡਰੋਨ ਰਾਹੀਂ ਹਥਿਆਰ ਆਉਣਾ ਪੰਜਾਬ ਪੁਲਿਸ, ਬੀ-ਐਸਐਫ ਅਤੇ ਏਅਰਫੋਰਸ ਲਈ ਵੱਡੀ ਚੁਣੌਤੀ ਹੈ। ਇਸ 'ਤੇ



ਅਸੀਂ ਮਿਲ ਕੇ ਕੰਮ ਕਰ ਰਹੇ ਹਾਂ। 'ਰਾਏਸ਼ੁਮਾਰੀ 2020' ਦਾ ਪੰਜਾਬ ਵਿਚ ਕੋਈ ਅਸਰ ਨਹੀਂ ਹੈ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਡਰੋਨ ਦਾ ਮਾਮਲਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਸਾਹਮਣੇ ਵੀ ਚੁੱਕਿਆ। ਉਨ੍ਹਾਂ ਟਵੀਟ ਕੀਤਾ, ਧਾਰਾ 370 ਹਟਾਏ ਜਾਣ ਤੋਂ ਬਾਅਦ ਪਾਕਿਸਤਾਨ ਵੱਲੋਂ ਡਰੋਨ ਨਾਲ ਹਥਿਆਰਾਂ ਅਤੇ ਗੋ਼ਲਾ-ਬਾਰੂਦ ਦੀ ਖੇਪ ਭਾਰਤ ਵਿਚ ਡੇਗਣ ਦੀ ਘਟਨਾ ਬੇਹੱਦ ਗੰਭੀਰ ਹੈ। ਇਹ ਪਾਕਿਸਤਾਨ ਦਾ ਨਵਾਂ ਹੱਥਕੰਡਾ ਹੈ।

**10 ਕਿਲੋ ਵਜ਼ਨੀ ਡਰੋਨ ਸੌਖਿਆਂ ਚੁੱਕ ਸਕਦਾ ਏਕੇ-47**

ਫੜੇ ਗਏ ਡਰੋਨ ਦਾ ਵਜ਼ਨ ਲਗਪਗ 10 ਕਿਲੋ ਹੈ। ਇਹ ਇਕ ਵਾਰ ਵਿਚ ਸਾਢੇ ਚਾਰ ਕਿੱਲੋ ਦੀ ਇਕ ਏਕੇ-47 ਰਾਈਫਲ ਉਡਾ ਕੇ ਲਿਆ ਸਕਦਾ ਹੈ। ਹੁਣ ਇਸ ਗੱਲ ਨੂੰ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਇਹ ਡਰੋਨ ਕਿੰਨੀ ਵਾਰ ਕੰਡਿਆਲੀ ਤਾਰ ਪਾਰ ਕਰਕੇ ਭਾਰਤ ਆਇਆ। ਸਿਰਫ਼ ਇਕ ਹੀ ਡਰੋਨ ਇਸ ਕੰਮ ਵਿਚ ਲਗਾਇਆ ਗਿਆ ਸੀ ਜਾਂ ਡਰੋਨ ਦੀ ਗਿਣਤੀ ਜ਼ਿਆਦਾ ਹੈ। ਮੰਨਿਆ ਜਾ ਰਿਹਾ ਹੈ ਕਿ ਪਾਕਿ ਖੁਫੀਆ ਏਜੰਸੀ ਆਈਐਸਆਈ ਵੱਲੋਂ ਤਿੰਨ-ਚਾਰ ਤਰ੍ਹਾਂ ਦੇ ਡਰੋਨਾਂ ਵਿਚ ਜਾਲ੍ਹੀ ਕਰੰਸੀ ਅਤੇ ਹਥਿਆਰ ਭੇਜੇ ਗਏ ਹੋਣਗੇ। ਇਸ ਨੂੰ ਲੈ ਕੇ ਜੁਆਇੰਟ ਇੰਟੈਰੋਗੇਸ਼ਨ ਸੈਂਟਰ (ਜੇਆਈਸੀ) ਵਿਚ ਅੱਤਵਾਦੀ ਆਕਾਸ਼ਦੀਪ ਸਿੰਘ ਉਰਫ਼ ਆਕਾਸ਼, ਬਲਵੰਤ ਸਿੰਘ ਉਰਫ਼ ਬਾਬਾ ਉਰਫ਼ ਨਿਹੰਗ, ਹਰਭਜਨ ਸਿੰਘ, ਬਲਬੀਰ ਸਿੰਘ ਅਤੇ ਮਾਨ ਸਿੰਘ ਤੋਂ ਪੁੱਛਗਿੱਛ ਜਾਰੀ ਹੈ।

**ਹਥਿਆਰ ਰੱਖਣ ਦੀ ਲੋਕੇਸ਼ਨ ਦੱਸਦਾ ਸੀ ਆਕਾਸ਼ਦੀਪ**

ਆਕਾਸ਼ਦੀਪ ਨੇ ਮੰਨਿਆ ਕਿ ਪਾਕਿਸਤਾਨ ਵਿਚ ਬੈਠੇ ਖਾਲਿਸਤਾਨੀ ਰਣਜੀਤ ਸਿੰਘ ਨੀਟਾ ਨਾਲ ਉਹ ਕਈ ਵਾਰ ਫੋਨ 'ਤੇ ਗੱਲ ਕਰ ਚੁੱਕਾ ਹੈ। ਉਸ ਨੂੰ ਨੀਟਾ ਦਾ ਨੰਬਰ ਜਰਮਨੀ ਵਿਚ ਬੈਠੇ ਅੱਤਵਾਦੀ ਗੁਰਮੀਤ ਸਿੰਘ ਉਰਫ ਬੱਗਾ ਨੇ ਦਿੱਤਾ ਸੀ। ਬੱਗਾ ਦੇ ਇਸ਼ਾਰੇ 'ਤੇ ਨੀਟਾ ਆਈਐਸਆਈ ਨੂੰ ਹਥਿਆਰ ਸਰਹੱਦ ਪਾਰ ਪਹੁੰਚਾਉਣ ਲਈ ਸੁਰੱਖਿਅਤ ਜਗ੍ਹਾ ਦੱਸ ਰਿਹਾ ਸੀ। ਇਨ੍ਹਾਂ ਹਥਿਆਰਾਂ ਦੀ ਖੇਪ ਲਈ ਲੋਕੇਸ਼ਨ ਅਤੇ ਟਾਈਮ ਆਕਾਸ਼ਦੀਪ ਖੁਦ ਸੈਟ ਕਰਦਾ ਸੀ।

# ਪੰਜਾਬ ਸਕੂਲ ਖੇਡਾਂ ਅੰਡਰ-14 ਸਾਲ ਵਿੱਚ ਜਰਖੜ ਹਾਕੀ ਅਕੈਡਮੀ ਨੇ ਕਾਂਸੀ ਦਾ ਤਮਗਾ ਜਿੱਤਿਆ

## ਜਰਖੜ ਸਕੂਲ ਦੇ ਸਟਾਫ਼ ਅਤੇ ਟਰੱਸਟ ਦੇ ਮੈਂਬਰਾਂ ਵੱਲੋਂ ਜੇਤੂ ਖਿਡਾਰੀਆਂ ਦਾ ਕੀਤਾ ਵਿਸ਼ੇਸ਼ ਸਨਮਾਨ

**ਲੁਧਿਆਣਾ** - ਬਠਿੰਡਾ ਵਿਖੇ ਚੱਲ ਰਹੀਆਂ ਪੰਜਾਬ ਸਕੂਲ ਖੇਡਾਂ ਦੇ ਅੰਡਰ 14 ਸਾਲ ਹਾਕੀ ਵਰਗ 'ਚ ਜਰਖੜ ਹਾਕੀ ਅਕੈਡਮੀ ਨੇ ਆਪਣਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਘੁੱਦਾ ਖੇਡ ਵਿੰਗ ਨੂੰ 5-1 ਗੋਲਾਂ ਨਾਲ ਹਰਾ ਕੇ ਕਾਂਸੀ ਦਾ ਤਗ਼ਮਾ ਜਿੱਤਿਆ ਇਸ ਤੋਂ ਪਹਿਲਾਂ ਜਰਖੜ ਹਾਕੀ ਅਕੈਡਮੀ ਨੇ ਕੁਆਰਟਰ ਫਾਈਨਲ ਮੁਕਾਬਲੇ ਵਿੱਚ ਬਠਿੰਡਾ ਨੂੰ 4-0 ਨਾਲ ਹਰਾਇਆ ਅਤੇ ਪ੍ਰੀ ਕੁਆਰਟਰ ਮੁਕਾਬਲੇ 'ਚ ਜ਼ਿਲ੍ਹਾ ਅੰਮ੍ਰਿਤਸਰ ਨੂੰ 4-0 ਨਾਲ ਹਰਾਇਆ। ਇਸ ਤੋਂ ਪਹਿਲਾਂ ਜਰਖੜ ਹਾਕੀ ਅਕੈਡਮੀ ਨੇ ਲੀਗ ਦੌਰ ਵਿੱਚ ਪਟਿਆਲਾ ਨੂੰ 9-0 ਨਾਲ, ਜ਼ਿਲ੍ਹਾ ਮੋਹਾਲੀ ਨੂੰ 2-0 ਨਾਲ, ਅਤੇ ਬੁਰਜ਼ ਸਾਹਿਬ ਹਾਕੀ ਅਕੈਡਮੀ ਗੁਰਦਾਸਪੁਰ ਨੂੰ 5-0 ਨਾਲ ਹਰਾਇਆ ਜਦੋਂ ਕਿ ਐਸਜੀਪੀਸੀ ਅਕੈਡਮੀ ਨਾਲ ਮੁਕਾਬਲਾ ਗੋਲ ਰਹਿਤ ਬਰਾਬਰ ਰਿਹਾ। ਜਦਕਿ ਸੈਮੀਫਾਈਨਲ ਮੁਕਾਬਲੇ ਵਿੱਚ ਤਰਨਤਾਰਨ ਖਡੂਰ ਸਾਹਿਬ ਅਕੈਡਮੀ ਨੇ ਜਰਖੜ ਹਾਕੀ ਅਕੈਡਮੀ ਨੂੰ 2-0 ਨਾਲ ਹਰਾਇਆ ਜਰਖੜ ਅਕੈਡਮੀ ਦੇ ਸਮੂਹ ਖਿਡਾਰੀਆਂ ਦਾ ਸੀਨੀਅਰ ਸੈਕੰਡਰੀ ਸਕੂਲ ਜਰਖੜ ਪੁੱਜਣ ਤੇ ਪ੍ਰਿੰਸੀਪਲ ਹਰਦੇਵ ਸਿੰਘ ਅਤੇ ਸਮੂਹ ਸਟਾਫ਼ ਨੇ ਇਸੇ ਸਨਮਾਨ ਕੀਤਾ।

ਇਸ ਮੌਕੇ ਪ੍ਰਿੰਸੀਪਲ ਹਰਦੇਵ ਸਿੰਘ ਅਤੇ ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਵਧਾਈ ਦਿੱਤੀ ਅਤੇ ਅਕੈਡਮੀ ਦੇ ਕੋਚ ਗੁਰਸਤਿੰਦਰ ਸਿੰਘ ਪ੍ਰਗਟ ਅਤੇ ਸਰੀਰਕ ਸਿੱਖਿਆ ਅਧਿਆਪਕ ਮੈਡਮ ਪਰਮਜੀਤ ਕੌਰ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਦੀ ਅਗਵਾਈ ਹੇਠ ਟੀਮ ਨੇ ਇਹ ਮਾਣਮੱਤੀ ਪ੍ਰਾਪਤੀ ਹਾਸਲ ਕੀਤੀ ਸਾਰੇ ਜੇਤੂ ਖਿਡਾਰੀਆਂ ਨੂੰ ਅਤੇ ਕੋਚਾਂ ਨੂੰ ਸਕੂਲ ਦੇ ਸਟਾਫ਼ ਵੱਲੋਂ ਯਾਦਗਾਰੀ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਲੈਕਚਰਾਰ ਸ੍ਰੀ ਹੰਸ ਰਾਜ ਸੁਖਵਿੰਦਰ ਸਿੰਘ ਰਜੀਵ ਕੁਮਾਰ ਸੁੱਖਪ੍ਰੀਤ ਸਿੰਘ ਤੋਂ ਇਲਾਵਾ ਮੈਡਮ ਸੁਰਿੰਦਰ ਕੌਰ ਪਰਮਜੀਤ ਕੌਰ ਰਾਜਪਾਲ ਕੌਰ ਵਰਿੰਦਰ ਕੌਰ ਰੀਤੂ ਆਂਚਲ ਰਵਿੰਦਰ ਕੌਰ ਕੁਲਜੀਤ ਕੌਰ ਮਨਦੀਪ ਕੌਰ ਪਰਮਜੀਤ ਕੌਰ ਅਮਨਦੀਪ ਕੌਰ ਅਤੇ ਜਰਖੜ ਹਾਕੀ ਅਕੈਡਮੀ ਦੇ ਮੈਂਬਰ ਤਜਿੰਦਰ ਸਿੰਘ ਜਰਖੜ ਸੰਦੀਪ ਸਿੰਘ ਪੰਧੇਰ, ਜਗਦੇਵ ਸਿੰਘ ਜਰਖੜ,ਸੋਹਨ ਸਿੰਘ ਸ਼ੰਕਰ ਸੋਮਾ ਸਿੰਘ ਰੋਮੀ ਸਾਹਿਬਜੀਤ ਸਿੰਘ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਇਸ ਮੌਕੇ ਰਵਿੰਦਰ ਸਿੰਘ ਜ਼ਿਲ੍ਹਾ ਖੇਡ ਅਫ਼ਸਰ ਲੁਧਿਆਣਾ, ਰੁਪਿੰਦਰ ਸਿੰਘ ਰਵੀ, ਸਟੇਟ ਆਰਗਨਾਈਜ਼ ਖੇਡਾਂ ਪੰਜਾਬ, ਪੰਜਾਬ ਸਿੱਖਿਆ ਵਿਭਾਗ ,ਨਰਿੰਦਰਪਾਲ ਸਿੰਘ ਸਿੱਧੂ ਚੇਅਰਮੈਨ ਜਰਖੜ ਖੇਡਾਂ ਐਡਵੋਕੇਟ ਹਰਕਮਲ ਸਿੰਘ ਪ੍ਰਧਾਨ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਸਕੱਤਰ ਜਗਦੀਪ ਸਿੰਘ ਕਾਹਲੋਂ ਅਤੇ ਜਰਖੜ ਸਕੂਲ ਦੇ ਸਮੂਹ ਸਟਾਫ਼ ਨੇ ਕਾਂਸੀ ਤਗਮਾ ਜੇਤੂ ਜਰਖੜ ਅਕੈਡਮੀ ਦੇ ਸਮੂਹ ਖਿਡਾਰੀਆਂ ਨੂੰ ਅਤੇ ਕੋਚ ਗੁਰਸਤਿੰਦਰ ਸਿੰਘ ਅਤੇ ਸਰੀਰਕ ਸਿੱਖਿਆ ਵਿਭਾਗ ਦੇ ਇੰਚਾਰਜ ਮੈਡਮ ਪਰਮਜੀਤ ਕੌਰ ਨੂੰ ਇਸ ਮਾਣਮੱਤੀ ਪ੍ਰਾਪਤੀ ਤੇ ਵਧਾਈ ਦਿੱਤੀ ।

SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# ਪੂਨਾ ਪੈਕਟ - ਇਕ ਇਤਿਹਾਸਕ ਸਮਝੌਤਾ

**ਜਲੰਧਰ (ਬਿਊਰੋ)–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਹਰ ਮਹੀਨੇ ਅੰਬੇਡਕਰ ਭਵਨ ਵਿਖੇ ਇਕ ਵਿਸ਼ੇ 'ਤੇ ਵਿਚਾਰ ਗੋਸ਼ਠੀ ਦਾ ਆਯੋਜਨ ਕਰਦੀ ਹੈ। ਇਸ ਵਾਰ ਸੁਸਾਇਟੀ ਵੱਲੋਂ ਕਾਰਵਾਈ ਗਈ ਵਿਚਾਰ ਗੋਸ਼ਠੀ ਵਿਚ ਦੋ ਵਿਸ਼ਿਆਂ 'ਤੇ ਵਿਚਾਰ ਵਟਾਂਦਰੇ ਕੀਤੇ ਗਏ, ਇਕ, 'ਤੰਦਰੁਸਤ, ਖੁਸ਼ਹਾਲ, ਸਫਲ, ਨਿਰਪੱਖ ਅਤੇ ਸੰਤੁਸ਼ਟ ਜ਼ਿੰਦਗੀ ਕਿਵੇਂ ਬਿਤਾਈਏ' ਅਤੇ ਦੂਜਾ, 'ਪੂਨਾ ਪੈਕਟ - ਇਕ ਇਤਿਹਾਸਕ ਸਮਝੌਤਾ'। ਡਾ: ਗੁਰਨਾਮ ਨੇ ਪਹਿਲੇ ਵਿਸ਼ੇ ਤੇ ਆਪਣਾ ਭਾਸ਼ਣ ਦਿੱਤਾ। ਉਸਨੇ ਦੱਸਿਆ ਕਿ ਧਮਪੱਦ ਵਿੱਚ 'ਸੰਤੋਸ਼ ਪਰਮ ਧਨ' ਦਾ ਸੰਦੇਸ਼ ਹੈ। ਉਨ੍ਹਾਂ ਗੁਰਵਾਣੀ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਦਿੱਤੀਆਂ ਅਤੇ ਕਿਹਾ ਕਿ ਦਰਮਿਆਨੀ ਜ਼ਿੰਦਗੀ ਅਤੇ ਦਾਨ ਮਨੁੱਖ ਦੇ ਜੀਵਨ ਵਾਸਤੇ ਲਾਜ਼ਮੀ ਹੈ। ਇਹੀ ਖੁਸ਼ੀ ਦੀ ਬੁਨਿਆਦ ਹੈ। ਗੋਸ਼ਠੀ ਦੇ ਦੂਜੇ ਭਾਗ ਵਿੱਚ, ਐਡਵੋਕੇਟ ਰਣਜੀਤ ਕੁਮਾਰ ਹੋਸ਼ਿਆਰ ਪੁਰ ਨੇ ਪੂਨਾ ਪੂਨਾ ਪੈਕਟ ਦੇ ਇਤਿਹਾਸ, ਇਸਦੀ ਮਹੱਤਤਾ ਅਤੇ ਦੂਰਗਾਮੀ ਪ੍ਰਭਾਵਾਂ ਬਾਰੇ ਦੱਸਿਆ। ਉਸਨੇ ਦੱਸਿਆ ਕਿ ਪੂਨਾ ਪੂਨਾ ਪੈਕਟ ਨਾਲ ਦਲਿਤ ਵਰਗ ਰਾਜਨੀਤਿਕ ਨਕਸ਼ੇ ਉੱਤੇ ਆਇਆ ਹੈ।

ਉਨ੍ਹਾਂ ਨੂੰ ਚੋਣ ਦੁਆਰਾ ਆਪਣੇ ਨੁਮਾਇੰਦੇ ਚੁਣਨ ਦਾ ਮੌਕਾ ਮਿਲਿਆ ਅਤੇ ਵਿਦਿਅਕ ਸਹੂਲਤਾਂ ਪ੍ਰਾਪਤ ਹੋਈਆਂ।





ਰਣਜੀਤ ਕੁਮਾਰ ਨੇ ਅੱਗੇ ਦੱਸਿਆ ਕਿ 24 ਸਤੰਬਰ 1932 ਨੂੰ, ਮਹਾਤਮਾ ਗਾਂਧੀ ਅਤੇ ਡਾ: ਭੀਮ ਰਾਓ ਅੰਬੇਡਕਰ ਦੇ ਵਿਚਕਾਰ ਹੋਏ ਇਸ ਸਮਝੌਤੇ ਨੇ ਗਾਂਧੀ ਜੀ ਦੀ ਭੁੱਖ ਹੜਤਾਲ ਵੀ ਖ਼ਤਮ ਕਰ ਦਿੱਤੀ ਸੀ, ਜੋ ਉਸਨੇ ਪੂਨਾ ਦੀ ਯਰਵਦਾ ਜੇਲ੍ਹ ਵਿੱਚ ਅਰੰਭ ਕੀਤੀ ਹੋਈ ਸੀ। ਪੂਨਾ ਸਮਝੌਤੇ ਦੀਆਂ ਧਾਰਾਵਾਂ ਨੂੰ ਸਰਕਾਰੀ ਐਕਟ 1935 ਵਿਚ ਸ਼ਾਮਲ ਕੀਤਾ ਗਿਆ ਅਤੇ ਉਸਦਾ ਦਾ ਅਸਰ ਭਾਰਤ ਦੇ ਸੰਵਿਧਾਨ ਵਿਚ ਹੋਇਆ। ਮਸ਼ਹੂਰ ਅੰਬੇਡਕਰੀ ਲਾਹੌਰੀ ਰਾਮ ਬਾਲੀ, ਡਾ ਜੀਵਨ ਸਹੋਤਾ, ਪਰਮਿੰਦਰ ਸਿੰਘ, ਸੋਹਣ ਲਾਲ ਡੀ.ਪੀ.ਆਈ. ਕਾਲਜਾਂ (ਸੇਵਾ-ਮੁਕਤ) ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਸੁਸਾਇਟੀ ਦੀ ਪ੍ਰਧਾਨ ਮੈਡਮ ਸੁਦੇਸ਼ ਕਲਿਆਣ ਨੇ ਸਭ ਦਾ ਧੰਨਵਾਦ ਕੀਤਾ। ਐਡਵੋਕੇਟ ਕੁਲਦੀਪ ਭੱਟੀ ਨੇ ਸਟੇਜ ਸੰ-ਚਾਲਨ ਨੂੰ ਵਧੀਆ ਢੰਗ ਨਾਲ ਨਿਭਾਇਆ।

ਇਸ ਮੌਕੇ ਬਲਦੇਵ ਰਾਜ ਭਾਰਦਵਾਜ, ਚਰਨ ਦਾਸ ਸੰਧੂ, ਜਸਵਿੰਦਰ ਵਰਿਆਣਾ, ਰਮੇਸ਼ ਚੰਦਰ ਅੰਬੇਸਡੋਰ, ਰਾਮ ਲਾਲ ਦਾਸ, ਐਡਵੋਕੇਟ ਹਰਭਜਨ ਸਾਂਪਲਾ, ਚਮਨ ਸਾਂਪਲਾ, ਬੀ.ਸੀ. ਗਿੱਲ, ਡਾ: ਚਰਨਜੀਤ, ਡਾ: ਰਵੀ ਕਾਂਤ ਪਾਲ, ਪਰਮ ਦਾਸ ਹੀਰ, ਚੈਨ ਕੁਮਾਰ, ਵਰਿੰਦਰ ਕੁਮਾਰ, ਸ਼ੁਭਮ, ਮਿਸ ਪ੍ਰੀਤੀ ਅਤੇ ਹੋਰ ਹਾਜ਼ਰ ਸਨ।



ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਦੀ ਵਿਸ਼ੇਸ਼ ਮੀਟਿੰਗ ਡੇਰਾ ਸਚਖੰਡ ਚੱਕ ਹਕੀਮ ਵਿਖੇ ਮਹੰਤ ਪਰਸ਼ੋਤਮ ਲਾਲ ਜੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਕੌਮੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਮੁੱਖ ਮਹਿਮਾਨ ਸ਼ਾਮਲ ਹੋਏ,ਉਨਾਂ ਦੇ ਨਾਲ ਸੰਤ ਸਰਵਣ ਦਾਸ ਲੁਧਿਆਣਾ ਵੀ ਹਾਜਰ ਸਨ, ਇਸ ਸਮੇਂ ਦੇਸ਼ ਵਿਚ ਆਦਿ ਧਰਮ ਮਿਸ਼ਨ ਦੀ ਲਹਿਰ ਨੂੰ ਘਰ ਘਰ ਪਹੁੰਚਾਉਣ ਲਈ ਵਿਚਾਰ ਪੇਸ਼ ਕੀਤੇ ਗਏ ਅਤੇ ਆਦਿ ਵਾਸੀ ਮੂਲ ਨਿਵਾਸੀ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਆਦਿ ਧਰਮ ਜਾਗ੍ਰਿਤੀ ਰੱਥ ਯਾਤਰਾ ਸ਼ੁਰੂ ਕਰਨ ਦਾ ਐਲਾਨ ਵੀ ਕੀਤਾ।



ਗੁਰੂ ਰਵੀਦਾਸ ਜੀ ਤੁਗਲੁਕਾਬਾਦ ਗੁਰੂ ਨਾਨਕ ਦੇਵ ਅਸਾਮ ਭਗਵਾਨ ਵਾਲਮੀਕ ਜੀ ਲਖਨਊ ਰਾਮਗੜ੍ਹੀਆ ਗੁਰੂ ਘਰ ਸੰਗਰੂਰ ਬੁੱਧ ਵਿਹਾਰ ਦਿੱਲੀ ਅਤੇ ਡਾ ਅੰਬੇਡਕਰ ਜੀ ਰਾਜਪੁਰਾ ਆਦਿ ਥਾਵਾਂ ਉੱਪਰ ਮੰਦਰ ਗੁਰੂ ਘਰ ਢਾਹੇ ਗਏ ਬੁੱਤ ਤੋੜਨ ਦੇ ਸਬੰਧ ਵਿੱਚ ਸਹਾਇਕ ਰਾਜਦੂਤ ਘਰ ਕੌਸਲੇਟ। ਫਰੈਂਕਫੋਰਟ ਜਰਮਨੀ ਵਿਖੇ ਕੌਂਸਲੇਟ ਅਜੇ ਨਾਥ ਉਜਾਹਾਂ ਜੀ 23 9.2019 ਨੂੰ ਡਾਂ ਅੰਬੇਡਕਰ ਮਿਸ਼ਨ ਸੁਸਾਇਟੀ ਯੋਰਪ ਜਰਮਨੀ ਵਲੋਂ ਮਗ ਪੱਤਰ ਅਤੇ ਭਾਰਤੀ ਸੰਵਿਧਾਨ ਦਿਤਾ ਗਿਆ ਪਰਧਾਨ ਸੋਹਨ ਲਾਲ ਸਾਪਲਾ ਮਨਦੀਪ ਬਿੰਦ ਵਿਜੇ ਕੁਮਾਰ ਨੀਰੂ ਪੋਲ ਜੀ ਨੇ ਸ਼ਿਰਕਤ ਕੀਤੀ।

## ਸਾਊਥਾਲ ਵਿਖੇ ਆਯੋਜਿਤ ਸਾਹਿਤਕ ਮਹਿਫ਼ਿਲ ਦੌਰਾਨ ਬਲਵੀਰ ਸੂਫ਼ੀ ਦਾ ਸਨਮਾਨ

### ਲੋਕ ਪੱਖੀ ਬੋਲ ਹਮੇਸ਼ਾ ਲਈ ਜੀਵਿਤ ਰਹਿੰਦੇ ਹਨ-ਵਰਿੰਦਰ ਸ਼ਰਮਾ

**ਲੰਡਨ (ਮਨਦੀਪ ਖੁਰਮੀ)** "ਬੇਸ਼ੱਕ ਸੁਹਿਰਦ ਬੋਲਾਂ ਤੇ ਲੇਖਣੀ ਦੇ ਮੁਕਾਬਲੇ ਹਲਕੀ ਸ਼ਬਦਾਵਲੀ ਵਾਲੀ ਗਾਇਕੀ ਅੰਬਰ ਛੋਹ ਰਹੀ ਦਿਸਦੀ ਹੈ, ਪਰ ਅਸਲੀਅਤ ਹੈ ਕਿ ਵਕਤੀ ਤੌਰ 'ਤੇ ਆਏ ਬੱਦਲ ਸੱਚ ਦੇ ਸੂਰਜ ਨੂੰ ਵਧੇਰੇ ਚਿਰ ਲੁਕੋ ਕੇ ਨਹੀਂ ਰੱਖ ਸਕਦੇ। ਕੰਧ 'ਤੇ ਲਿਖਿਆ ਸੱਚ ਇਹ ਹੀ ਹੈ ਕਿ ਲੋਕ ਪੱਖੀ ਤੇ ਸਮਾਜਿਕ ਮਸਲਿਆਂ ਦੀ ਬਾਤ ਪਾਉਂਦੇ ਬੋਲ ਹਮੇਸ਼ਾ ਲਈ ਜੀਵਿਤ ਰਹਿੰਦੇ ਹਨ।" ਉਕਤ ਵਿਚਾਰਾਂ ਦਾ ਪ੍ਰਗਟਾਵਾ ਸਾਊਥਾਲ ਵਿਖੇ ਆਯੋਜਿਤ ਹੋਈ ਸਾਹਿਤਕ ਮਹਿਫਿਲ ਦੌਰਾਨ ਆਪਣੇ ਸੰਬੋਧਨ ਦੌਰਾਨ ਈਲਿੰਗ ਸਾਊਥਾਲ ਦੇ ਪਾਰਲੀਮੈਂਟ ਮੈਂਬਰ ਵੀਰੇਂਦਰ ਸ਼ਰਮਾ ਨੇ ਕੀਤਾ। ਇਸ ਮਹਿਫਿਲ ਦੌਰਾਨ ਪ੍ਰਸਿੱਧ ਗਾਇਕ ਬਲਵੀਰ ਸੂਫ਼ੀ ਨੇ ਆਪਣੇ ਇੱਕ ਤੋਂ ਵਧਕੇ ਇੱਕ ਗੀਤਾਂ ਰਾਂਹੀਂ ਮਾਹੌਲ ਨੂੰ ਸੰਗੀਤਮਈ ਬਣਾਈ ਰੱਖਿਆ। ਵਰਿੰਦਰ ਸਿੰਘ ਵਿਰਕ, ਚਰਨਜੀਤ ਸਿੰਘ ਸਹੋਤਾ, ਰਣਧੀਰ ਸਿੰਘ ਵਿਰਕ ਤੇ ਦਵਿੰਦਰ ਸਹੋਤਾ ਦੇ ਉੱਦਮ ਨਾਲ ਜੁੜੀ ਇਸ ਮਹਿਫਿਲ ਵਿੱਚ ਪੰਜਾਬੀ ਸਾਹਿਤ ਕਲਾ ਕੇਂਦਰ ਦੀ ਪ੍ਰਧਾਨ ਸ੍ਰੀਮਤੀ ਕੁਲਵੰਤ ਕੌਰ ਢਿੱਲੋਂ, ਵੀਰੇਂਦਰ ਸ਼ਰਮਾ, ਸੁਰਜੀਤ ਸਿੰਘ ਘੁੰਮਣ (ਐਮ ਬੀ ਈ), ਮਨਜੀਤ ਕੌਰ ਪੱਡਾ, ਕੁੰਦਨ ਸਿੰਘ ਬੋਲਾ, ਇੰਦਰਜੀਤ ਲੰਡਨ, ਕੁਲਦੀਪ ਮਹੇ, ਭਿੰਦਰ ਜਲਾਲਾਬਾਦੀ ਆਦਿ ਵੱਲੋਂ ਯਾਦ ਨਿਸ਼ਾਨੀ ਨਾਲ ਸਨਮਾਨ ਕੀਤਾ ਗਿਆ।



'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਇਕ ਚੰਗਾ ਅਧਿਆਪਕ ਵਿਦਿਆਰਥੀ ਨੂੰ ਹਮੇਸ਼ਾ ਯਾਦ ਰਹਿੰਦਾ ਹੈ- ਸ਼ੇਰਗਿੱਲ





**ਬੰਗਾ–** ਸਮਾਜ ਸੇਵੀ ਕੰਮਾਂ ਵਿਚ ਬਹੁਮੁੱਲਾ ਯੋਗਦਾਨ ਪਾਉਣ ਵਾਲੀ ਸੰਸਥਾ ਰੋਟਰੀ ਕਲੱਬ ਬੰਗਾ ਨੇ ਇਲਾਕੇ ਦੇ ਵੱਖ-ਵੱਖ ਸਕੂਲਾਂ ਦੇ 11 ਅਧਿਆਪਕਾਂ ਨੂੰ ਆਪੋ-ਆਪਣੇ ਸਕੂਲਾਂ ਵਿਚ ਪਾਏ ਵਡਮੁੱਲੇ ਯੋਗਦਾਨ ਸਦਕਾ 'ਨੇਬਨ ਬਿਲਡਰ' ਐਵਾਰਡ 2019-2020 ਨਾਲ ਸਨਮਾਨਿਤ ਕੀਤਾ ਗਿਆ। ਕਲੱਬ ਵੱਲੋਂਬੰਗਾ ਦੇ ਇਕ ਨਿੱਜੀ ਰੈਸਟੋਰੈਂਟ ਵਿਖੇ ਇਕ ਪ੍ਰਭਾਵਸ਼ਾਲੀ ਸਮਾਗਮ ਆਯੋਜਿਤ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਕਲੱਬ ਦੇ ਪ੍ਰਧਾਨ ਸੁਰਿੰਦਰ ਸਿੰਘ ਵੱਲੋਂ ਕੀਤੀ ਗਈ, ਜਦੋਂ ਕਿ ਮਹਾਨ ਵਿੱਦਿਆ ਦਾਨੀ ਗੁਰਚਰਨ ਸਿੰਘ ਸ਼ੇਰਗਿੱਲ ਸੰਸਥਾਪਕ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਮੁਕੰਦਪੁਰ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ।

ਮੁੱਖ ਮਹਿਮਾਨ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਜਿੱਥੇ ਸਨਮਾਨ ਹੋਣ ਜਾ ਰਹੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ, ਉਥੇ ਉਹਨਾਂ ਵਿਅਕਤੀ ਦੇ ਜੀਵਨ 'ਚ ਵਿੱਦਿਆ ਦੀ ਮਹੱਤਤਾ ਤੋਂਜਾਣੂ ਕਰਵਾਉਂਦਿਆਂ ਆਪਣੇ ਬੱਚਿਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਵਾਉਣ ਲਈ ਅਧਿਆਪਕਾਂ ਨੂੰ ਸਹਿਯੋਗ ਦੇਣ ਦੀ ਸਲਾਹ ਦਿੱਤੀ। ਉਹਨਾਂ ਕਿਹਾ ਕਿ ਅਧਿਆਪਕ ਹੀ ਹੈ ਜੋ ਵਿਦਿਆਰਥੀ ਨੂੰ ਜ਼ਿੰਦਗੀ ਦੇ ਉਚੇ ਤੋਂ ਉਚੇ ਮੁਕਾਮ 'ਤੇ ਪਹੁੰਚਾ ਸਕਦਾ ਹੈ।

ਸਲਮਾਨਿਤ ਹੋਣ ਵਾਲੇ ਅਧਿਆਪਕਾਂ 'ਚ ਬਲਦੇਵ ਸਿੰਘ ਸਿੱਧੂ, ਭਗਵਾਨ ਦਾਸ, ਸੁਰਿੰਦਰ ਸਿੰਘ ਕਰਮ, ਹਰਪੀਤ ਸਿੰਘ, ਰਾਮ ਲਾਲ, ਦੇਸ ਰਾਜ, ਦੀਦਾਰ ਸਿੰਘ, ਰਜਿੰਦਰ ਕੁਮਾਰ, ਰਾਜਵਿੰਦਰ ਸਿੰਘ ਅਤੇ ਗੁਰਦੇਵ ਸਿੰਘ ਆਦਿ ਸ਼ਾਮਲ ਸਨ।

# ਦੂਰਦਰਸ਼ਨ ਜਲੰਧਰ ਨੂੰ ਮਿਲਿਆ "ਸਭ ਤੋਂ ਵਧੀਆ ਕਾਰਜਸ਼ੀਲ ਨਿਪੁੰਨ ਕੇਂਦਰ" ਦਾ ਰਾਸ਼ਟਰੀ ਐਵਾਰਡ

**ਜਲੰਧਰ (ਬਿਊਰੋ)–** ਪੰਜਾਬੀਆਂ ਦੇ ਮਨਪਸੰਦ ਅਤੇ ਪੰਜਾਬੀ ਸਭਿਆਚਾਰ ਦੇ ਦਰਪਨ ਦੂਰਦਰਸ਼ਨ ਜਲੰਧਰ ਨੇ ਰਾਸ਼ਟਰੀ ਪੱਧਰ ਉਤੇ ਵਿਸ਼ੇਸ਼ ਮੱਲਾਂ ਮਾਰਦਿਆਂ, ਭਾਰਤ ਦੇ ਸਾਰੇ ਦੂਰਦਰਸ਼ਨ ਕੇਦਰਾਂ ਵਿਚੋਂ "ਸਭ ਤੋਂ ਵਧੀਆ ਕਾਰਜਸ਼ੀਲ ਨਿਪੁੰਨ ਕੇਂਦਰ" ਦਾ ਐਵਾਰਡ ਪ੍ਰਾਪਤ ਕੀਤਾ ਹੈ। ਇਹ ਐਵਾਰਡ ਭਾਰਤ ਦੇ ਸਾਰੇ ਦੂਰਦਰਸ਼ਨ ਕੇਂਦਰਾਂ ਵਿੱਚੋਂ ਇੱਕਲਿਆਂ ਜਲੰਧਰ ਦੂਰਦਰਸ਼ਨ ਦੇ ਹਿੱਸੇ ਆਇਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਦੂਰਦਰਸ਼ਨ ਕੇਂਦਰ ਦੀ ਐਚ.ਓ.ਪੀ. ਇੰਦੂ ਵਰਮਾ ਨੇ ਦੱਸਿਆ ਕਿ ਪ੍ਰੋਗਰਾਮ ਐਗਜੈਕਟਿਵਜ਼ ਅਤੇ ਸਟਾਫ ਦੀ ਘਾਟ ਹੋਣ ਦੇ ਬਾਵਜੂਦ ਵੀ ਦੂਰਦਰਸ਼ਨ ਨੇ ਇਹ ਸਨਮਾਨ ਯੋਗ ਪ੍ਰਾਪਤੀ ਕੀਤੀ ਹੈ। ਇਸ ਸਮੇਂ ਦੂਰਦਰਸ਼ਨ ਭਵਨ ਨਵੀਂ ਦਿੱਲੀ 'ਚ 16 ਸਤੰਬਰ ਨੂੰ ਕਰਵਾਏ ਰਾਸ਼ਟਰੀ ਪ੍ਰੋਗਰਾਮ "ਦੂਰਦਰਸ਼ਨ ਦੇ ਸਲਾਨਾ 11ਵੇਂ ਤੇ 12ਵੇਂ ਐਵਾਰਡ ਸਮਾਗਮ" ਵਿੱਚ ਦੂਰਦਰਸ਼ਨ ਕੇਂਦਰ ਜਲੰਧਰ ਦੀ ਤਰਫੋਂ ਦੂਰਦਰਸ਼ਨ ਦੀ ਐਚ.ਓ.ਪੀ. ਇੰਦੂ ਵਰਮਾ ਨੇ ਇਹ ਐਵਾਰਡ ਪ੍ਰਾਪਤ ਕੀਤਾ।





ਦੂਰਦਰਸ਼ਨ ਕੇਂਦਰ ਜਲੰਧਰ ਪਿਛਲੇ ਲੰਮੇ ਸਮੇਂ ਤੋਂ ਸਿੱਖਿਆ ਪ੍ਰਸਾਰ, ਸੂਚਨਾਵਾਂ ਦੇ ਪ੍ਰਸਾਰਣ, ਪ੍ਰਚਾਰਨ ਅਤੇ ਮਨੋਰੰਜਨ ਲਈ ਜਾਣਿਆ ਜਾਂਦਾ ਹੈ ਅਤੇ ਇਸ ਦੇ ਪ੍ਰੋਗਰਾਮ 150 ਤੋਂ ਵੱਧ ਦੇਸ਼ਾਂ ਵਿੱਚ ਵੇਖੇ ਜਾਂਦੇ ਹਨ। ਪੰਜਾਬੀ ਬੋਲੀ, ਪੰਜਾਬੀ ਸੱਭਿਆਚਾਰ ਦੇ ਪ੍ਰਫੁਲਤਾ ਲਈ ਜਾਣਿਆ ਜਾਂਦਾ ਇਹ ਕੇਂਦਰ ਖ਼ਾਸ ਕਰਕੇ ਪੇਂਡੂ ਖਿੱਤੇ ਲਈ ਵਿਸ਼ੇਸ਼ ਖਿੱਚ ਹੈ ਅਤੇ ਤਿੰਨ ਕਰੋੜ ਤੋਂ ਵੱਧ ਲੋਕ ਇਹਨਾ ਪ੍ਰੋਗਰਾਮਾਂ ਨੂੰ ਦੁਨੀਆ ਭਰ ਵਿੱਚ ਹਰ ਰੋਜ਼ ਦੇਖਦੇ ਹਨ।

ਦੂਰਦਰਸ਼ਨ ਕੇਂਦਰ ਵਲੋਂ ਪੰਜਾਬੀ ਭਾਸ਼ਾ ਦੇ ਪ੍ਰਸਾਰ ਲਈ ਵਿਸ਼ੇਸ਼ ਤੌਰ 'ਤੇ ਜਾਣੇ ਜਾਂਦੇ ਇਸ ਕੇਂਦਰ ਵਲੋਂ ਨਿਵੇਕਲੇ ਪ੍ਰੋਗਰਾਮ ਪ੍ਰਸਾਰਤ ਕੀਤੇ ਜਾਂਦੇ ਹਨ।

ਸ਼੍ਰੀਮਤੀ ਇੰਦੂ ਵਰਮਾ ਨੇ ਦੱਸਿਆ ਕਿ ਨਵੰਬਰ ਮਹੀਨੇ 'ਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ ਦਿਹਾੜੇ ਸਬੰਧੀ ਮਨਾਏ ਜਾ ਰਹੇ ਪ੍ਰੋਗਰਾਮਾਂ ਦੀ ਰਿਪੋਰਟਿੰਗ ਕੀਤੀ ਜਾਵੇਗੀ ਅਤੇ ਦੂਰਦਰਸ਼ਨ ਕੇਂਦਰ ਵਲੋਂ ਆਪਣੇ ਵਲੋਂ ਵੀ ਪ੍ਰੋਗਰਾਮ ਤਿਆਰ ਕਰਕੇ ਗੁਰੂ ਨਾਨਕ ਲੇਵਾ ਸੰਗਤਾਂ ਲਈ ਵਿਸ਼ੇਸ਼ ਤੌਰ 'ਤੇ ਪ੍ਰਸਾਰਿਤ ਕੀਤੇ ਜਾਣਗੇ। ਇਸ ਸਮੇਂ ਹੋਰਨਾਂ ਤੋਂ ਬਿਨ੍ਹਾਂ ਪ੍ਰੋਡਿਊਸਰ ਨਿਊਜ਼ ਗੁਰਮੇਲ ਸਿੰਘ,. ਪ੍ਰੋਡਿਊਸਰ ਕੇਵਲ ਕ੍ਰਿਸ਼ਨ, ਪ੍ਰੋਡਿਊਸਰ ਸ਼ੁਲਿੰਦਰ ਸ਼ਰਮਾ ਅਤੇ ਪ੍ਰੋਡਿਊਸਰ ਸ਼੍ਰੀਮਤੀ ਕੁਲਵਿੰਦਰ ਬੁਟਰ ਹਾਜ਼ਰ ਸਨ। ਜਿਹਨਾ ਨੇ ਆਪੋ-ਆਪਣੇ ਪ੍ਰੋਗਰਾਮਾਂ ਬਾਰੇ ਪ੍ਰੈਸ ਕਾਨਫਰੰਸ ਵਿੱਚ ਭਰਪੂਰ ਜਾਣਕਾਰੀ ਦਿੱਤੀ।

# ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਵਲੋਂ ਡਾ. ਤੇਜਵੰਤ ਮਾਨ ਨਾਲ ਹੋਏ ਵਿਵਹਾਰ ਦੀ ਸਖ਼ਤ ਨਿੰਦਾ

**ਹੁਸ਼ਿਆਰਪੁਰ (ਬਿਊਰੋ)–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੀ ਇੱਕ ਹੰਗਾਮੀ ਮੀਟਿੰਗ ਪ੍ਰਧਾਨ ਮਦਨ ਵੀਰਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਭਾਸ਼ਾ ਵਿਭਾਗ ਪੰਜਾਬ ਦੇ ਹਿੰਦੀ ਦਿਵਸ ਵਾਲੇ ਸਮਾਗਮ ਦੌਰਾਨ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਡਾ. ਤੇਜਵੰਤ ਮਾਨ ਨਾਲ ਕੀਤੇ ਗਏ ਦੁਰ-ਵਿਵਹਾਰ ਦੀ ਸਖ਼ਤ ਨਿੰਦਾ ਕਰਦਿਆਂ ਮੁਲਕ ਨੂੰ "ਇੱਕ ਭਾਸ਼ਾ ਇੱਕ ਰਾਸ਼ਟਰ" ਦੇ ਸੰਕਲਪ ਵੱਲ ਲਿਜਾਣ ਦੇ ਕੀਤੇ ਜਾ ਰਹੇ ਯਤਨਾਂ ਖ਼ਿਲਾਫ਼ ਸਮੂਹ ਲੇਖਕ ਭਾਈਚਾਰੇ ਨੂੰ ਇੱਕਮੁਠ ਹੋਣ ਦਾ ਸੱਦਾ ਦਿੱਤਾ।ਮੀਟਿੰਗ ਨੂੰ ਸਾਂਝੇ ਰੂਪ ਵਿਚ ਸੰਬੋਧਨ ਕਰਦਿਆਂ ਡਾ. ਕਰਮਜੀਤ ਸਿੰਘ, ਪ੍ਰਧਾਨ ਮਦਨਵੀਰਾ ਅਤੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਕਿਹਾ ਕਿ ਪੂਰੇ ਦੇਸ਼ ਵਿਚ ਜਿਸ ਤਰੀਕੇ ਨਾਲ ਬਹੁ-ਭਾਸ਼ਾਈ ਅਤੇ ਬਹੁ-ਸਭਿਆਚਾਰਕ ਢਾਂਚੇ ਨੂੰ ਤਬਾਹ ਕਰਕੇ ਸਿਰਫ ਇੱਕੋ ਰੰਗ ਵਿਚ ਰੰਗਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਇਹ ਭਾਰਤ ਵਰਗੇ ਬਹੁ-ਕੌਮੀ ਅਤੇ ਬਹੁ-ਭਾਸ਼ਾਈ ਦੇਸ਼ ਦੀ ਤਹਿਜ਼ੀਬ ਲਈ ਸੰਕਟ ਦੀ ਨਿਸ਼ਾਨੀ ਹੈ।ਉਨ੍ਹਾਂ ਡਾ. ਤੇਜਵੰਤ ਮਾਨ ਅਤੇ ਸਮੂਹ ਪੰਜਾਬੀਆਂ ਨੂੰ ਦਿੱਤੀਆਂ ਗਈਆਂ ਧਮਕੀਆਂ ਦਾ ਸਫ਼ਤ ਨੋਟਿਸ ਲੈਂਦਿਆਂ ਇਸ ਮਸਲੇ ਤੇ ਭਾਸ਼ਾ ਵਿਭਾਗ ਪੰਜਾਬ ਅਤੇ ਪੰਜਾਬ ਸਰਕਾਰ ਦੀ ਚੁੱਪੀ ਤੇ ਸਵਾਲ ਉਠਾਉਂਦਿਆਂ ਕਿਹਾ ਕਿ ਆਉਂਦੇ ਦਿਨਾਂ ਵਿਚ ਸਮੂਹ ਲੇਖਕ ਭਾਈਚਾਰੇ ਅਤੇ ਸਮਾਜਿਕ ਜਥੇਬੰਦੀਆਂ ਨੂੰ ਨਾਲ ਲੈ ਕੇ ਇਸ ਮੁੱਦੇ ਤੇ ਸੰਵਾਦ ਵੀ ਤੋਰਿਆ ਜਾਵੇਗਾ ਅਤੇ ਜਨਤਕ ਸੰਘਰਸ਼ ਵੀ ਵਿਢਿਆ ਜਾਵੇਗਾ।



ਉਪਰੰਤ ਹੁਸ਼ਿਆਰਪੁਰ ਦੇ ਪ੍ਰਸਿੱਧ ਪੰਜਾਬੀ ਕਵੀ ਅਤੇ ਗਜ਼ਲਗੋ ਕਰਨੈਲ ਸਿੰਘ ਨੇਕਨਾਮਾ ਦੇ ਅਚਨਚੇਤ ਵਿਛੋੜੇ ਤੇ ਦੋ ਮਿੰਟ ਦਾ ਮੌਨ ਰੱਖ ਕੇ ਪਰਿਵਾਰ ਨਾਲ ਗਹਿਰੀ ਸੰਵੇਦਨਾ ਪ੍ਰਗਟਾਈ ਗਈ।

ਇਸ ਮੌਕੇ ਕੁਲਤਾਰ ਸਿੰਘ ਕੁਲਤਾਰ, ਡਾ. ਮਨਮੋਹਨ ਸਿੰਘ ਤੀਰ, ਜਸਬੀਰ ਸਿੰਘ ਧੀਮਾਨ, ਪ੍ਰਿੰ. ਨਵਤੇਜ ਗੜ੍ਹਦੀਵਾਲਾ, ਸੁਰਿੰਦਰ ਸਿੰਘ ਕੰਗਵੀ, ਡਾ. ਸ਼ਮਸ਼ੇਰ ਮੋਹੀ, ਡਾ. ਸਰਦੂਲ ਸਿੰਘ, ਡਾ. ਸੁਖਦੇਵ ਸਿੰਘ ਢਿੱਲੋਂ, ਡਾ. ਅਵਤਾਰ ਸਿੰਘ ਓਠੀ, ਡਾ. ਪਰਮਜੀਤ ਸਿੰਘ, ਸਤੀਸ਼ ਕੁਮਾਰ, ਹਰਵਿੰਦਰ ਸਾਹਬੀ, ਪ੍ਰਿੰ. ਦਾਸ ਭਾਰਤੀ, ਪ੍ਰਿੰ. ਗੁਰਦਿਆਲ ਸਿੰਘ ਫੁੱਲ, ਪ੍ਰਿੰ. ਸਤਵੰਤ ਕਲੋਟੀ, ਤ੍ਰਿਪਤਾ ਕੇ. ਸਿੰਘ, ਕੁਲਵਿੰਦਰ ਕੌਰ ਰੂਹਾਨੀ, ਸੋਮਦੱਤ ਦਿਲਗੀਰ, ਲਖਵਿੰਦਰ ਰਾਮ, ਪ੍ਰੀਤ ਨੀਤਪੁਰ, ਸੁਰਿੰਦਰ ਸੱਲ੍ਹਣ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ।

# ਐੱਸ.ਸੀ.ਬੀ.ਸੀ. ਫੈੱਡਰੇਸ਼ਨ ਨੇ ਸੌਂਪਿਆ ਮੰਗ ਪੱਤਰ



**ਹੁਸ਼ਿਆਰਪੁਰ (ਬਿਊਰੋ)–** ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ.ਬੀ.ਸੀ. ਇੰਪਲਾਈਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਰਜਿ. ਦੀ ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਵਲੋਂ ਜ਼ਿਲ੍ਹਾ ਪ੍ਰਧਾਨ ਸ. ਕੁਲਵਿੰਦਰ ਸਿੰਘ ਬੋਦਲ ਦੀ ਅਗਵਾਈ ਵਿਚ ਰਾਸ਼ਟਰ-ਪਤੀ ਅਤੇ ਪ੍ਰਧਾਨ ਮੰਤਰੀ ਦੇ ਨਾਂ ਇੱਕ ਮੰਗ ਪੱਤਰ ਪੀ.ਸੀ.ਐੱਸ. ਅਫਸਰ ਸ਼੍ਰੀ ਅਮਿਤ ਮਹਾਜਨ ਨੂੰ ਸੌਂਪਿਆ ਗਿਆ ਜਿਸ ਵਿਚ ਕੇਂਦਰ ਸਰਕਾਰ ਵਲੋਂ ਤੁਗਲਕਾਬਾਦ ਨਵੀਂ ਦਿੱਲੀ ਵਿਖੇ 600 ਸਾਲ ਪੁਰਾਣੇ ਸ਼੍ਰੀ ਗੁਰੂ ਰਵਿਦਾਸ ਮੰਦਰ ਨੂੰ ਢਹਿ ਢੇਰੀ ਕਰਨ ਦੀ ਆਲੋਚਨਾ ਕਰਦਿਆਂ ਮੰਦਰ ਨੂੰ ਮੁੜ ਉਸੇ ਥਾਂ ਤੇ ਬਣਾਉਣ ਦੀ ਮੰਗ ਕੀਤੀ ਗਈ।ਸ. ਬੋਦਲ ਦੀ ਅਗਵਾਈ ਵਿਚ ਸਾਥੀਆਂ ਨੇ ਕਿਹਾ ਕਿ ਦੇਸ਼ ਵਿਦੇਸ਼ ਦੇ ਕਰੀਬ 40 ਕਰੋੜ ਦਲਿਤ ਲੋਕਾਂ ਦੀ ਆਸਥਾ ਇਸ ਸਥਾਨ ਨਾਲ ਜੁੜੀ ਹੋਈ ਹੈ। ਇਸ ਦੇ ਨਾਲ ਹੀ ਉਨ੍ਹਾਂ ਹਿਰਾਸਤ ਵਿਚ ਲਏ ਗਏ 93 ਦਲਿਤ ਭਾਈਚਾਰੇ ਦੇ ਲੋਕਾਂ ਨੂੰ ਵੀ ਬਿਨਾਂ ਸ਼ਰਤ ਰਿਹਾਅ ਕਰਨ ਦੀ ਵੀ ਮੰਗ ਕੀਤੀ।

ਇਸ ਮੌਕੇ ਮੰਗ ਪੱਤਰ ਦੇਣ ਵਾਲਿਆਂ ਵਿਚ ਲੈਕ. ਬਲਦੇਵ ਸਿੰਘ ਧੁੱਗਾ ਮੀਤ ਪ੍ਰਧਾਨ, ਬਲਜੀਤ ਸਿੰਘ ਜਨਰਲ ਸਕੱਤਰ, ਜਰਨੈਲ ਸਿੰਘ ਸੀਕਰੀ, ਯੋਧਾ ਮੱਲ, ਲਖਵਿੰਦਰ ਰਾਮ, ਬਲਦੇਵ ਸਿੰਘ, ਪ੍ਰਭਜੋਤ ਸਿੰਘ, ਨਰੇਸ਼ ਕੁਮਾਰ ਅਤੇ ਸਾਥੀ ਹਾਜ਼ਰ ਸਨ।

# ਕਾਮਨਵੈਲਥ ਪਾਵਰਲਿਫਟਿਗ ਦੇ ਮੁਕਾਬਲਿਆਂ 'ਚ ਭੁਲੱਥ ਦੇ ਅਜੇਂ ਗੋਗਨਾ ਨੇ ਗੋਲ਼ਡ ਮੈਡਲ ਜਿੱਤਿਆ

**ਜਲੰਧਰ (ਬਿਊਰੋ)—**14 ਤੋਂ 21 ਸਤੰਬਰ ਤੱਕ ਕੈਨੇਡਾ ਦੇ ਸੂਬੇ ਨਿਊਫੋਰਟਲੈਂਡ ਦੇ ਸ਼ਹਿਰ ਸੇਂਟ ਜੋਹਨ ਸਿਟੀ ਵਿਖੇ ਹੋਈ ਕਾਮਨਵੈਲਥ ਪਾਵਰ ਲਿਫਟਿਗ ਪ੍ਰਤਿਯੋਗਤਾ ਚ' ਪੰਜਾਬ ਦੇ ਭੁਲੱਥ ਕਸਬੇ ਦੇ ਜੰਮਪਲ ਅਜੇ ਗੋਗਨਾ ਨੇ ਆਪਣੇ ਅੱਥਰੇ ਜ਼ੋਰ ਨਾਲ ਕੈਨੇਡਾ ਦੀ ਧਰਤੀ ਤੇ ਸਭ ਤੋਂ ਵੱਧ ਬੈਂਚ ਪੈਂਸ ਲਾ ਕੇ ਆਪਣੇ 120 ਕਿੱਲੋਗ੍ਰਾਮ ਵਰਗ ਦੇ ਭਾਰ ਚ' ਗੋ.ਲਡ ਮੈਡਲ ਜਿੱਤਿਆ। 29 ਸਾਲਾ ਨੌਜਵਾਨ ਅਜੇ ਗੋਗਨਾ ਸਪੁੱਤਰ ਪਰਵਾਸੀ ਪੱਤਰਕਾਰ ਰਾਜ ਗੋਗਨਾ ਨੇ ਪਾਵਰਲਿਫਟਰ ਨੇ ਇਸ ਤੋਂ ਪਹਿਲਾ ਜੋ ਭਾਰਤ ਦੀ ਨਾਮਵਰ ਇੰਡੀਅਨ ਪਾਵਰਲਿਫਟਿਗ ਫੈਡਰੇਸ਼ਨ ਵੱਲੋਂ ਖੇਡਦਾ ਹੈ। ਪਿਛਲੇ ਦੋ ਸਾਲਾ 'ਚ ਦੁਬਈ, ਆਸਟ੍ਰੇਲੀਆ, ਜਾਪਾਨ ਤੇ ਹੁਣ ਕੈਨੇਡਾ ਵਿਖੇਂ ਹੋਏ ਪਾਵਰਲਿਫਟਿਗ ਦੇ ਮੁਕਾਬਲਿਆਂ 'ਚ ਦੇਸ਼ ਅਤੇ ਆਪਣੇ ਸੂਬੇ ਦਾ ਨਾਂ ਰੋਸ਼ਨ ਕਰ ਰਿਹਾ ਹੈ ਅਤੇ ਕਾਮਨਵੈਲਥ ਦੇ ਹੋਏ ਪਾਵਰਲਿਫਟਿਗ ਮੁਕਾਬਲਿਆਂ ਚ ਇਕ' ਹੋਰ ਗੋ.ਲਡ ਮੈਡਲ ਭਾਰਤ ਦੀ ਝੋਲੀ ਚ' ਪਾਇਆ ਹੈ। ਯਾਦ ਰਹੇਂ ਕਿ 29 ਸਾਲਾ ਅਜੇਂ ਗੋਗਨਾ ਪੰਜਾਬ ਦੀਆਂ ਅਨੇਕਾਂ ਕਲੱਬਾਂ, ਸੰਸਥਾਵਾਂ ਵੱਲੋਂ ਸਟਰੋਂਗਮੈਨ ਆਫ਼ ਪੰਜਾਬ ਦੇ ਖਿਤਾਬ ਵੀ ਜਿੱਤ ਚੁੱਕਾ ਹੈ। ਅਤੇ ਪਾਵਰਲਿਫਟਿਗ 'ਚ ਅਨੇਕਾਂ ਮਾਣਮੱਤੇ ਇਨਾਮ ਬੜੀ ਹਾਸਿਲ ਕਰ ਚੁੱਕਾ ਹੈ। ਅਜੇਂ ਗੋਗਨਾ ਦੀ ਜਿੱਤ ਦੀ ਖ਼ੁਸ਼ੀ 'ਚ ਭੁਲੱਥ ਦੇ ਨਜ਼ਦੀਕ ਪਿੰਡ ਬਾਗੜੀਆਂ ਵਿਖੇਂ ਹਰ ਸਾਲ ਦੀ ਤਰਾਂ ਹੋ ਰਹੇ ਵਿਸ਼ਾਲ ਕਬੱਡੀ ਟੂਰਨਾਮੈਂਟ ਚ' ਅਜੇਂ ਗੋਗਨਾ ਦਾ 100000 ਰੁਪਿਆ ਅਤੇ ਨਵੇਂ ਮੋਟਰ-ਸਾਈਕਲ ਨਾਲ ਕੈਨੇਡਾ ਦੇ ਐਨ.ਆਰ ਆਈ ਚੰਨਾ ਧਾਲੀਵਾਲ ਪਿੰਡ (ਭਗਵਾਨਪੁਰ ) ਨੇੜੇ ਭੁਲੱਥ ਅਤੇ ਕਾਲਾ ਬਾਗੜੀਆਂ ਸਰਪ੍ਰਸਤ ਦਸਮੇਸ਼ ਸਪੋਰਟਸ, ਸਾਹਿਬਜ਼ਾਦੇ ਸਪੋਰਟਸ ਕਲੱਬ ਪਿੰਡ ਬਾਗੜੀਆਂ ਮਿਤੀ 20 ਨਵੰਬਰ ਨੂੰ ਵਿਸ਼ੇਸ਼ ਤੋਰ 'ਤੇ ਸਨਮਾਨ ਕਰਨਗੇ।




# ਬਹੁਜਨ ਫ਼ਰੰਟ ਪੰਜਾਬ ਦੇ ਆਗੂਆਂ ਵੱਲੋਂ ਪਿੰਡ ਕੌਹਰੀਆਂ ਦਾ ਦੌਰਾ

## 8 ਪੀੜਤ ਪਰਿਵਾਰਾਂ ਨੂੰ ਦਿੱਤੀ ਵੀਹ-ਵੀਹ ਹਜਾਰ ਰੁਪਏ ਦੀ ਵਿੱਤੀ ਮੱਦਦ

**ਸੰਗਰੂਰ (ਬਿਊਰੋ)–** ਸੰਤ ਸਮਾਜ ਦੀ ਅਗਵਾਈ ਹੇਠ ਗਠਿਤ ਹੋਏ 'ਬਹੁਜਨ ਫ਼ਰੰਟ ਪੰਜਾਬ' ਦੇ ਆਗੂਆਂ ਨੇ ਸੀਨੀਅਰ ਆਗੂ ਸੁਖਵਿੰਦਰ ਕੋਟਲੀ ਦੀ ਅਗਵਾਈ ਹੇਠ ਜ਼ਿਲ੍ਹਾ ਸੰਗਰੂਰ ਦੇ ਪਿੰਡ ਕੌਹਰੀਆਂ ਦਾ ਦੌਰਾ ਕੀਤਾ। ਜ਼ਿਕਰਯੋਗ ਹੈ ਕਿ ਸਤਿਗੁਰੂ ਰਵਿਦਾਸ ਜੀ ਦੇ ਤੁਲਗਕਾਬਾਦ ਵਿਖੇ ਇਤਿਹਾਸਕ ਮੰਦਰ ਤੋੜੇ ਜਾਣ ਵਿਰੁੱਧ ਦਿੱਲੀ ਵਿਖੇ 21 ਅਗਸਤ ਨੂੰ ਹੋਏ ਦੇਸ ਵਿਆਪੀ ਪ੍ਰਦਰਸ਼ਨ ਦੌਰਾਨ ਦਿੱਲੀ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ 96 ਸਾਥੀਆਂ ਵਿੱਚ ਜ਼ਿਲ੍ਹਾ ਸੰਗਰੂਰ ਦੇ 13 ਸਾਥੀ ਸ਼ਾਮਿਲ ਹਨ, ਜਿਨ੍ਹਾਂ ਵਿਚੋਂ ਪਿੰਡ ਕੌਹਰੀਆਂ ਦੇ 6, ਪਿੰਡ ਤੇਈਪੁਰ ਅਤੇ ਕੋਟੜਾ ਦੇ ਇੱਕ - ਇੱਕ ਦਲਿਤ ਸਾਥੀ ਸੀ। 'ਬਹੁਜਨ ਫ਼ਰੰਟ ਪੰਜਾਬ' ਦੇ ਆਗੂਆਂ ਦੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕਰ ਕੇ ਦੁੱਖ ਵੰਡਾਇਆ ਅਤੇ ਅੱਠ ਪਰਿਵਾਰਾਂ ਨੂੰ ਪ੍ਰਤੀ ਪਰਿਵਾਰ ਵੀਹ ਹਜਾਰ ਰੂਪੈ ਆਰਥਿਕ ਮੱਦਦ ਵਜੋਂ ਭੇਟ ਕੀਤੇ। ਰਵਿਦਾਸ ਮੰਦਰ ਵਿੱਚ ਇਕੱਠੇ ਹੋਏ ਸੈਂਕੜੇ ਪਿੰਡ ਵਾਸੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ 'ਬਹੁਜਨ ਫ਼ਰੰਟ ਪੰਜਾਬ' ਦੇ ਸੀਨੀਅਰ ਆਗੂ ਸੁਖਵਿੰਦਰ ਸਿੰਘ ਕੋਟਲੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਆਰ.ਐੱਸ.ਐੱਸ. ਦੀ ਸਹਿ 'ਤੇ ਸਤਿਗੁਰੂ ਰਵਿਦਾਸ ਜੀ ਦਾ ਇਤਿਹਾਸਕ ਮੰਦਰ ਤੋੜਨ ਉਪਰੰਤ ਦਲਿਤ ਸਮਾਜ ਦੇ ਸਾਥੀਆਂ ਨੂੰ ਜੇਲ੍ਹਾਂ ਵਿੱਚ ਡੱਕ ਕੇ ਦਲਿਤ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਸੁਖਵਿੰਦਰ ਸਿੰਘ ਕੋਟਲੀ ਨੇ ਕਿਹਾ ਕਿ ਤੁਗਲਕਾਬਾਦ ਵਿਖੇ ਮੰਦਰ ਦੇ ਮੁੜ ਨਿਰਮਾਣ ਅਤੇ ਸੰਘਰਸ਼ ਕਰ ਰਹੇ 96 ਸਾਥੀਆਂ ਦੀ ਤੁਰਤ ਰਿਹਾਈ ਲਈ ਸੰਤ ਸਮਾਜ ਦੀ ਯੋਗ ਅਗਵਾਈ ਹੇਠ ਕੇਂਦਰੀ ਮੰਤਰੀਆਂ ਦੇ ਘਰਾਂ ਦਾ ਘਿਰਾਓ ਕਰਨ ਦੇ ਪ੍ਰੋਗਰਾਮ ਤਹਿਤ 24 ਸਤੰਬਰ ਨੂੰ ਅੰਮ੍ਰਿਤਸਰ ਵਿਖੇ ਕੇਂਦਰੀ ਮੰਤਰੀ ਹਰਦੀਪ ਪੁਰੀ ਦੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ।



ਕਮਲਜੀਤ ਸਿੰਘ ਸਰਪੰਚ ਚਹੇੜੂ ਨੇ ਦੱਸਿਆ ਕਿ ਦਿੱਲੀ ਵਿਖੇ ਗ੍ਰਿਫ਼ਤਾਰ ਸਾਥੀਆਂ ਦੀ ਰਿਹਾਈ ਲਈ ਸੰਘਰਸ਼ ਤੋਂ ਇਲਾਵਾ ਕਾਨੂੰਨੀ ਲੜਾਈ ਵੀ ਲੜੀ ਜਾ ਰਹੀ ਹੈ। ਫ਼ਰੰਟ ਦੇ ਆਗੂ ਮੋਤੀ ਲਾਲ ਛਾਛੀਆਂ ਨੇ ਅਪੀਲ ਕੀਤੀ ਕਿ ਦਲਿਤ ਸਮਾਜ ਦੀਆ ਸਮੂਹ ਜਥੇਬੰਦੀਆਂ ਵੱਡੀ ਗਿਣਤੀ ਵਿੱਚ 24 ਸਤੰਬਰ ਦੇ ਘਿਰਾਓ ਲਈ ਅੰਮ੍ਰਿਤਸਰ ਪੁੱਜਣ। ਇਸ ਸਮੇਂ ਸੰਤ ਬਾਬਾ ਕਰਨੈਲ ਸਿੰਘ ਲਹਿਰਾ, ਕੁਲਵੰਤ ਸਿੰਘ ਟਿੱਬਾ, ਦਰਸਨ ਸਿੰਘ ਬਾਜਵਾ, ਐਡਵੋਕੇਟ ਕੁਲਦੀਪ ਭੱਟੀ, ਅਮਰਜੀਤ ਸਿੰਘ ਖੁੱਤਣ, ਗੁਰਜੰਟ ਸਿੰਘ ਕੌਹਰੀਆਂ, ਜਗਸੀਰ ਸਿੰਘ ਪੰਚ, ਤਰਸੇਮ ਚੁੰਬਰ, ਕਮਲਜੀਤ ਸਿੰਘ ਸਰਪੰਚ ਚਹੇੜੂ, ਜਸਵਿੰਦਰ ਬੱਲ੍ਹਾਂ, ਬਲਵਿੰਦਰ ਬੁੱਗਾ ਬਲਾਕ ਸੰਮਤੀ ਮੈਂਬਰ, ਕੁਲਵਿੰਦਰ ਬੈਸ, ਮੋਤੀ ਲਾਲ ਛਾਛੀਆ, ਬੰਤਾ ਸਿੰਘ ਕੈਂਪਰ ਆਦਿ ਆਗੂ ਹਾਜਰ ਸਨ।

## ਗੁਰਪੁਰਬ ਗੁਰਗੱਦੀ/ ਜੋਤੀ-ਜੋਤ ਸਤੰਬਰ (1574-1581

# ਗੁਰੂ ਰਾਮਦਾਸ ਜੀ



ਗੁਰੂ ਰਾਮਦਾਸ ਜੀ ਦਾ ਸਮਾਂ 1534-1581 ਤੱਕ ਦਾ ਹੈ। ਹਮਾਯੂੰ 1530 ਵਿਚ ਮੁਗਲ ਬਾਦਸ਼ਾਹ ਬਣਿਆ। ਪੰਜਾਬ ਵਿਚ ਰਾਜਨੀਤਿਕ ਅਰਾਜਕਤਾ ਸੀ। ਅਕਬਰ 1556 ਵਿਚ ਮੁਗਲ ਬਾਦਸ਼ਾਹ ਬਣਿਆ, ਤਦ ਵੀ ਹਾਲਾਤ ਸੁਖਾਵੇਂ ਨਹੀਂ ਸਨ। ਗੁਰੂ ਰਾਮਦਾਸ ਜੀ ਉਸ ਸਮੇਂ ਗੁਰੂ ਅਮਰਦਾਸ ਜੀ ਦੀ ਸਰਪ੍ਰਸਤੀ ਹੇਠ ਗੋਇੰਦਵਾਲ ਵਿਖੇ ਸਿੱਖ ਪੰਥ ਦੀ ਸੇਵਾ ਕਰ ਰਹੇ ਸਨ। ਮੁਗਲ ਹਕੂਮਤ ਅਤੇ ਧਰਮਾਂ ਦੀ ਪੂਜਾ ਵਿਚ ਵੈਰ-ਵਿਰੋਧ ਸੀ। ਸਾਰੇ ਧਰਮਾਂ ਵਿਚ ਵੰਡੀਆਂ ਪਈਆਂ ਸਨ। ਜਾਤ-ਪਾਤ, ਧੜੇਬੰਦੀ, ਲੁੱਟ-ਖਸੁੱਟ ਜੋਰਾਂ 'ਤੇ ਸੀ। ਗਿਆਨ ਵਿਹੂਣੇ ਲੋਕ ਭਟਕ ਰਹੇ ਸਨ। ਪਰ ਬਾਦਸ਼ਾਹ ਆਪ ਖੁੱਲ੍ਹ ਦਿਲੀ ਦਾ ਮਾਲਕ ਸੀ। ਸਿੱਖ ਧਰਮ ਲਈ ਸ਼ਾਂਤੀ ਅਤੇ ਵਿਕਾਸ ਦਾ ਸਮਾਂ ਸੀ। ਅਜਿਹੇ ਸਮੇਂ ਵਿਚ ਗੁਰੂ ਰਾਮਦਾਸ ਜੀ ਨੇ ਸੇਵਾ ਭਾਵਨਾ ਦੀ ਮਿਸਾਲ ਬਣ ਕੇ ਗੁਰਗੱਦੀ ਪ੍ਰਾਪਤ ਕੀਤੀ। ਪ੍ਰਚੱਲਿਤ ਝੂਠੇ ਕਰਮਕਾਂਡਾਂ, ਰੀਤਾਂ-ਰਸਮਾਂ ਦਾ ਵਿਰੋਧ ਕਰਕੇ ਇਕ ਸਾਂਝੇ ਸਮਾਜ ਦੀ ਉਸਾਰ ਲਈ ਹੰਭਲਾ ਮਾਰਿਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ 24 ਸਤੰਬਰ 1534 ਨੂੰ ਪਿਤਾ ਹਰਿਦਾਸ, ਮਾਤਾ ਅਨੂਪ ਦੇਵੀ/ਦਯਾ ਕੌਰ ਦੀ ਕੁੱਖੋਂ ਪਲੇਠਾ ਪੁੱਤਰ ਹੋਇਆ। ਉਹਨਾਂ ਦੇ ਪਿਤਾ ਚੂਨਾ ਮੰਡੀ ਲਾਹੌਰ ਵਿਚ ਇਕ ਸਧਾਰਨ ਦੁਕਾਨਦਾਰ ਸਨ। ਪਲੇਠਾ ਪੁੱਤਰ ਹੋਣ ਕਰਕੇ ਜੇਠਾ ਪ੍ਰਸਿੱਧ ਹੋਇਆ। ਆਪ ਸ਼ਰਧਾ ਭਗਤੀ, ਸ਼ਾਂਤ, ਦਾਨੀ ਸੁਭਾਅ, ਸੁੰਦਰ ਸਰੂਪ ਅਤੇ ਤੀਖਣ ਬੁੱਧੀ ਦੇ ਮਾਲਕ ਸਨ। ਨਿੱਕੀ ਉਮਰੇ ਹੀ ਆਪ ਜੀ ਦੇ ਮਾਤਾ-ਪਿਤਾ ਚਲਾਣਾ ਕਰ ਗਏ। ਆਪ ਜੀ ਦੀ ਨਾਨੀ ਉਹਨਾਂ ਨੂੰ ਪਿੰਡ ਬਾਸਰਕੇ ਲੈ ਆਈ। ਜਿੱਥੇ ਆਪ ਘੁੰਗਣੀਆਂ ਵੇਖ ਕੇ ਪਰਿਵਾਰ ਦਾ ਗੁਜ਼ਾਰਾ ਚਲਾਉਂਦੇ ਸਨ। ਰੱਬ ਸਬੱਬੀ ਗੁਰੂ ਅਮਰਦਾਸ ਜੀ ਵੀ ਬਾਸਰਕੇ ਦੇ ਰਹਿਣਵਾਲੇ ਸਨ। ਭਾਈ ਜੇਠਾ ਜੀ ਦੀ ਪਹਿਲੀ ਮਿਲਣੀ ਗੁਰੂ ਅਮਰਦਾਸ ਜੀ ਨਾਲ ਬਾਸਰਕੇ ਹੀ ਹੋਈ। ਫਿਰ ਗੁਰੂ ਅਮਰਦਾਸ ਜੀ ਕੋਲ ਗੋਇੰਦਵਾਲ ਆ ਗਏ। ਗੁਜ਼ਾਰੇ ਲਈ ਘੁੰਗਣੀਆਂ ਹੀ ਵੇਚਦੇ ਰਹੇ। ਆਪਣਾ ਕੰਮ ਬਾਂਤ-ਚਿੱਤ, ਮਿਹਨਤ ਅਤੇ ਇਮਾਨਦਾਰੀ ਨਾਲ ਕਰਦੇ ਸਨ। ਲੋੜਵੰਦਾਂ ਨੂੰ ਮੁਫਤ ਹੀ ਵੰਡ ਦਿੰਦੇ ਸਨ। ਕਾਰ-ਵਿਹਾਰ ਦੇ ਨਾਲ-ਨਾਲ ਗੁਰੂ ਘਰ ਵਿਚ ਸੇਵਾ ਸਿਮਰਨ ਸਤਿਸੰਗ ਵੀ ਕਰਦੇ। ਉਹ ਆਪਣੇ ਮਿੱਠੇ ਅਤੇ ਨਿਮਰਤਾ ਵਾਲੇ ਸੁਭਾਅ ਕਰਕੇ ਸੰਗਤਾਂ ਵਿਚ ਹਰਮਨ ਪਿਆਰੇ ਹੋ ਗਏ। ਗੁਰੂ ਅਮਰਦਾਸ ਜੀ ਦੀ ਕਿਰਪਾ ਨਾਲ ਗੁਰੂ ਘਰ ਦੇ ਲੰਗਰਾਂ ਦੀ ਸੇਵਾ ਅਤੇ ਸੰਗਤਾਂ ਦੀ ਸੇਵਾ ਵਿਚ ਰੁਚੀ ਵਧਦੀ ਗਈ। ਉਹ ਮਧੁਰ ਸੁਰ ਵਿਚ ਗਾਉਂਦੀ ਅਤੇ ਤੰਤੀ ਸਾਜ ਵੀ ਵਜਾਉਂਦੇ। ਇਸ ਤੋਂ ਇਲਾਵਾ ਉਹ 20 ਸਾਲ ਦੀ ਉਮਰ ਵਿਚ ਰਿਸ਼ਟ-ਪੁਸ਼ਟ ਹੋ ਚੁੱਕੇ ਸਨ। ਗੁਰੂ ਅਮਰਦਾਸ ਜੀ ਭਾਈ ਜੇਠਾ ਜੀ ਦੇ ਸੁਭਾਅ, ਰਹਿਣੀ-ਬਹਿਣੀ, ਬੋਲਚਾਲ, ਸੇਵਾ ਸਿਮਰਨ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਆਪਣੀ ਛੋਟੀ ਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ 18 ਫਰਵਰੀ 1554 ਨੂੰ ਸੰਪੰਨ ਕੀਤਾ। ਪਿਤਰੀ ਸਨੇਹ ਕਰਕੇ ਦੰਪਤੀ ਨੂੰ ਆਪਣੇ ਪਰਿਵਾਰ ਵਿਚ ਹੀ ਰੱਖ ਲਿਆ। ਆਪ ਜੀ ਦੇ ਤਿੰਨ ਸਾਹਿਬਜ਼ਾਦੇ- ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ (ਗੁਰੂ) ਜੀ ਸਨ। ਆਪ ਗੁਰੂ ਘਰ ਦੀ ਸੇਵਾ ਵਿਚ ਜਾਂਦੇ ਰਹੇ। ਉਹਨਾਂ ਨੇ ਗੁਰ-ਸਿੱਖੀ ਜੀਵਨ ਨੂੰ ਸਮਝ ਲਿਆ ਸੀ। ਜਦੋਂ ਗੁਰੂ ਅਮਰਦਾਸ ਜੀ ਨੇ ਬਾਉਲੀ ਦਾ ਕੰਮ ਸ਼ੁਰੂ ਕੀਤਾ ਤਾਂ ਭਾਈ ਜੇਠਾ ਜੀ ਨੇ ਸਾਰਾ ਪ੍ਰਬੰਧ ਸੰਭਾਲ ਲਿਆ। ਆਪ ਕਾਰ ਸੇਵਾ ਕਰਦੇ, ਟੋਕਰੀ ਢੋਇਆ ਕਰਦੇ ਸਨ। ਲੋਕਾਚਾਰੀ ਅਤੇ ਰਿਸ਼ਤੇਦਾਰੀ ਤੋਂ ਉਪਰ ਉੱਠ ਕੇ ਸੇਵਾ ਕਰਦੇ ਰਹੇ। ਜਿਸ ਨਾਲ ਉਹਨਾਂ ਨੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਮੁਕਤੀ ਦਾ ਮਾਰਗ ਲੱਭਿਆ। ਗੁਰੂ ਅਮਰਦਾਸ ਜੀ ਉਹਨਾਂ ਦੀ ਨਿਸ਼ਕਾਮ ਅਣਥੱਕ ਸੇਵਾ ਭਾਵਨਾ ਵੇਖ ਕੇ ਪ੍ਰਸੰਨ ਹੁੰਦੇ। ਇਸ ਤਰ੍ਹਾਂ ਭਾਈ ਜੇਠਾ ਜੀ ਗੁਰੂ ਅਮਰਦਾਸ ਜੀ ਦੀ ਕਿਰਪਾ ਅਤੇ ਵਿਸ਼ਵਾਸ ਦੇ ਪਾਤਰ ਬਣ ਗਏ। ਜਦੋਂ ਅਕਬਰ ਦੇ ਦਰਬਾਰ ਵਿਚ ਗੋਂਦੇ ਅਤੇ ਹੋਰ ਜਾਤਿ-ਅਭਿਮਾਨੀਆਂ ਨੇ ਗੁਰੂ ਅਮਰਦਾਸ ਜੀ ਦੀ ਸ਼ਿਕਾਇਤ ਕੀਤੀ ਤਾਂ ਅਕਬਰ ਨੇ ਗੁਰੂ ਸਾਹਿਬ ਜੀ ਨੂੰ ਤਲਬ ਕਰਨ ਦਾ ਹੁਕਮ ਦਿੱਤਾ ਤਾਂ ਉਹਨਾਂ ਨੇ ਭਾਈ ਜੇਠਾ ਜੀ ਨੂੰ ਪੱਖ ਪੂਰਨ ਲਈ ਭੇਜਿਆ। ਭਾਈ ਜੇਠਾ ਜੀ ਨੇ ਪਹਿਲੇ ਤਿੰਨ ਗੁਰੂਆਂ ਦੀ ਗੁਰਬਾਣੀ ਦੀ ਘੋਖ ਕੀਤੀ ਹੋਈ ਸੀ। ਤਦ ਹੀ ਬੜੀ ਗੰਭੀਰਤਾ ਨਾਲ ਆਪਦੇ ਪੱਖ ਨੂੰ ਸ਼ਾਂਤੀ ਪੂਰਵਕ ਪੇਸ਼ ਕੀਤਾ ਕਿ ਸਾਡਾ ਮਨੋਰਥ ਲੋਕ ਭਲਾਈ ਦਾ ਹੈ। ਅਕਬਰ ਬਾਦਸ਼ਾਹ ਦੇ ਸਾਰੇ ਸ਼ੰਕੇ ਦੂਰ ਹੋ ਗਏ। ਸਾਰੇ ਦੋਸ਼ ਖਾਰਜ ਕਰ ਦਿੱਤੇ।

ਸੇਵਾ, ਭਗਤੀ, ਪ੍ਰੇਮ ਅਤੇ ਨਿਮਰਤਾ ਵਾਲੇ ਗੁਣ ਵੇਖ ਕੇ ਉਹਨਾਂ ਦੀ ਘਾਲਣਾ ਵੇਖ ਕੇ ਗੁਰੂ ਅਮਰਦਾਸ ਜੀ ਨੇ ਅਨੁਭਵ ਕਰ ਲਿਆ ਕਿ ਭਾਈ ਜੇਠਾ ਜੀ ਹੁਣ ਦੀਨ-ਦੁਨੀਆਂ ਦਾ ਦਰਦ ਦੂਰ ਕਰਨ ਦੇ ਯੋਗ ਹਨ। ਤਦ 1 ਸਤੰਬਰ 1574 ਨੂੰ ਭਾਈ ਜੇਠਾ ਜੀ ਨੂੰ ਗੁਰੂ ਰਾਮਦਾਸ ਦਾ ਨਾਂ ਦੇ ਕੇ ਗੁਰਗੱਦੀ 'ਤੇ ਬਿਠਾਇਆ। ਗੁਰਬਾਣੀ ਰਚਨਾ ਦੇ ਖੇਤਰ ਵਿਚ ਪਹਿਲੇ ਤਿੰਨ ਗੁਰੂਆਂ ਦੀ ਇਕੱਤਰ ਬਾਣੀ ਦਾ ਅਧਿਐਨ ਕੀਤਾ। ਆਪ ਗੁਰਬਾਣੀ ਦੇ ਉਤਾਰੇ ਤਿਆਰ ਕਰਦੇ ਰਹੇ। ਜਿਸ ਨਾਲ ਉਹਨਾਂ ਨੂੰ ਡੂੰਘੀ ਜਾਣਕਾਰੀ ਪ੍ਰਾਪਤ ਹੋਈ। ਉਹਨਾਂ ਨੇ ਆਪਣੇ-ਆਪ ਨੂੰ ਸਿੱਖੀ ਜੀਵਨ ਵਿਚ ਢਾਲ ਲਿਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਵਿਚ ਉਹਨਾਂ ਦੇ 638 ਪਦੇ, 30 ਸੰਗੀਤਕ ਰਾਗਨੀਆਂ ਵਿਚ ਦਰਜ ਹਨ। ਜਿਵੇਂ ਅਸਟਪਦੀਆਂ, ਛੰਤ, ਵਣਜਾਰਾ, ਕਰਹਲੇ, ਘੋੜੀਆਂ, ਲਾਵਾਂ, ਵਾਰਾਂ ਤੇ ਸੋਹਿਲੇ ਕਾਵਿਕ ਵੰਨਗੀਆਂ ਹਨ। ਉਹਨਾਂ ਦੇ 31 ਸਲੋਕ ਵਾਰਾਂ ਅਤੇ ਵਧੀਕ ਵਿਚ ਹਨ। ਆਪ ਜੀ ਦੀ ਰਚੀ ਗੁਰਬਾਣੀ ਰਾਜਨੀਤਿਕ ਕੁਰੀਤੀਆਂ ਦਾ ਸੰਕੇਤ ਦਿੰਦੀ ਹੈ। ਸਵੈ6ਮਾਣ ਦਾ ਜੀਵਨ ਜਿਊਣ ਦੀ ਪ੍ਰੇਰਨਾ ਦਿੰਦੀ ਹੈ। ਮਨੁੱਖ ਆਪਣੇ ਕਰਮਾਂ ਕਰਕੇ ਜਾਣਿਆ ਜਾਂਦਾ ਹੈ ਨਾ ਕਿ ਜਾਤ ਨਾਲ। ਹਉਮੈ ਦਾ ਤਿਆਗ ਕਰਕੇ ਪ੍ਰਮਾਤਮਾ ਅਤੇ ਆਤਮ-ਸਮਰਪਣ ਕਰਨਾ ਹੈ। ਗੁਰਮਤਿ ਦੀ ਸੋਝੀ ਨਾਲ ਮਨ ਦੀ ਗੱਲ ਦੂਰ ਹੁੰਦੀ ਹੈ। ਨਾਮੁ ਦਾਨ ਇਸ਼ਨਾਨ ਤੇ ਸੁੱਚੀ ਕਿਰਤ ਵੰਡ ਕੇ ਛਕਣਾ ਸਿੱਖੀ ਦੇ ਮੀਰੀ ਗੁਣ ਹਨ। ਅਜਿਹੀ ਰਹਿਤ ਲਾਗੂ ਕੀਤੀ ਕਿ ਅੰਮ੍ਰਿਤ ਵੇਲੇ ਦਾ ਇਸ਼ਨਾਨ ਤੇ ਨਾਮੁ ਜਪਦੇ ਰਹਿਣਾ ਹੀ ਸਿੱਖ ਦਾ ਉਤਮ ਕਰਮ ਹੈ। ਜੋ ਨਾਮੁ ਜਪਦਾ ਹੈ ਉਹ ਧੰਨਤਾ ਦੇ ਯੋਗ ਹੈ। ਸੱਚ ਤੇ ਪਹਿਰਾ ਦੇਣ ਦਾ ਉਪਦੇਸ਼ ਹੈ। ਝੂਠੇ ਕਰਮਕਾਂਡਾਂ ਨੂੰ ਨਹੀਂ ਮੰਨਣਾ। ਸੇਵਾ ਦਾ ਮਾਰਗ ਮੁਕਤੀ ਦਾ ਮਾਰਗ ਪ੍ਰਮਾਤਮਾ ਨਾਲ ਮੇਲ ਦਾ ਰਸਤਾ ਹੈ। ਗੁਰੂ ਅਮਰਦਾਸ ਜੀ ਨੇ ਸੰਨ 1570 ਵਿਚ ਭਾਈ ਜੇਠਾ ਜੀ ਅਤੇ ਬਾਬਾ ਬੁੱਢਾ ਜੀ ਨੂੰ ਉਸ ਅਸਥਾਨ 'ਤੇ ਭੇਜਿਆ, ਜਿੱਥੇ ਹੁਣ ਅੰਮ੍ਰਿਤਸਰ ਵੱਸਿਆ ਹੈ ਕਿ ਉਥੇ ਸਰੋਵਰ ਅਤੇ ਨਗਰ ਵਸਾਓ। ਆਪ ਜੀ ਨੇ ਪਹਿਲਾਂ ਸੰਤੋਖਸਰ ਦੀ ਖੁਦਾਈ ਕੀਤੀ। ਜਿਸ ਟਾਹਲੀ ਹੇਠ ਬੈਠਦੇ ਸਨ, ਉਥੇ ਗੁਰਦੁਆਰਾ ਟਾਹਲੀ ਸਾਹਿਬ ਬਣਿਆ ਹੈ।

ਗੁਰਗੱਦੀ ਤੋਂ ਕੁਝ ਚਿਰ ਪਹਿਲੇ ਗੁਰੂ ਰਾਮਦਾਸ ਜੀ ਨੇ 1574 ਵਿਚ ਪਿੰਡ 'ਗੁਰੂ ਕੇ ਚੱਕ' ਦੀ ਨੀਂਹ ਰੱਖੀ। ਜਿਸਦਾ ਨਾਂ ਰਾਮਦਾਸਪੁਰ ਜਾਂ ਚੱਕ ਰਾਮਦਾਸਪੁਰ ਹੋ ਗਿਆ। ਸੰਨ 1557 ਵਿਚ ਜਿਸ ਥਾਂ ਤੇ ਦਰਬਾਰ ਸਾਹਿਬ ਹੈ ਨਗਰ ਵਸਾਉਣਾ ਸ਼ੁਰੂ ਕੀਤਾ। ਗੁਰੂ ਰਾਮਦਾਸ ਜੀ ਇਸ ਨਗਰੀ ਨੂੰ ਆਦਰਸ਼ਕ ਬਣਾਉਣਾ ਚਾਹੁੰਦੇ ਸਨ। ਵਸਨੀਕ ਸਿਰਫ ਧਾਰਮਿਕ ਹੀ ਨਾ ਰਹਿ ਕੇ ਸਮਾਜਿਕ ਤੇ ਆਰਥਿਕ ਪੱਖੋਂ, ਰੁਜ਼ਗਾਰ ਪੱਖੋਂ ਖੁਸ਼ਹਾਲ ਹੋਣ। ਉਹਨਾਂ ਦੀ ਕਿਰਤ-ਕਮਾਈ ਵਿਚ ਕੋਈ ਥੁੜ੍ਹ ਨਾ ਹੋਵੇ। ਆਪਸੀ ਮਿਲਵਰਤਨ, ਪ੍ਰੇਮ ਵਿਆਹ ਤੇ ਸਾਂਝੇ ਭਾਈਚਾਰਕ ਲੋਕ ਵੱਸਣ। ਉਹਨਾਂ ਵੱਖ-ਵੱਖ ਜਾਤਾਂ ਫਿਰਕਿਆਂ ਦੇ ਵੱਖ-ਵੱਖ ਹੁਨਰ ਦੇ ਨਿਪੁੰਨ ਦਸਤਕਾਰਾਂ, ਕ੍ਰਿਤੀਆਂ ਨੂੰ ਵਸਾਇਆ। ਜਿਹਨਾਂ ਨੇ ਸਮੂਹਿਕ ਤੌਰ 'ਤੇ ਇਕ ਬਜ਼ਾਰ ਦੇ ਰੂਪ ਵਿਚ ਵਪਾਰ ਨੂੰ ਵਧਾਇਆ। ਅੱਜ ਦਾ ਗੁਰੂ ਬਜ਼ਾਰ ਬਣਾਇਆ ਹੈ। ਸੰਨ 1577 ਵਿਚ ਗੁਰੂ ਰਾਮਦਾਸ ਜੀ ਨੇ 'ਦੁੱਖ ਭੰਜਨੀ ਬੇਰੀ' ਦੀ ਥਾਂ ਤੇ ਅੰਮ੍ਰਿਤ ਸਰੋਵਰ ਦੀ ਖੁਦਵਾਈ ਆਰੰਭੀ। ਇਸਨੂੰ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ। ਜਿਸ ਦਾ ਨਾਂ ਅੰਮ੍ਰਿਤਸਰ ਨਗਰ ਪੈ ਗਿਆ। ਆਪ ਜੀ ਨੇ ਆਪਣੇ ਲਈ ਇਕ ਮਕਾਨ ਵੀ ਬਣਵਾਇਆ ਜਿਸਦਾ ਨਾਂ 'ਗੁਰੂ ਕੇ ਮਹਿਲ' ਪੈ ਗਿਆ। ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਕਰਤਾਰਪੁਰ ਸਾਹਿਬ ਦੇ ਲੰਗਰਾਂ ਦੀ ਪ੍ਰਥਾ ਨੂੰ ਅੰਮ੍ਰਿਤਸਰ ਵਿਖੇ ਵੀ ਤਿਵੇਂ ਹੀ ਜਾਰੀ ਰੱਖਿਆ। ਸਰੋਵਰ ਦੇ ਵਿਚਕਾਰ ਹਰਿਮੰਦਰ ਬਣਾਉਣ ਦੀ ਯੋਜਨਾ ਬਣੀ। ਸ਼ਹਿਰ ਦੇ ਵਸੇਬੇ ਲਈ ਉਸਾਰੀ ਦੇ ਕੰਮ ਜਾਰੀ ਸਨ। ਇਹਨਾਂ ਖਰਚਿਆਂ ਨੂੰ ਪੂਰਾ ਕਰਨ ਲਈ ਮਾਇਆ ਦੀ ਲੋੜ ਸੀ। ਮਾਇਆ ਇਕੱਠੀ ਕਰਨ ਲਈ ਮਸੰਦ ਨਿਯੁਕਤ ਕੀਤੇ। ਜੋ ਮਾਇਆ ਇਕੱਠੀ ਕਰਕੇ ਕੇਂਦਰੀ ਖਜ਼ਾਨੇ ਵਿਚ ਜਮ੍ਹਾ ਕਰਵਾਉਂਦੇ। ਅੱਗੇ ਮਾਇਆ ਧਾਰਮਿਕ ਅਤੇ ਸਮਾਜਿਕ ਕਾਰਜਾਂ ਲਈ ਖਰਚ ਹੁੰਦੀ। ਧਰਮ ਪ੍ਰਚਾਰ ਦੀ ਜ਼ਿੰਮੇਵਾਰੀ ਵੀ ਮਸੰਦਾਂ ਕੋਲ ਸੀ। ਜੋ ਗੁਰੂ ਦਾ ਸੰਦੇਸ਼ ਸੰਗਤਾਂ ਤੱਕ ਪਹੁੰਚਾਉਂਦੇ।

ਸੱਚਖੰਡ ਵਾਪਸੀ ਦਾ ਸਮਾਂ ਜਾਣ ਕੇ ਗੁਰੂ ਰਾਮਦਾਸ ਜੀ ਨੇ ਗੁਰਗੱਦੀ ਦੀ ਚੋਣ ਆਪਣੇ ਤਿੰਨ ਸਾਹਿਬਜ਼ਾਦਿਆਂ ਵਿਚੋਂ ਕਰਨੀ ਸੀ। ਉਹ ਪਰਿਵਾਰ ਸਮੇਤ ਗੋਇੰਦਵਾਲ ਚਲੇ ਗਏ, ਕਿਉਂਕਿ ਪ੍ਰਿਥੀਚੰਦ ਦਾ ਗੁਰਗੱਦੀ ਦੇ ਹੱਕ ਵਿਚ ਵਿਰੋਧ ਜਾਰੀ ਸੀ। ਪਰ ਪਰ 1 ਸਤੰਬਰ 1581 ਨੂੰ ਗੁਰਗੱਦੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਕੇ ਜੋਤੀ ਜੋਤ ਸਮਾ ਗਏ।




# ਭਾਰਤ ਦਾ ਸੰਵਿਧਾਨ ਦਾ ਸਫਰ



ਹਰਦੀਪ ਸਿੰਘ ਚੁੰਬਰ
91-94636-01616

1757 ਈ. ਵਿਚ ਪਲਾਸੀ ਦੀ ਲੜਾਈ ਅਤੇ 1764 ਈ: ਵਿਚ ਬਕਸਰ ਦੀ ਲੜਾਈ ਤੋਂ ਬਾਅਦ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੇ ਬੰਗਾਲ ਉੱਤੇ ਰਾਜ ਕਾਇਮ ਕਰ ਲਿਆ। ਇਸ ਨਿਯਮ ਨੂੰ ਅਨੁਕੂਲ ਬਣਾਉਣ ਲਈ ਬ੍ਰਿਟਿਸ਼ ਨੇ ਸਮੇਂ ਸਮੇਂ ਤੇ ਕਈ ਐਕਟ ਪਾਸ ਕੀਤੇ ਜੋ ਕਿ ਭਾਰਤੀ ਸੰਵਿਧਾਨ ਦੇ ਵਿਕਾਸ ਦੀ ਪੌੜੀ ਬਣ ਗਏ। ਭਾਰਤ ਦਾ ਸੰਵਿਧਾਨ ਪ੍ਰਸ਼ਾਸ਼ਨਿਕ ਪ੍ਰਬੰਧਾਂ ਦਾ ਇਕ ਦਸਤਾਵੇਜ਼ ਹੈ। ਇਸ ਦਸਤਾਵੇਜ਼ ਵਿਚ ਲਿਖਿਆ ਹਰ ਸ਼ਬਦ ਸਾਡੀ ਸਰਕਾਰ ਦਾ ਮੁਢਲਾ ਢਾਂਚਾ ਨਿਰਧਾਰਤ ਕਰਦਾ ਹੈ। ਹਰ ਸਰਕਾਰ ਸੰਵਿਧਾਨ ਦੇ ਅਨੁਸਾਰ ਕੰਮ ਕਰਦੀ ਹੈ। ਸਰਕਾਰ ਦਾ ਅਧਿਕਾਰ, ਇਸਦੀ ਗਤੀਵਿਧੀ, ਇਸਦੀ ਸ਼ੈਲੀ, ਇਸ ਦਾ ਡਿਜ਼ਾਈਨ, ਸਰਕਾਰ ਨੂੰ ਕੀ ਕਰਨਾ ਹੈ, ਕੀ ਨਹੀਂ ਕਰਨਾ ਸਾਰੇ ਸੰਵਿਧਾਨ ਵਿੱਚ ਪਰਿਭਾਸ਼ਿਤ ਕੀਤੇ ਗਏ ਹਨ।ਸੰਖੇਪ ਵਿੱਚ, ਭਾਰਤੀ ਸੰਵਿਧਾਨ ਨਿਯਮਾਂ ਨਾਲ ਭਰਪੂਰ ਇੱਕ ਕਿਤਾਬ ਹੈ। ਇਹ ਨਿਯਮ ਸਰਕਾਰ ਦੇ ਮੁੱਖ ਅੰਗ- ਵਿਧਾਨ ਸਭਾ, ਕਾਰਜਕਾਰਨੀ ਅਤੇ ਨਿਆਂਪਾਲਿਕਾ ਦੇ ਢਾਂਚੇ ਅਤੇ ਕਾਰਜਸ਼ੀਲਤਾ ਨੂੰ ਨਿਰਧਾਰਤ ਕਰਦੇ ਹਨ।

ਭਾਰਤ ਦੇ ਸੰਵਿਧਾਨਕ ਦਾ ਵਿਕਾਸ ਦਰਅਸਲ ਅੰਗਰੇਜ਼ੀ ਰਾਜ ਦੀ ਸਥਾਪਨਾ ਨਾਲ ਸ਼ੁਰੂ ਹੁੰਦਾ ਹੈ। ਬੰਗਾਲ ਵਿਚ ਅੰਗਰੇਜ਼ੀ ਰਾਜ ਦੀ ਸਥਾਪਨਾ ਈਸਟ ਇੰਡੀਆ ਕੰਪਨੀ ਦੇ ਕਰਮਚਾਰੀਆਂ ਦੁਆਰਾ ਕੀਤੀ ਗਈ ਸੀ। ਈਸਟ ਇੰਡੀਆ ਕੰਪਨੀ ਦਾ ਉਦੇਸ਼ ਭਾਰਤ ਅਤੇ ਹੋਰ ਪੂਰਬੀ ਦੇਸ਼ਾਂ ਦੇ ਵਪਾਰ ਤੋਂ ਲਾਭ ਉਠਾਉਣਾ ਸੀ, ਪਰ ਭਾਰਤ ਦੀ ਰਾਜਨੀਤਿਕ ਦੁਰਦਸ਼ਾ ਦਾ ਫਾਇਦਾ ਉਠਾਉਂਦਿਆਂ, ਕੰਪਨੀ ਦੇ ਕਰਮਚਾਰੀ ਰਾਜ ਦੇ ਮਾਮਲਿਆਂ ਵਿੱਚ ਦਖਲਅੰਦਾਜ਼ੀ ਕਰਨ ਲੱਗੇ।

1707 ਈ. ਵਿਚ ਔਰੰਗਜ਼ੇਬ ਦੀ ਮੌਤ ਤੋਂ ਬਾਅਦ, ਭਾਰਤ ਦੇ ਰਾਜਾਂ ਦੀ ਏਕਤਾ ਟੁੱਟ ਗਈ ਅਤੇ ਕੰਪਨੀ ਨੇ ਇਸਦਾ ਪੂਰਾ ਲਾਭ ਉਠਾਇਆ। ਬ੍ਰਿਟਿਸ਼ ਸ਼ਾਸ਼ਨ ਨੇ 1947 ਤੱਕ ਭਾਰਤ ਉੱਤੇ ਰਾਜ ਕੀਤਾ ਅਤੇ ਸਮੇਂ ਸਮੇਂ ਤੇ ਭਾਰਤੀ ਰਾਜ ਪ੍ਰਬੰਧ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਕੀਤੀਆਂ ਗਈਆਂ। 15 ਅਗਸਤ 1947 ਨੂੰ ਭਾਰਤ ਸੁਤੰਤਰ ਹੋਇਆ ਅਤੇ ਉਸਤੋਂ ਬਾਅਦ ਭਾਰਤੀ ਗਣਤੰਤਰ (ਸੰਵਿਧਾਨ) ਦਾ ਸੰਵਿਧਾਨ ਲਾਗੂ ਹੋਇਆ ਜੋ 26 ਜਨਵਰੀ 1950 ਨੂੰ ਲਾਗੂ ਹੋਇਆ ਸੀ।

ਅਧਿਐਨ ਦੀ ਸਹੂਲਤ ਲਈ, ਭਾਰਤੀ ਸੰਵਿਧਾਨ ਦੇ ਵਿਕਾਸ ਨੂੰ 6 ਪੜਾਵਾਂ ਵਿੱਚ ਵੰਡਿਆ ਗਿਆ ਹੈ: -

1. ਪਹਿਲਾ ਪੜਾਅ (1773-1857 ਈ.)
2. ਪੜਾਅ ਿ (1858-1909 ਈ)
3. ਪੜਾਅ ਿਿ (1910-1939 ਈ.)
4. ਪੜਾਅ ਿੜ (1940-1947 ਈ.)
5. ਪੰਜਵਾਂ ਪੜਾਅ (1947-1950 ਈ.)
6. ਛੇਵਾਂ ਪੜਾਅ (1950 ਈ. ਤੋਂ ਅੱਜ ਤੱਕ)

### ਬ੍ਰਿਟਿਸ਼ ਕੰਪਨੀ ਰੈਗੂਲੇਟਿੰਗ ਐਕਟ1773

1. ਕੰਪਨੀ ਦੇ ਸ਼ਾਸਨ ਪ੍ਰਬੰਧ ਉੱਤੇ ਸੰਸਦੀ ਕੰਟਰੋਲ ਸਥਾਪਿਤ ਕੀਤਾ ਗਿਆ ਸੀ।
2. ਬੰਗਾਲ ਦੇ ਰਾਜਪਾਲ ਨੂੰ ਤਿੰਨ ਪ੍ਰੈਜ਼ੀਡੈਂਸੀਆਂ ਦਾ ਜਨਰਲ ਨਿਯੁਕਤ ਕੀਤਾ ਗਿਆ ਸੀ।
3. ਕਲਕੱਤਾ ਵਿੱਚ ਇੱਕ ਸੁਪਰੀਮ ਕੋਰਟ ਸਥਾਪਤ ਕੀਤੀ ਗਈ ਸੀ।

ਭਾਰਤ ਦੇ ਸੰਵਿਧਾਨ (ਸੰਵਿਧਾਨ) ਦੀ ਨੀਂਹ ਖੁਦ ਰੈਗੂਲੇਟਿੰਗ ਐਕਟ ਦੁਆਰਾ ਰੱਖੀ ਗਈ ਸੀ। ਇਸਦੇ ਤਹਿਤ, ਬੰਗਾਲ ਵਿੱਚ ਈਸਟ ਇੰਡੀਆ ਕੰਪਨੀ ਦੇ ਸ਼ਾਸਨ ਲਈ ਇੱਕ ਕੌਂਸਲ ਦੀ ਸਥਾਪਨਾ ਕੀਤੀ ਗਈ ਸੀ। ਕੌਂਸਲ ਦੇ ਚਾਰ ਮੈਂਬਰ ਅਤੇ ਇੱਕ ਗਵਰਨਰ ਜਨਰਲ ਸਨ। ਪਹਿਲਾਂ ਗਵਰਨਰ ਜਨਰਲ ਬਣਾਇਆ, ਵਾਰਨ ਹੇਸਟਿੰਗਜ਼। ਉਸ ਕੋਲ ਹੁਣ ਬੰਗਾਲ ਦੇ ਫੋਰਟ ਵਿਲੀਅਮ ਦੇ ਸੈਨਿਕ ਅਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰ ਸਨ। ਇਸ ਐਕਟ ਦੇ ਜ਼ਰੀਏ 1774 ਵਿਚ ਕਲਕੱਤਾ ਵਿਚ ਸੁਪਰੀਮ ਕੋਰਟ ਦੀ ਸਥਾਪਨਾ ਕੀਤੀ ਗਈ। ਸਰ ਅਜ਼ੀਲਾ ਇੰਪੇ ਨੂੰ ਪਹਿਲੇ ਚੀਫ਼ ਜਸਟਿਸ ਵਜੋਂ ਨਿਯੁਕਤ ਕੀਤਾ ਗਿਆ।

### ਸੰਸ਼ੋਧਿਤ ਐਕਟ 1781

ਸਮੇਂ ਦੇ ਨਾਲ, ਰੈਗੂਲੇਟਿੰਗ ਐਕਟ ਨੂੰ ਕੁਝ ਸੁਧਾਰਾਂ ਜਾਂ ਸੋਧਾਂ ਦੀ ਲੋੜ ਸੀ। ਰੈਗੂਲੇਟਿੰਗ ਐਕਟ ਦੇ ਅਨੁਸਾਰ, ਇਹ ਨਿਸ਼ਚਤ ਕੀਤਾ ਗਿਆ ਸੀ ਕਿ ਇੱਕ ਕੰਪਨੀ ਅਧਿਕਾਰੀ ਦੇ ਅਧਿਕਾਰਤ ਕਾਰਜਾਂ ਦੇ ਮਾਮਲੇ ਨਵੇਂ ਬਣੇ ਸੁਪਰੀਮ ਕੋਰਟ ਵਿੱਚ ਜਾਂਦੇ ਸਨ। ਪਰ ਸੋਧ ਐਕਟ 1781 ਦੁਆਰਾ, ਅਧਿਕਾਰੀਆਂ ਦੇ ਸ਼ਾਸਕੀਆ ਕੰਮ ਦੇ ਕੇਸਾਂ ਨੂੰ ਸੁਪਰੀਮ ਕੋਰਟ ਦੇ ਦਾਇਰੇ ਤੋਂ ਬਾਹਰ ਕਰ ਦਿੱਤਾ ਗਿਆ, ਸੁਪਰੀਮ ਕੋਰਟ ਦੇ ਦਾਇਰੇ ਨੂੰ ਸਪੱਸ਼ਟ ਕੀਤਾ ਗਿਆ ਸੀ।

### ਪਿਟ ਇੰਡੀਆ ਐਕਟ 1784

1. ਕੋਰਟ ਆਫ਼ ਡਾਇਰੈਕਟਰਜ਼ - ਕਾਰੋਬਾਰੀ ਮਾਮਲਿਆਂ ਲਈ
2. ਕੰਟਰੋਲਰ ਬੋਰਡ - ਰਾਜਨੀਤਿਕ ਮਾਮਲਿਆਂ ਲਈ

ਪਿਟ ਨਾਮ ਦਾ ਇਕ ਵਿਅਕਤੀ 1784 ਵਿਚ ਇੰਗਲੈਂਡ ਦਾ ਨਵਾਂ ਪ੍ਰਧਾਨ ਮੰਤਰੀ ਬਣਿਆ। ਬ੍ਰਿਟਿਸ਼ ਸਰਕਾਰ ਈਸਟ ਇੰਡੀਆ ਕੰਪਨੀ ਨੂੰ ਸੁਤੰਤਰ ਨਹੀਂ ਛੱਡਣਾ ਚਾਹੁੰਦੀ ਸੀ। ਉਸਨੇ ਆਪਣੀ ਪੂਰੀ ਕੋਸ਼ਿਸ਼ ਕੀਤੀ ਕਿ ਉਹ ਉਸਨੂੰ ਕੰਪਨੀ ਦੀ ਹਰ ਗਤੀਵਿਧੀ ਤੋਂ ਜਾਣੂ ਕਰਵਾਏ ਅਤੇ ਉਸਦੀ ਲਗਾਮ ਸਰਕਾਰ ਹੱਥ ਰਹੇ। ਇਸੇ ਕਰਕੇ ਪਿਟ ਦੇ ਇਸ ਕੰਮ ਨਾਲ ਬ੍ਰਿਟਿਸ਼ ਸਰਕਾਰ ਦਾ ਕੰਪਨੀ ਦੇ ਮਾਮਲਿਆਂ ਉੱਤੇ ਨਿਯੰਤਰਣ ਵਧਿਆ। ਇਕ ਚਾਂਸਲਰ, ਸੈਕਟਰੀ ਆਫ਼ ਸਟੇਟ, ਚਾਰ ਹੋਰ ਮੈਂਬਰਾਂ ਨੂੰ ਬ੍ਰਿਟਿਸ਼ ਸਰਕਾਰ ਨੇ ਨੁਮਾਇੰਦਿਆਂ ਵਜੋਂ ਜ਼ਬਰਦਸਤੀ ਠੂੰਸ ਦਿਤੇ । ਸੀਕਰੇਟ ਕਮੇਟੀ ਬਣਾਈ ਗਈ ਸੀ ਅਤੇ ਮਦਰਾਸ ਅਤੇ ਬੰਬੇ ਪ੍ਰੈਜ਼ੀਡੈਂਸੀ ਨੂੰ ਗਵਰਨਰ ਜਨਰਲ ਅਤੇ ਇਸ ਦੀ ਕੌਂਸਲ ਦੇ ਅਧੀਨ ਵੀ ਰੱਖਿਆ ਗਿਆ।

**ਐਕਟ 1786-** ਪਿਟ ਨੇ ਲਾਰਡ ਕੌਰਨਵਾਲੀਸ ਨੂੰ ਗਵਰਨਰ ਜਨਰਲ ਵਜੋਂ ਲਾਂਚ ਕੀਤਾ। ਕੋਰਨਵੈਲਿਸ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਇਹ ਅਹੁਦਾ ਤਾਂ ਉਦੋਂ ਹੀ ਸੰਭਾਲਣਗੇ ਜਦੋਂ ਉਨ੍ਹਾਂ ਨੂੰ ਗਵਰਨਰ ਜਨਰਲ ਦੇ ਨਾਲ ਨਾਲ ਚੀਫ਼ ਕਮਾਂਡਰ ਬਣਾਇਆ ਜਾਵੇਗਾ ਅਤੇ 1786 ਦੇ ਐਕਟ ਦੇ ਤਹਿਤ ਇਕ ਇਹ ਵੀ ਪ੍ਰਾਵਧਾਨ ਜੋੜਿਆ ਜਾਵੇ ਕਿ ਮੈਂ (ਅਰਥਾਤ ਕੌਰਨ-ਵਾਲੀਸ) ਵਿਸ਼ੇਸ਼ ਹਾਲਤਾਂ ਵਿੱਚ ਆਪਣੀ ਸਭਾ ਨੂੰ ਰੱਦ ਕਰ ਸਕਦਾ ਹੋਵਾਂ।

**ਚਾਰਟਰ ਐਕਟ 1793-** ਇਸ ਐਕਟ ਦੇ ਤਹਿਤ ਉਸ ਦੇ ਵਪਾਰਕ ਅਧਿਕਾਰਾਂ ਨੂੰ ਭਾਰਤ ਵਿਚ 20 ਸਾਲ ਲਈ ਹੋਰ ਵਧਾ ਦਿਤਾ ਗਿਆ ਸੀ। ਇਸ ਦੀਆਂ ਸਭਾਵਾਂ ਦੇ ਫੈਸਲੇ ਨੂੰ ਰੱਦ ਕਰਨ ਦਾ ਅਧਿਕਾਰ ਜੋ ਕਿ 1786 ਦੇ ਐਕਟ ਵਿਚ ਸਿਰਫ ਗਵਰਨਰ ਜਨਰਲ ਕੋਰਨਵਾਲੀਸ ਕੋਲ ਸੀ, ਗਵਰਨਰ ਜਨਰਲ ਦੇ ਨਾਲ ਹੋਰ ਰਾਜਪਾਲਾਂ ਨੂੰ ਦਿੱਤਾ ਗਿਆ। ਇਸ ਦੇ ਜ਼ਰੀਏ ਕੰਟਰੋਲ ਬੋਰਡ ਦੇ ਮੈਂਬਰਾਂ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ ਨੂੰ ਭਾਰਤੀ ਮਾਲੀਆ ਵਿਚੋਂ ਦੇਣ ਦਾ ਪ੍ਰਬੰਧ ਕੀਤਾ ਗਿਆ ਸੀ।

### ਚਾਰਟਰ ਐਕਟ 1813 -

1. ਇਸ ਐਕਟ ਦੁਆਰਾ ਕੰਪਨੀ ਦੀ ਵਪਾਰਕ ਏਕਾਅਧਿਕਾਰ ਖਤਮ ਕਰ ਦਿੱਤਾ ਗਿਆ ਸੀ।
2. ਚੀਨ ਨਾਲ ਚਾਹ ਦੇ ਵਪਾਰ ’ਤੇ ਅਜੇ ਵੀ ਏਕਾਅਧਿਕਾਰ ਸੀ।
3. ਈਸਾਈ ਪ੍ਰਚਾਰਕਾਂ ਨੂੰ ਭਾਰਤੀ ਖੇਤਰ ਵਿਚ ਵਸਣ ਦੀ ਆਗਿਆ ਦਿਤੀ ਗਈ।
4. ਕੰਪਨੀ ਦਾ ਭਾਰਤੀ ਪ੍ਰਦੇਸ਼ਾਂ ਉਤੇ ਨਿਯੰਤਰਣ ਅਤੇ ਮਾਲੀਆ 20 ਸਾਲਾਂ ਲਈ ਨਿਯੰਤਰਣ ਸਵੀਕਾਰਿਆ।



### ਚਾਰਟਰ ਐਕਟ 1833

1. ਕੰਪਨੀ ਦੇ ਵਪਾਰਕ ਅਧਿਕਾਰਾਂ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਗਿਆ।
2. ਹੁਣ ਕੰਪਨੀ ਦਾ ਕੰਮ ਸਿਰਫ ਬ੍ਰਿਟਿਸ਼ ਸਰਕਾਰ ਦੁਆਰਾ ਭਾਰਤ ’ਤੇ ਰਾਜ ਕਰਨਾ ਬਾਕੀ ਹੈ।
3. ਬੰਗਾਲ ਦਾ ਰਾਜਪਾਲ ਭਾਰਤ ਦੇ ਗਵਰਨਰ ਜਨਰਲ ਵਜੋਂ ਜਾਣਿਆ ਜਾਂਦਾ ਸੀ। ਭਾਰਤੀ ਕਾਨੂੰਨਾਂ ਦਾ ਵਰਗੀਕਰਨ ਕੀਤਾ ਗਿਆ ਸੀ ਅਤੇ ਇਸ ਕੰਮ ਲਈ ਲਾਅ ਕਮਿਸ਼ਨ ਦੀ ਨਿਯੁਕਤੀ ਲਈ ਪ੍ਰਬੰਧ ਕੀਤੇ ਗਏ ਸਨ।

ਫਿਰ ਤੋਂ 20 ਸਾਲਾਂ ਲਈ, ਕੰਪਨੀ ਨੇ ਭਾਰਤੀ ਪ੍ਰਦੇਸ਼ਾਂ ਅਤੇ ਨਿਯੰਤਰਣ ਸਵੀਕਾਰ ਕੀਤਾ। ਇਕ ਵੱਡੀ ਤਬਦੀਲੀ ਇਹ ਸੀ ਕਿ ਬੰਗਾਲ ਦੇ ਗਵਰਨਰ ਜਨਰਲ ਨੂੰ ਪੂਰੇ ਭਾਰਤ ਦਾ ਗਵਰਨਰ ਜਨਰਲ ਬਣਾਇਆ ਗਿਆ ਸੀ। ਹੁਣ ਤਕ ਗਵਰਨਰ ਜਨਰਲ ਦੀ ਕਾਰਜਕਾਰਨੀ ਵਿਚ ਤਿੰਨ ਮੈਂਬਰ ਸਨ। ਹੁਣ ਚੌਥਾ ਮੈਂਬਰ ਵੀ ਸਾਮਲ ਕੀਤਾ ਗਿਆ। ਉਹ ਫਿਰ ਤੋਂ ਲਾਰਡ ਮੈਕੌਲੇ। ਉਸਨੂੰ ਕਾਨੂੰਨ ਦਾ ਮੈਂਬਰ ਬਣਾਇਆ ਗਿਆ ਸੀ। ਇਸ ਚਾਰਟਰ ਐਕਟ ਵਿਚ ਗੁਲਾਮੀ ਖ਼ਤਮ ਕਰਨ ਦੀ ਵਿਵਸਥਾ ਕੀਤੀ ਗਈ ਸੀ।

**ਚਾਰਟਰ ਐਕਟ 1853 -** ਫਿਰ 20 ਸਾਲਾਂ ਬਾਅਦ ਚਾਰਟਰ ਐਕਟ ਆਇਆ। ਇਸ ਐਕਟ ਰਾਹੀਂ ਸਰਕ-ਾਰੀ ਨੌਕਰੀ ਲਈ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਦਾ ਪ੍ਰਬੰਧ ਕੀਤਾ ਗਿਆ ਸੀ।

**ਭਾਰਤ ਸਰਕਾਰ ਐਕਟ 1858 -** 1857 ਦੇ ਸੈਨਿਕ ਬਗ਼ਾਵਤ ਤੋਂ ਬਾਅਦ, ਮਹਾਰਾਣੀ ਨੇ ਕੰਪਨੀ ਦੇ ਏਕ-ਅਧਿਕਾਰ ਨਿਯਮ ਨੂੰ ਖਤਮ ਕਰ ਦਿੱਤਾ ਅਤੇ ਭਾਰਤ ਨੂੰ ਪੂਰੀ ਤਰ੍ਹਾਂ ਬ੍ਰਿਟਿਸ਼ ਸਰਕਾਰ ਦੇ ਅਧੀਨ ਕਰ ਦਿੱਤਾ। ਐਕਟ ਦਾ ਇਕ ਹੋਰ ਨਾਮ ਵੀ ਹੈ - ਭਾਰਤ ਵਿਚ ਬਿਹਤਰ ਸਰਕਾਰ ਦਾ ਐਕਟ। 1857 ਦੇ ਵਿਸ਼ਾਲ ਵਿਦਰੋਹ ਕਾਰਨ ਬ੍ਰਿਟਿਸ਼ ਸਰਕਾਰ ਨੇ ਮਹਿਸੂਸ ਕੀਤਾ ਕਿ ਕੰਪਨੀ ਦੀ ਅਣਗਹਿਲੀ ਕਾਰਨ ਅਜਿਹਾ ਪੂਰਾ ਦੇਸ਼ ਹੱਥੋਂ ਬਾਹਰ ਨਹੀਂ ਜਾਣਾ ਚਾਹੀਦਾ। ਇਸੇ ਕਰਕੇ ਉਸਨੇ ਭਾਰਤ ਦੀ ਕਮਾਨ ਪੂਰੀ ਤਰ੍ਹਾਂ ਆਪਣੇ ਹੱਥਾਂ ਵਿੱਚ ਲੈ ਲਈ ਅਤੇ ਇਸ ਐਕਟ ਰਾਹੀਂ ਕੰਪਨੀ ਦਾ ਪ੍ਰਬੰਧ ਖ਼ਤਮ ਕਰ ਦਿੱਤਾ ਗਿਆ। ਪਹਿਲਾਂ ਇੱਥੇ ਬੋਰਡ ਆਫ਼ ਗਵਰਨਰਜ਼ ਅਤੇ ਕੰਟਰੋਲਰ ਬੋਰਡ ਹੁੰਦਾ ਸੀ, ਹੁਣ ਇਸ ਦੀ ਬਜਾਏ ਭਾਰਤ ਦਾ ਸੱਕਤਰ ਨਿਯੁਕਤ ਕੀਤਾ ਜਾਂਦਾ ਸੀ। ਉਸਦੀ ਸਹਾਇਤਾ ਲਈ 15 ਮੈਂਬਰੀ ਇੰਡੀਆ ਕੌਂਸਲ ਬਣਾਈ ਗਈ ਸੀ। ਹੁਣ ਗਵਰਨਰ ਜਨਰਲ ਨੂੰ ਵਾਇਸਰਾਏ ਕਿਹਾ ਜਾਂਦਾ ਸੀ।

### ਕੌਂਸਲ ਆਫ਼ ਇੰਡੀਆ ਐਕਟ 1861-

1. ਗਵਰਨਰ ਜਨਰਲ ਦੀ ਕਾਰਜਕਾਰੀ ਸਭਾ ਦਾ ਵਿਸਥਾਰ ਕੀਤਾ ਗਿਆ।
2. ਵਿਭਾਗੀ ਪ੍ਰਣਾਲੀ ਸੂਰੂ ਕੀਤੀ ਗਈ।
3. ਗਵਰਨਰ ਜਨਰਲ ਨੂੰ ਪਹਿਲੀ ਵਾਰ ਆਰਡੀਨੈਂਸ ਜਾਰੀ ਕਰਨ ਦਾ ਅਧਿਕਾਰ ਦਿੱਤਾ ਗਿਆ।
4. ਗਵਰਨਰ ਜਰਨਲ ਨੂੰ ਬੰਗਾਲ, ਉੱਤਰ-ਪੱਛਮੀ ਸਰਹੱਦੀ ਸੂਬੇ ਅਤੇ ਪੰਜਾਬ ਵਿੱਚ ਵਿਧਾਨ ਸਭਾ ਦੀ ਸਥਾਪਨਾ ਕਰਨ ਦਾ ਅਧਿਕਾਰ ਦਿੱਤਾ ਗਿਆ।

ਇਸ ਐਕਟ ਰਾਹੀਂ ਵਾਇਸਰਾਇ ਨੂੰ ਆਰਡੀਨੈਂਸ ਜਾਰੀ ਕਰਨ ਦੇ ਅਧਿਕਾਰ ਦਿੱਤੇ ਗਏ ਸਨ। ਇਹ ਵੀ ਕਿਹਾ ਗਿਆ ਸੀ ਕਿ ਬ੍ਰਿਟਿਸ਼ ਸਮਰਾਟ ਭਾਰਤ ਦੇ ਸੈਕਟਰੀ ਦੇ ਸਹਿਯੋਗ ਜਾਂ ਰਾਏ ਨਾਲ ਕੋਈ ਵੀ ਕੰਮ ਰੱਦ ਕਰ ਸਕਦਾ ਹੈ।

**ਕੌਂਸਲ ਆਫ਼ ਇੰਡੀਆ ਐਕਟ 1892 -** ਇਹ ਐਕਟ ਪਹਿਲੀ ਵਾਰ ਚੋਣ ਪ੍ਰਣਾਲੀ ਲਿਆਇਆ। ਹੁਣ ਰਾਜ ਵਿਧਾਨ ਸਭਾ ਦੇ ਮੈਂਬਰ ਕੇਂਦਰੀ ਵਿਧਾਨ ਸਭਾ ਦੇ 5 ਮੈਂਬਰਾਂ ਦੀ ਚੋਣ ਕਰ ਸਕਦੇ ਹਨ। ਰਾਜ ਵਿਧਾਨ ਸਭਾ ਦੇ ਮੈਂਬਰ ਹੁਣ ਕੇਂਦਰੀ ਬਜਟ ’ਤੇ ਬਹਿਸ ਕਰ ਸਕਦੇ ਹਨ। ਹਾਲਾਂਕਿ, ਉਸਨੂੰ ਅਜੇ ਵੀ ਬਜਟ ’ਤੇ ਵੋਟ ਪਾਉਣ ਦਾ ਅਧਿਕਾਰ ਨਹੀਂ ਸੀ। 1892 ਦੇ ਇੰਡੀਅਨ ਕੌਂਸਲ ਐਕਟ ਤੋਂ ਕੁੱਝ ਭਾਈਚਾਰੇ ਭਾਰਤੀ ਸੰਤੁਸ਼ਟ ਨਹੀਂ ਸਨ। ਇਹ ਪ੍ਰਾਪਤ ਕਰਦਿਆਂ, ਇਹ ਮੁਸਲਮਾਨਾਂ ਅਤੇ ਅਛੂੱਤਾਂ ਦੀ ਉਚਿਤ ਨੁਮਾਇੰਦਗੀ ਨੂੰ ਯਕੀਨੀ ਬਣਾਉਣ ਵਿਚ ਅਸਫਲ ਰਿਹਾ। ਇਹ ਇੱਛਾ ਕੀਤੀ ਕਿ ਹਰੇਕ ਵੱਖਰੇ ਭਾਈਚਾਰੇ ਦੀ ਆਪਣੀ ਆਬਾਦੀ ਦੇ ਅਨੁਪਾਤ ਅਨੁਸਾਰ ਆਪਣੇ ਨੁਮਾਇੰਦੇ ਹੋਣੇ ਚਾਹੀਦੇ ਹਨ।

### ਕੌਂਸਲ ਆਫ਼ ਇੰਡੀਆ ਐਕਟ 1909 -

1. ਮੁਸਲਿਮ ਭਾਈਚਾਰੇ ਲਈ ਪਹਿਲੀ ਵਾਰ ਵੱਖਰੀ ਰਿਜ਼ਰਵੇਸ਼ਨK ਨੁਮਾਇੰਦਗੀ ਦਿੱਤੀ ਗਈ ਸੀ।
2. ਭਾਰਤੀਆਂ ਨੂੰ ਭਾਰਤ ਦੇ ਸਕੱਤਰ ਅਤੇ ਗਵਰਨਰ ਜਨਰਲ ਦਾ ਕਾਰਜਕਾਰੀ ਸਕੱਤਰ ਨਿਯੁਕਤ ਕੀਤਾ ਗਿਆ ਸੀ।
3. ਕੇਂਦਰੀ ਅਤੇ ਸੂਬਾਈ ਵਿਧਾਨ ਸਭਾਵਾਂ ਨੂੰ ਪਹਿਲੀ ਵਾਰ ਬਜਟ ਉੱਤੇ ਬਹਿਸ ਕਰਨ, ਲੋਕ ਹਿੱਤਾਂ ਦੇ ਵਿਸ਼ਿਆਂ ਉੱਤੇ ਪ੍ਰਸਤਾਵ ਦੇਣ, ਪੂਰਕ ਪ੍ਰਸ਼ਨ ਪੁੱਛਣ ਅਤੇ ਵੋਟ ਪਾਉਣ ਦਾ ਅਧਿਕਾਰ ਦਿੱਤਾ ਗਿਆ।
4. ਸੂਬਾਈ ਵਿਧਾਨ ਸਭਾਵਾਂ ਦੀ ਗਿਣਤੀ ਵਧਾ ਦਿੱਤੀ ਗਈ ਸੀ।

ਐਕਟ ਨੂੰ ਮਾਰਲੇ-ਮਿੰਟੋ ਸੁਧਾਰ 1909 ਵੀ ਕਿਹਾ ਜਾਂਦਾ ਹੈ। ਇਹ ਐਕਟ ਸੈਕਟਰੀ ਆਫ ਸਟੇਟ ਮਾਰਲੇ ਅਤੇ ਵਾਇਸਰਾਇ ਮਿੰਟੋ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਐਕਟ ਰਾਹੀਂ ਕੇਂਦਰੀ ਵਿਧਾਨ ਸਭਾ ਦੇ ਮੈਂਬਰਾਂ ਦੀ ਗਿਣਤੀ 16 ਤੋਂ ਵਧਾ ਕੇ 60 ਕਰ ਦਿੱਤੀ ਗਈ। ਪਹਿਲੀ ਵਾਰ, ਕੇਂਦਰੀ ਵਿਧਾਨ ਪ੍ਰੀਸ਼ਦ ਵਿਚ ਚੁਣੇ ਗਏ ਮੈਂਬਰਾਂ ਦੀ ਚੋਣ ਲਈ ਫਿਰਕੂ (ਸੰਪ੍ਰਦਾਇਕ) ਚੋਣ ਪ੍ਰਣਾਲੀ ਦਾ ਸੰਕਲਪ ਆਇਆ। ਵਿਧਾਨ ਸਭਾ ਦੇ ਮੈਂਬਰਾਂ ਨੂੰ ਬਹੁਤ ਸਾਰੇ ਅਧਿਕਾਰ ਮਿਲੇ। ਹੁਣ ਉਹ ਬਜਟ ’ਤੇ ਇਕ ਨਵੀਂ ਤਜਵੀਜ਼ ਰੱਖ ਸਕਦੇ ਸਨ, ਪ੍ਰਸ਼ਨ ਪੁੱਛ ਸਕਦੇ ਸਨ। ਐਸ.ਪੀ. ਸਿਨਹਾ ਪਹਿਲਾ ਭਾਰਤੀ ਮੈਂਬਰ ਸੀ ਜਿਸ ਨੂੰ ਕਾਰਜਕਾਰੀ ਕੌਂਸਲ ਵਿੱਚ ਜਗ੍ਹਾ ਮਿਲੀ ਸੀ।

**ਭਾਰਤ ਸਰਕਾਰ ਐਕਟ 1919 -** ਐਕਟ ਨੂੰ ਮੋਨਟਗੋ ਚੈਮਸਫੋਰਡ ਰਿਫਾਰਮਸ ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ।ਕੇਂਦਰ ਵਿਚ ਇਕ ਦੋ-ਪੱਖੀ ਵਿਧਾਨ ਸਭਾ ਸਥਾਪਿਤ ਕੀਤੀ ਗਈ- ਪਹਿਲਾਂ ਰਾਜ ਪ੍ਰੀਸ਼ਦ ਅਤੇ ਦੂਜੀ ਕੇਂਦਰੀ ਵਿਧਾਨ ਸਭਾ। ਸਟੇਟ ਕੌਂਸਲ ਦੇ ਮੈਂਬਰਾਂ ਦੀ ਗਿਣਤੀ 60 ਸੀ; ਜਿਸ ਵਿਚ 34 ਚੁਣੇ ਗਏ ਸਨ ਅਤੇ ਉਨ੍ਹਾਂ ਦਾ ਕਾਰਜਕਾਲ 5 ਸਾਲਾਂ ਲਈ ਸੀ। ਕੇਂਦਰੀ ਵਿਧਾਨ ਸਭਾ ਦੇ ਮੈਂਬਰਾਂ ਦੀ ਗਿਣਤੀ 145 ਸੀ, ਜਿਨ੍ਹਾਂ ਵਿਚੋਂ 104 ਚੁਣੇ ਗਏ ਸਨ ਅਤੇ 41 ਨਾਮਜ਼ਦ ਕੀਤੇ ਗਏ ਸਨ। ਉਸਦਾ ਕਾਰਜਕਾਲ 3 ਸਾਲ ਸੀ। ਦੋਵਾਂ ਸਦਨਾਂ ਦੇ ਅਧਿਕਾਰ ਇਕੋ ਜਿਹੇ ਸਨ। ਫਰਕ ਸਿਰਫ ਇੰਨਾ ਸੀ ਕਿ ਹੇਠਲੇ ਸਦਨ ਕੋਲ ਬਜਟ ਨੂੰ ਮਨਜ਼ੂਰੀ ਦੇਣ ਦਾ ਅਧਿਕਾਰ ਸੀ।

ਸੂਬਿਆਂ ਵਿਚ ਦੂਹਰੀ ਪ੍ਰਣਾਲੀ ਲਾਗੂ ਕੀਤੀ ਗਈ ਸੀ। ਇਸ ਯੋਜਨਾ ਦੇ ਅਨੁਸਾਰ, ਸੂਬਾਈ ਵਿਸ਼ਿਆਂ ਨੂੰ ਦੋ ਉਪ ਵਰਗਾਂ ਵਿੱਚ ਵੰਡਿਆ ਗਿਆ ਸੀ - ਰਾਖਵੇਂ ਅਤੇ ਅਨਅਰਕਸ਼ਿਤ।

**ਰਾਖਵੇਂ ਹੋਏ ਨਾਲ ਸਬੰਧਤ ਸਨ -** ਵਿੱਤ, ਭੂਮੀਕਰ, ਅਕਾਲ ਸਹਾਇਤਾ, ਜਸਟਿਸ, ਪੁਲਿਸ, ਪੈਨਸ਼ਨ, ਅਪਰਾਧ ਜਾਤੀਆਂ, ਛਾਪੇਖਾਨੇ, ਅਖਬਾਰਾਂ, ਸਿੰਚਾਈ, ਜਲ ਮਾਰਗ, ਖਾਣਾਂ, ਫੈਕਟਰੀਆਂ, ਬਿਜਲੀ, ਗੈਸ, ਹਿੰਸਾ, ਲੇਬਰ ਵੈਲਫੇਅਰ, ਉਦਯੋਗਿਕ ਝਗੜੇ, ਮੋਟਰ ਵਾਹਨ, ਛੋਟੀਆਂ ਬੰਦਰਗਾਹਾਂ ਅਤੇ ਜਨਤਕ ਸੇਵਾਵਾਂ ਆਦਿ।

### ਅਣਅਰਕਸ਼ਿਤ, ਤਬਦੀਲ ਕਰ ਸਕਣ ਵਾਲੇ -

1. ਸਿੱਖਿਆ, ਲਾਇਬ੍ਰੇਰੀ, ਅਜਾਇਬ ਘਰ, ਸਥਾਨਕ ਖੁਦਮੁਖ-ਤਿਆਰੀ ਸਰਕਾਰ, ਡਾਕਟਰੀ ਸਹਾਇਤਾ।
2. ਲੋਕ ਨਿਰਮਾਣ ਵਿਭਾਗ, ਆਬਕਾਰੀ, ਉਦਯੋਗ, ਵਜ਼ਨ ਅਤੇ ਮਾਪ, ਜਨਤਕ ਮਨੋਰੰਜਨ ਦਾ ਨਿਯੰਤਰਣ, ਧਾਰਮਿਕ ਅਤੇ ਅਗਰਹਰ ਦਾਨ ਆਦਿ।
3. ਰਾਜਪਾਲ ਆਪਣੀ ਕਾਰਜਕਾਰੀ ਕੌਂਸਲ ਦੁਆਰਾ ਰਾਖਵੇਂ ਵਿਸ਼ੇ ਦਾ ਪ੍ਰਬੰਧਨ ਕਰਦਾ ਹੈ; ਜਦੋਂ ਕਿ ਤਬਾਦਲਾ ਕੀਤਾ ਗਿਆ ਵਿਸ਼ਾ ਪ੍ਰਾਂਤਕ ਵਿਧਾਨ ਸਭਾ ਲਈ ਜ਼ਿੰਮੇਵਾਰ ਭਾਰਤੀ ਮੰਤਰੀਆਂ ਦੁਆਰਾ ਚਲਾਇਆ ਜਾਂਦਾ ਸੀ।

**ਭਾਰਤ ਸਰਕਾਰ ਐਕਟ 1935-** ਤਿੰਨ ਰਾਊਂਡ ਟੇਬਲ ਕਾਨਫਰੰਸਾਂ ਤੋਂ ਬਾਅਦ ਆਏ ਇਸ ਐਕਟ ਵਿਚ 321 ਆਰਟੀਕਲ ਸਨ। ਇਹ ਐਕਟ ਸਭ ਤੋਂ ਵੱਧ ਵਿਸਤ੍ਰਿਤ ਸੀ। ਇਸ ਨਾਲ ਕੌਂਸਲ ਆਫ ਇੰਡੀਆ ਖ਼ਤਮ ਕਰ ਦਿੱਤੀ ਗਈ। ਸੂਬਾਈ ਵਿਧਾਨ ਸਭਾਵਾਂ ਦੀ ਗਿਣਤੀ ਵਧਾ ਦਿੱਤੀ ਗਈ ਸੀ। ਬਰਮਾ ਦਾ ਪ੍ਰਸ਼ਾਸਨ ਭਾਰਤ ਦੇ ਪ੍ਰਸ਼ਾਸਨ ਤੋਂ ਵੱਖ ਹੋ ਗਿਆ ਸੀ।

ਕਮਿਊਨਲ ਅਵਾਰਡ ਬ੍ਰਿਟਿਸ਼ ਪ੍ਰਧਾਨ ਮੰਤਰੀ ਰਮਸੇ ਮੈਕਡੋਨਲਡ ਦੁਆਰਾ 16 ਅਗਸਤ 1932 ਨੂੰ ਭਾਰਤ ਵਿਚ ਫਾਰਵਰਡ ਜਾਤੀ, ਅਨੁਸੂਚਿਤ ਜਾਤੀ, ਮੁਸਲਮਾਨ, ਬੋਧੀ, ਸਿੱਖ, ਭਾਰਤੀ ਈਸਾਈ, ਐਂਗਲੋ-ਇੰਡੀਅਨ, ਯੂਰਪੀਅਨ ਅਤੇ ਉਦਾਸੀ ਵਰਗ ਲਈ ਵੱਖਰੇ ਵੋਟਰਾਂ ਨੂੰ ਦਿੱਤਾ ਗਿਆ ਸੀ। ਅਨੁਸੂਚਿਤ ਜਾਤੀ) ਆਦਿ, ਜਨਗਣਨਾ ਦੇ ਸਿਧਾਂਤ ਨੂੰ ਵੀ ਲਾਗੂ ਕੀਤਾ ਗਿਆ ਸੀ। ਗਾਂਧੀ ਨੇ ਇਸ ਦਾ ਵਿਰੋਧ ਕੀਤਾ। ਯਰਵਦਾ ਜੇਲ੍ਹ ਵਿੱਚ ਅਛੂੱਤਾ ਨੂੰ ਮਿਲੇ ਹੱਕਵਾਪਿਸ ਕਰਾਉਣ ਮਰਨ ਵਰਤ ਰਖ ਦਿਤਾ ਅਤੇ 24 ਸਤੰਬਰ ਨੂੰ ਅੰਬੇਡਕਰ ਉਤੇ ਦਬਾਉ ਨਾਲ ਸਮਝੌਤਾ ਕਰ ਹੀ ਵਰਤ ਖੋਲਿਆ।

ਦਾਰਸ਼ਾਹੀ ਦਾ ਸਿਸਟਮ ਖ਼ਤਮ ਕਰ ਦਿੱਤਾ ਗਿਆ ਸੀ। ਭਾਰਤ ਦੇ ਸੈਕਟਰੀ ਨੂੰ ਭਾਰਤ ਵਿਚ ਆਡੀਟਰ ਜਨਰਲ ਨਿਯੁਕਤ ਕਰਨ ਦਾ ਅਧਿਕਾਰ ਦਿੱਤਾ ਗਿਆ ਸੀ। ਐਕਟ ਨੇ ਭਾਰਤ ਵਿਚ ਪਬਲਿਕ ਸਰਵਿਸ ਕਮਿਸ਼ਨ ਦੇ ਗਠਨ ਲਈ ਪ੍ਰਦਾਨ ਕੀਤਾ। ਸੰਘੀ ਅਦਾਲਤ ਦੀ ਪ੍ਰਣਾਲੀ: ਇਸ ਦਾ ਅਧਿਕਾਰ ਖੇਤਰ ਪ੍ਰਾਂਤ ਅਤੇ ਰਿਆਸਤਾਂ ਤਕ ਫੈਲਿਆ ਹੋਇਆ ਹੈ. ਇਸ ਅਦਾਲਤ ਵਿੱਚ ਇੱਕ ਚੀਫ਼ ਜਸਟਿਸ ਅਤੇ ਦੋ ਹੋਰ ਜੱਜਾਂ ਦਾ ਪ੍ਰਬੰਧ ਕੀਤਾ ਗਿਆ ਸੀ। ਅਦਾਲਤ ਦੀ ਅੰਤਮ ਸ਼ਕਤੀ ਪ੍ਰੀਵੀ ਕੌਂਸਲ ਲੰਡਨ ਨੂੰ ਸੌਂਪੀ ਗਈ ਸੀ। ਬ੍ਰਿਟਿਸ਼ ਸੰਸਦ ਦੀ ਸਰਵਉੱਚਤਾ, ਬ੍ਰਿਟਿਸ਼ ਸੰਸਦ ਨੂੰ ਇਸ ਐਕਟ ਵਿਚ ਕੋਈ ਤਬਦੀਲੀ ਕਰਨ ਦਾ ਅਧਿਕਾਰ ਸੀ। ਸੂਬਾਈ ਵਿਧਾਨ ਸਭਾ ਅਤੇ ਸੰਘੀ ਪ੍ਰਸ਼ਾਸਕ: ਇਸ ਨੂੰ ਕਿਸੇ ਵੀ ਤਰੀਕੇ ਨਾਲ ਨਹੀਂ ਬਦਲ ਸਕਿਆ।

ਫਿਰਕੂ ਚੋਣ ਪ੍ਰਣਾਲੀ ਨੂੰ ਸੰਘੀ ਅਤੇ ਸੂਬਾਈ ਪ੍ਰਸ਼ਾਸਨ ਵਿਚ ਵੱਖ ਵੱਖ ਸੰਪਰਦਾਵਾਂ ਦੀ ਨੁਮਾਇੰਦਗੀ ਜਾਰੀ ਰੱਖੀ ਗਈ ਅਤੇ ਐਂਗਲੋ ਇੰਡੀਅਨ- ਇੰਡੀਅਨ ਈਸਾਈ, ਯੂਰਪੀਅਨ ਅਤੇ ਹਰੀਜਨ ਵਿਚ ਵੀ ਫੈਲੀ ਗਈ। ਐਕਟ ਵਿਚ ਪ੍ਰਸਤਾਵ ਦੀ ਘਾਟ ਸੀ।

**ਸੰਵਿਧਾਨਿਕ ਅਸੈਂਬਲੀ 1946: -** ਸੰਵਿਧਾਨ ਬਣਾਉਣ ਲਈ ਸੰਵਿਧਾਨ ਸਭਾ ਦਾ ਗਠਨ ਕੀਤਾ ਗਿਆ ਸੀ। ਸੰਵਿਧਾਨ ਸਭਾ ਦੇ ਮੈਂਬਰਾਂ ਦੀ ਚੋਣ ਭਾਰਤ ਦੇ ਰਾਜਾਂ ਦੇ ਸਦਨਾਂ ਦੇ ਚੁਣੇ ਗਏ ਮੈਂਬਰਾਂ ਦੁਆਰਾ ਕੀਤੀ ਜਾਣੀ ਸੀ ਅਤੇ ਚੋਣ 9 ਜੁਲਾਈ 1946 ਨੂੰ ਹੋਈ ਸੀ। ਸੰਵਿਧਾਨ ਸਭਾ ਦੀ ਪਹਿਲੀ ਮੀਟਿੰਗ 9 ਦਸੰਬਰ 1946 ਨੂੰ ਹੋਈ ਸੀ। ਜਵਾਹਰ ਲਾਲ ਨਹਿਰੂ, ਡਾ. ਭੀਮ ਰਾਓ ਅੰਬੇਦਕਰ, ਡਾ. ਰਾਜਿੰਦਰ ਪ੍ਰਸਾਦ, ਸਰਦਾਰ ਵੱਲਭਭਾਈ ਪਟੇਲ, ਮੌਲਾਨਾ ਅਬੁਲ ਕਲਾਮ ਆਜ਼ਾਦ ਆਦਿ ਇਸ ਸਭਾ ਦੇ ਪ੍ਰਮੁੱਖ ਮੈਂਬਰ ਸਨ। ਬਾਅਦ ਵਿਚ ਉਹੀ ਸੰਵਿਧਾਨ ਸਭਾ ਨੂੰ ਦੋ ਹਿੱਸਿਆਂ ਵਿਚ ਵੰਡੀ ਗਈ ਜਦੋਂ ਪਾਕਿ-ਸਤਾਨ ਵੱਖਰਾ ਦੇਸ਼ ਬਣ ਗਿਆ। ਭਾਰਤ ਦੀ ਸੰਵਿਧਾਨ ਸਭਾ ਅਤੇ ਪਾਕਿਸਤਾਨ ਦੀ ਸੰਵਿਧਾਨ ਸਭਾ।

ਡਾ. ਅੰਬੇਦਕਰ ਨੇ ਆਪਣੀ ਰਾਜਨੀਤਿਕ ਪਾਰਟੀ ਦੇ ਅਨੁਸੂਚਿਤ ਜਾਤੀ ਫੈਡਰੇਸ਼ਨ ਵਿੱਚ 1946 ਦੀਆਂ ਭਾਰਤ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮਾੜਾ ਪ੍ਰਦਰਸ਼ਨ ਕੀਤਾ ਸੀ, ਹਾਰ ਗਏ ਸਨ।

ਬਾਅਦ ਵਿਚ ਉਹ ਬੰਗਾਲ ਦੀ ਅਸੈਂਬਲੀ ਤੋ ਚੁਣੇ ਗਏ, ਜਿਥੇ ਮੁਸਲਿਮ ਲੀਗ ਸੱਤਾ ਵਿਚ ਸੀ ਅਤੇ ਸੰਵਿਧਾਨ ਸਭਾ ਵਿਚ ਸ਼ਾਮਿਲ ਹੋਏ।

### ਭਾਰਤੀ ਸੰਵਿਧਾਨ 1950: -

ਭਾਰਤੀ ਸੰਵਿਧਾਨ ਸਭਾ ਦੇ ਸ਼ੁਰੂ ਵਿਚ ਸੰਵਿਧੀਨ ਸਭਾ ਦੇ ਕੁੱਲ ਮਿਲਾ ਕੇ 389 ਮੈਂਬਰ ਸਨ, ਜੋ ਵੰਡ ਤੋਂ ਬਾਅਦ 299 ਰਹਿ ਗਏ। 389 ਮੈਂਬਰਾਂ ਵਿਚੋਂ 292 ਸਰਕਾਰੀ ਪ੍ਰਾਂਤਾਂ ਦੇ, 4 ਮੁੱਖ ਕਮਿਸ਼ਨਰ ਪ੍ਰਾਂਤਾਂ ਦੇ ਅਤੇ 93 ਸ਼ਾਹੀ ਰਾਜ ਦੇ ਸਨ। ਡਰਾਫਟ ਕਮੇਟੀ ਦੇ ਮੁਖੀ ਡਾ. ਅੰਬੇਡਕਰ ਇਸ ਦੇ ਚੇਅਰਮੈਨ ਸਨ। ਕਮੇਟੀ ਦੇ ਹੋਰ 6 ਮੈਂਬਰ ਮੁਨਸ਼ੀ, ਮੁਹੰਮਦ ਸਦੁੱਲਾ, ਅਲਾਦੀ ਕ੍ਰਿਸ਼ਨਸਵਾਮੀ ਅਈਅਰ, ਐਨ. ਗੋਪਾਲਸਵਾਮੀ ਅਯੰਗਰ, ਖੇਤਾਨ ਅਤੇ ਮਿੱਤਰ ਸਨ।

ਜਿੰਦਗੀ ਭਰ ਅਠਾਰਾਂ ਅਠਾਰਾਂ ਘੰਟੇ ਮਿਹਨਤ ਨਾਲ ਕਮਾਈ ਕਰਨਾ, ਉਸ ਕਮਾਈ ਨੂੰ ਰਾਸ਼ਟਰ ਹਿੱਤ ਵਰਤਣਾ, ਆਪਣੇ ਲਈ ਅਤੇ ਆਪਣੇ ਪ੍ਰੀਵਾਰ ਕੁੱਝ ਵੀ ਬਚਾਕੇ ਨਾਂ ਰਖਣਾ, ਕੋਈ ਵਿਰਲਾ ਇਨਸਾਨ ਹੀ ਕਰ ਸਕਦਾ ਹੈ। ਬਾਬਾ ਸਾਹਿਬ ਹੀ ਐਸੇ ਇਨਸ਼ਾਨ ਹੋਏ ਹਨ।

ਉਹਨਾਂ ਬਚਪਨ ਵਿੱਚ ਹੀ ਸਮਝ ਲਿਆ ਸੀ ਕਿ ਵਿੱਦਿਆ ਇੱਕ ਅਜਿਹੀ ਕਮਾਈ ਹੈ ਜਿਸ ਨਾਲ ਰਾਸ਼ਟਰ ਅਤੇ ਵਿਸ਼ਵ ਦਾ ਕਲਿਆਣ ਕੀਤਾ ਜਾ ਸਕਦਾ ਹੈ। ਬਚਪਨ ਤੋਂ ਲੈ ਕੇ ਆਖਰੀ ਸਾਂਹ ਤਕ ਉਹ ਸਿੱਦਤ ਨਾਲ ਨੇਕ ਕਮਾਈ ਕਰਦੇ ਰਹੇ ਅਤੇ ਨਿਰਸਵਾਰਥ ਉਸ ਨੂੰ ਰਾਸ਼ਟਰ ਹਿੱਤ ਵਰਤਿਆ,ਭਾਰਤ ਦਾ ਹਰ ਵਰਗ ਲਾਭ ਪ੍ਰਾਪਤੀ ਬਣਿਆ।

ਸੰਵਿਧਾਨ ਸਭਾ ਦੀ ਆਖਰੀ ਮੀਟਿੰਗ ਵਿੱਚ 395 ਆਰਟੀਕਲ, 8 ਸ਼ਡਿਊਲਜ਼, 22 ਹਿੱਸਿਆਂ ਵਾਲੇ ਸੰਵਿਧਾਨ ’ਤੇ ਦਸਤਖਤ ਕੀਤੇ ਗਏ ਸਨ ਅਤੇ ਸਵੀਕਾਰ ਕੀਤੇ ਗਏ ਸਨ। 26 ਜਨਵਰੀ 1950 ਨੂੰ ਸੰਵਿਧਾਨ ਲਾਗੂ ਹੋਇਆ। ਇਸ ਪ੍ਰਕਿਰਿਆ ਨੂੰ 2 ਸਾਲ, 11 ਮਹੀਨੇ ਅਤੇ 18 ਦਿਨ ਲੱਗੇ ਅਤੇ ਕੁੱਲ ਅੰਦਾਜ਼ਨ 64 ਲੱਖ ਦੇ ਖਰਚੇ ਨਾਲ ਕੰਮ ਨੂੰ ਪੂਰਾ ਕੀਤਾ। ਸੰਸ਼ੋਧਿਤ ਕੀਤੇ ਗਏ ਖਰੜੇ ਦੇ ਸੰਵਿਧਾਨ ਬਾਰੇ ਵਿਚਾਰ ਕਰਦਿਆਂ, ਅਸੈਂਬਲੀ ਨੇ ਕੁੱਲ 7,635 ਵਿਚੋਂ 2,473 ਸੋਧਾਂ ਨੂੰ ਮੰਨਿਆ, ਵਿਚਾਰ-ਵਟਾਂਦਰਾ ਕੀਤਾ ਅਤੇ ਨਿਪਟਾਰਾ ਕਰ ਦਿੱਤਾ। ਸੰਵਿਧਾਨ ਨੂੰ ਅਪਣਾਉਣ ਤੋਂ ਪਹਿਲਾਂ, ਅਸੈਂਬਲੀ ਨੇ 165 ਦਿਨਾਂ ਵਿਚ 11 ਇਜਲਾਸ ਕੀਤੇ। ਜਿਸ ਉੱਤੇ 284 ਮੈਂਬਰਾਂ ਦੁਆਰਾ ਦਸਤਖਤ ਕੀਤੇ ਗਏ ਸਨ। 26 ਨਵੰਬਰ ਦਾ ਦਿਨ ਰਾਸ਼ਟਰੀ ਕਾਨੂੰਨ ਦਿਵਸ, ਜਾਂ ਸੰਵਿਧਾਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਸੰਵਿਧਾਨ ਦੀ ਮਹੱਤਤਾ ਫੈਲਾਉਣ ਅਤੇ ਅੰਬੇਦਕਰ ਦੇ ਵਿਚਾਰਾਂ ਅਤੇ ਵਿਚਾਰਾਂ ਨੂੰ ਫੈਲਾਉਣ ਲਈ ਦਿਨ ਚੁਣਿਆ ਗਿਆ ਸੀ। ਅੱਜ 69 ਸਾਲਾਂ ਦੇ ਸਫਰ ਵਿਚ ਸਮੇਂ ਸਮੇਂ ਦੀ ਲੋੜ ਅਨੂਸਾਰ ਇਸ ਵਿੱਚ ਬਹੁਤ ਸਾਰੀਆਂ ਸੋਧਾਂ ਇਸ ਵਿਚ ਕੀਤੀਆਂ ਗਈਆਂ ਹਨ।

L.A. MERCHANDISE
Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991




New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Loose Fabrics, Groceries, Blankets, Vegetables

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।







Baksho Kaur Bisla Hardev Singh Bisla

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

530-671-0439, Fax 530-822-0439 Cell- 530-844-3250


# Sri Guru Ravidass Sabha Sacramento celebrates Sri Guru Ravidass Temple Rio Linda's 27th Anniversary




Waheguru Jee Ka Khalsa Waheguru Jee Kee Fateh! This message is to inform the Sangat that the 27th Anniversary of Shri Guru Ravidass Temple Sacramento will be celebrated **September 27, 28 and 29, 2019.** Sri Akhand Paath Sahib will begin on Friday, September 27, 2019 at 10AM. Kirtan will be conducted 6PM to 8PM by Bhai Jaspal Singh And Bhai Gurdeep Singh.

Nishan Sahib Sewa will be conducted on Saturday, September 28, 2019 at 4PM. Gurbani Kirtan will be conducted by Bhai Amritpal Singh Sangrur Wale and Bhai Jaspal Singh from 6PM to 9PM.

Bhog of Sri Akhand Paath Sahib will take place on Sunday, September 29, 2019 at 10AM followed by Gurbani Kirtan by Bhai Tajvinder Singh (Hazoori Raagi Sri Darbar Sahib) and Bhai Jaspal Singh.

Sewa of Sri Akhand Paath Sahib will be by the Families of Sh. Jaswinder Banga, Sh. Subash Banga and Sh. Avtar Singh Jassal. Nishan Sahib Sewa will be by the Family of Sh. Jaswant Sheemar. Humble request to all Sangat to attend with you family and friends.

For any Sewa for Gurdwara Sahib Anniversary or New Gurdwara Sahib Building, please contact:

Teja Virk (Chairman): 916-912-5678, Raj Badhan (President): 916-601-3842

**Shri Guru Ravidass Temple Sacramento**
**6221 16th Street Rio Linda, CA 95673**
**916-992-1710**

ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਡਕਰ ਟਾਈਮਜ਼' ਵੱਲੋਂ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈਆਂ


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ
ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED
TIRES
WASH, LUBE, BRAKES

Call:
530-824-5134

LUCAS OIL LUCAS INJECTOR CLEANER $28.99

Call:
650-642-0697

3525 Highway 99, West Corning, CA 96021
Across the Street from TA Truck Stop

## ਐਸੀ ਲਾਲ ਤੁਝ ਬਿਨ ਕਉਨ ਕਰੈ॥
## ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰੁ ਧਰੈ॥ ਰਹਾਉ॥





ਗੁਰੂ ਘਰ ਦੀ ਨਵੀਂ ਬਿਲਡਿੰਗ ਦਾ ਮਾਡਲ

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦਾ 27ਵਾਂ ਸਥਾਪਨਾ ਦਿਵਸ 29 ਸਤੰਬਰ 2019 ਦਿਨ ਐਤਵਾਰ ਨੂੰ ਮਨਾਏ ਜਾਣ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੀ ਨਵੀਂ ਬਿਲਡਿੰਗ ਦਾ ਕੰਮ ਆਰੰਭੇ ਜਾਣ ਦੀ ਖੁਸ਼ੀ ਵਿਚ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ।
ਆਓ ਆਪਾਂ ਸਾਰੇ ਰਲ ਮਿਲ ਕੇ ਇਹਨਾਂ ਸ਼ੁਭ ਕਾਰਜਾਂ ਤੇ ਤਨ, ਮਨ, ਧਨ ਨਾਲ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



**ਕੇਵਲ ਬੋਲੀਨਾ (ਫਾਊਂਡਰ ਮੈਂਬਰ ਅਤੇ ਸਾਬਕਾ ਪ੍ਰਧਾਨ)**
**ਸ੍ਰੀ ਗੁਰੂ ਰਵਿਦਾਸ ਸਭਾ, ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਪਰਿਵਾਰ**

## ਐਸੀ ਲਾਲ ਤੁਝ ਬਿਨ ਕਉਨ ਕਰੈ॥
## ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰੁ ਧਰੈ॥ ਰਹਾਉ॥





ਗੁਰੂ ਘਰ ਦੀ ਨਵੀਂ ਬਿਲਡਿੰਗ ਦਾ ਮਾਡਲ

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦਾ 27ਵਾਂ ਸਥਾਪਨਾ ਦਿਵਸ 29 ਸਤੰਬਰ 2019 ਦਿਨ ਐਤਵਾਰ ਨੂੰ ਮਨਾਏ ਜਾਣ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੀ ਨਵੀਂ ਬਿਲਡਿੰਗ ਦਾ ਕੰਮ ਆਰੰਭੇ ਜਾਣ ਦੀ ਖੁਸ਼ੀ ਵਿਚ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ।
ਆਓ ਆਪਾਂ ਸਾਰੇ ਰਲ ਮਿਲ ਕੇ ਇਹਨਾਂ ਸ਼ੁਭ ਕਾਰਜਾਂ ਤੇ ਤਨ, ਮਨ, ਧਨ ਨਾਲ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



**ਹੰਸ ਰਾਜ ਕਾਜਲਾ (ਸਾਬਕਾ ਜਨਰਲ ਸਕੱਤਰ)**
**ਸ੍ਰੀ ਗੁਰੂ ਰਵਿਦਾਸ ਸਭਾ, ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਪਰਿਵਾਰ**









# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦਾ 27ਵਾਂ ਸਥਾਪਨਾ ਦਿਵਸ 29 ਸਤੰਬਰ 2019 ਨੂੰ

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦਾ 27ਵਾਂ ਸਥਾਪਨਾ ਦਿਵਸ 29 ਸਤੰਬਰ 2019 ਦਿਨ ਐਤਵਾਰ ਨੂੰ ਮਨਾਏ ਜਾਣ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੀ ਨਵੀਂ ਬਿਲਡਿੰਗ ਦਾ ਕੰਮ ਆਰੰਭੇ ਜਾਣ ਦੀ ਖੁਸ਼ੀ ਵਿਚ ਸਵਰਗਵਾਸੀ ਸ੍ਰੀ ਅਜੀਤ ਰਾਮ ਬੰਗੜ (ਗੁਰੂ ਘਰ ਦੇ ਫਾਊਂਡਰ ਮੈਂਬਰ ਅਤੇ ਸਾਬਕਾ ਚੇਅਰਮੈਨ) ਉਹਨਾਂ ਦੇ ਸਪੁੱਤਰ ਸ੍ਰੀ ਰਮੇਸ਼ ਬੰਗੜ (ਸਾਬਕਾ ਪ੍ਰਧਾਨ, ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ) ਅਤੇ ਸਮੂਹ ਬੰਗੜ ਪਰਿਵਾਰ ਵੱਲੋਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ।

## ਆਓ ਆਪਾਂ ਸਾਰੇ ਰਲ ਮਿਲ ਕੇ ਇਹਨਾਂ ਸ਼ੁਭ ਕਾਰਜਾਂ ਤੇ ਤਨ, ਮਨ, ਧਨ ਨਾਲ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



ਸਵਰਗਵਾਸੀ ਸ੍ਰੀ ਅਜੀਤ ਰਾਮ ਬੰਗੜ



ਸ੍ਰੀ ਰਮੇਸ਼ ਬੰਗੜ

## ਐਸੀ ਲਾਲ ਤੁਝ ਬਿਨ ਕਾਉਨ ਕਰੈ॥
## ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥





ਗੁਰੂ ਘਰ ਦੀ ਨਵੀਂ ਬਿਲਡਿੰਗ ਦਾ ਮਾਡਲ

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦਾ 27ਵਾਂ ਸਥਾਪਨਾ ਦਿਵਸ 29 ਸਤੰਬਰ 2019 ਦਿਨ ਐਤਵਾਰ ਨੂੰ ਮਨਾਏ ਜਾਣ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੀ ਨਵੀਂ ਬਿਲਡਿੰਗ ਦਾ ਕੰਮ ਆਰੰਭੇ ਜਾਣ ਦੀ ਖੁਸ਼ੀ ਵਿਚ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ।
ਆਓ ਆਪਾਂ ਸਾਰੇ ਰਲ ਮਿਲ ਕੇ ਇਹਨਾਂ ਸ਼ੁਭ ਕਾਰਜਾਂ ਤੇ ਤਨ, ਮਨ, ਧਨ ਨਾਲ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



**ਸਤਨਾਮ ਸਿੰਘ ਮੰਡਾਲੀ (ਸਾਬਕਾ ਉਪ ਪ੍ਰਧਾਨ)**
**ਸ੍ਰੀ ਗੁਰੂ ਰਵਿਦਾਸ ਸਭਾ, ਸੈਕਰਾਮੈਂਟੋ (ਕੈਲੇਫੋਰਨੀਆ) ਅਤੇ ਸਮੂਹ ਪਰਿਵਾਰ**

ਐਸੀ ਲਾਲ ਤੁਝ ਬਿਨ ਕਾਉਨ ਕਰੈ॥
ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥






ਗੁਰੂ ਘਰ ਦੀ ਨਵੀਂ ਬਿਲਡਿੰਗ ਦਾ ਮਾਡਲ

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦਾ 27ਵਾਂ ਸਥਾਪਨਾ ਦਿਵਸ 29 ਸਤੰਬਰ 2019 ਦਿਨ ਐਤਵਾਰ ਨੂੰ ਮਨਾਏ ਜਾਣ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੀ ਨਵੀਂ ਬਿਲਡਿੰਗ ਦਾ ਕੰਮ ਆਰੰਭੇ ਜਾਣ ਦੀ ਖੁਸ਼ੀ ਵਿਚ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ।
ਆਓ ਆਪਾਂ ਸਾਰੇ ਰਲ ਮਿਲ ਕੇ ਇਹਨਾਂ ਸ਼ੁਭ ਕਾਰਜਾਂ ਤੇ ਤਨ, ਮਨ, ਧਨ ਨਾਲ ਹਾਜ਼ਰੀਆਂ ਲਗਵਾ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।



**ਡੀ.ਐਸ. ਰਾਣਾ ਅਤੇ ਸਮੂਹ ਪਰਿਵਾਰ**

# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 13 ਅਕਤੂਬਰ 2019 ਦਿਨ ਐਤਵਾਰ ਨੂੰ




## ਗੁਰੂ ਪਿਆਰੀ ਸਾਧ ਸੰਗਤ ਜੀਓ

ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਆਪ ਸਭ ਦੇ ਚਰਨਾਂ 'ਚ ਨਿਮਰਤਾ ਸਹਿਤ ਬੇਨਤੀ ਹੈ ਕਿ ਹਰ ਸਾਲ ਵਾਂਗ ਇਸ ਸਾਲ ਵੀ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਆਪ ਸਭ ਸੰਗਤਾਂ ਦੇ ਸਹਿਯੋਗ ਅਤੇ ਪਿਆਰ ਨਾਲ, ਮਹਾਂਰਿਸ਼ੀ ਵਾਲਮੀਕ ਟੈਂਪਲ 84/86 ਪਰਸੀ ਐਵਨਿਊ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ 13 ਅਕਤੂਬਰ 2019 ਦਿਨ ਐਤਵਾਰ ਨੂੰ ਬਹੁਤ ਹੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ।

ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਪ੍ਰਸਿੱਧ ਕਲਾਕਾਰ ਭਗਵਾਨ ਵਾਲਮੀਕ ਜੀ ਦਾ ਸ਼ਬਦ ਗੁਣਗਾਨ ਕਰਕੇ ਅਤੇ ਕਥਾਵਾਚਕ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ।

## ਪ੍ਰੋਗਰਾਮ ਦਾ ਵੇਰਵਾ

| ਆਰੰਭ ਪਾਠ ਸ੍ਰੀ ਰਮਾਇਣ ਸਾਹਿਬ | ਨਿਸ਼ਾਨ ਸਾਹਿਬ ਚੜ੍ਹਾਏ ਜਾਣਗੇ | ਪਾਠ ਦੇ ਭੋਗ |
|---|---|---|
| 11 ਅਕਤੂਬਰ 2019, ਦਿਨ ਸ਼ੁੱਕਰਵਾਰ ਸਵੇਰੇ 10 ਵਜੇ | 12 ਅਕਤੂਬਰ 2019 ਦਿਨ ਸ਼ਨਿੱਚਰਵਾਰ ਸਵੇਰੇ 11.00 ਵਜੇ | 13 ਅਕਤੂਬਰ 2019 ਦਿਨ ਐਤਵਾਰ ਸਵੇਰੇ 11.00 ਵਜੇ |

**12 ਵਜੇ ਤੋਂ ਸ਼ਾਮ 4 ਵਜੇ ਤੱਕ ਗੀਤ ਸੰਗੀਤ, ਕਥਾ ਤੇ ਬੁਲਾਰੇ ਆਪਣੇ ਵਿਚਾਰ ਸਾਂਝੇ ਕਰਨਗੇ। ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ।**

ਸਮੂਹ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਪ੍ਰਗਟ ਦਿਵਸ ਦੇ ਪ੍ਰੋਗਰਾਮ 'ਚ ਤਿੰਨੇ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ (11, 12 ਅਤੇ 13 ਅਕਤੂਬਰ) ਨੂੰ ਪਰਿਵਾਰਾਂ ਸਮੇਤ ਪਹੁੰਚ ਕੇ ਪ੍ਰਗਟ ਦਿਵਸ ਦੀਆਂ ਖੁਸ਼ੀਆਂ ਮਨਾਉਂਦੇ ਹੋਏ ਗੁਰੂ ਚਰਨਾਂ 'ਚ ਹਾਜ਼ਰੀਆਂ ਲਗਵਾ ਕੇ ਆਸ਼ੀਰਵਾਦ ਪ੍ਰਾਪਤ ਕਰੋ ਜੀ।

## ਦਾਨੀ ਪਰਿਵਾਰਾਂ ਨੂੰ ਬੇਨਤੀ ਹੈ ਕਿ ਮੰਦਰ ਦੀ ਡਿਵੈਲਪਮੈਂਟ ਲਈ ਵੱਧ ਤੋਂ ਵੱਧ ਯੋਗਦਾਨ ਪਾਓ ਜੀ।

**ਸੇਵਾਦਾਰ:-** ਪ੍ਰੇਮ ਸੌਂਧੀ (ਪ੍ਰਧਾਨ), ਸੰਤੋਖ ਸਿੰਘ ਗਿੱਲ (ਸੀਨੀਅਰ ਵਾਈਸ ਪ੍ਰਧਾਨ), ਕੁਲਦੀਪ ਥਾਪਰ (ਮੀਤ ਪ੍ਰਧਾਨ), ਪਲਵਿੰਦਰ ਸਿੰਘ ਸਹੋਤਾ (ਸੀਨੀਅਰ ਵਾਈਸ ਚੇਅਰਮੈਨ), ਅਵਿਨਾਸ਼ ਸੋਂਦੀ (ਵਾਈਸ ਚੇਅਰਮੈਨ), ਬਲਵੀਰ ਧਾਰੀਵਾਲ (ਜਨਰਲ ਸਕੱਤਰ), ਵਿਸ਼ਾਲ ਸ਼ਰਬਤੀ (ਸਕੱਤਰ), ਗੁਰਪਾਲ ਸਿੰਘ (ਚੇਅਰਮੈਨ), ਵਿਨੋਦ ਗਿੱਲ, ਬਲਵੀਰ ਥਾਪਰ, ਵਰੁਣ ਗਿੱਲ (ਖਜਾਨਚੀ), ਨਰਿੰਦਰ ਕੁਮਾਰ ਗਿੱਲ (ਚੀਫ ਆਰਗੇਨਾਈਜਰ), ਜਗਜੀਤ ਗਿੱਲ, ਪ੍ਰਕਾਸ਼ ਸਿੰਘ ਗਿੱਲ (ਮੇਨਟੀਨੈਂਸ ਆਰਗੇਨਾਈਜਰ) ਆਰਗੇਨਾਈਜ਼ਰਜ਼- ਸੁਰਜੀਤ ਗਿੱਲ, ਕੁੰਦਨ ਲਾਲ ਸੌਂਧੀ, ਦਵਿੰਦਰ ਸ਼ੁੱਭ, ਅੰਮ੍ਰਿਤਪਾਲ, ਰਵੀਪਾਲ, ਰਾਮਪਾਲ ਮੱਟੂ, ਸਾਧੂ ਰਾਮ ਭੱਟੀ, ਦੀਪਕ ਸਹੋਤਾ, ਤਰਸੇਮ ਲਾਲ ਥਾਪਰ, ਰਾਜ ਕੁਮਾਰ ਪੰਡੋਰੀ, ਪ੍ਰਸ਼ੋਤਮ ਲਾਲ ਸੌਂਧੀ, ਰੋਹਤਾਸ਼ ਸਿੰਘ ਭਗਾਣੀਆਂ, ਅਮਰਜੀਤ ਸਿੰਘ ਲਾਲੀ, ਜਸਪਾਲ ਮਾਲੜੀ, ਰਕੇਸ਼ ਕੁਮਾਰ ਸਲਹੋਤਰਾ, ਸ਼ਾਮ ਲਾਲ ਸੌਂਧੀ।

**ਕਲਾਕਾਰ-** ਗਾਇਕਾ ਜਸਪਿੰਦਰ ਰੈਨ੍ਹਾ ਜੀ ਵਿਸ਼ੇਸ਼ ਤੌਰ 'ਤੇ ਪ੍ਰੋਗਰਾਮ 'ਚ ਪਹੁੰਚ ਕੇ ਹਾਜ਼ਰੀ ਲਗਵਾਉਣਗੇ।
ਭੁਪਿੰਦਰ ਭਿੰਦਾ, ਜਸਬਿੰਦਰ ਮਦਾਰਾ, ਅਮਰਜੀਤ ਲਾਲੀ, ਵਿਸ਼ਾਲ ਸ਼ਰਬਤੀ, ਜੋਗਿੰਦਰ ਸਿੰਘ ਸ਼ੌਂਕੀ, ਰੋਹਤਾਸ਼ ਸਿੰਘ ਭਗਾਣੀਆਂ, ਬਲਬੀਰ ਧਾਰੀਵਾਲ, ਰਾਜ ਕੁਮਾਰ ਪੰਡੋਰੀ, ਦੇਸ ਰਾਜ ਸ਼ੁੱਭ, ਜੀਵਨ ਰੱਤੂ, ਸੋਨੂੰ ਸਿੰਘ (ਢੋਲੀ), ਅੰਮ੍ਰਿਤਪਾਲ, ਗੁਰਦੀਪ ਸਿੰਘ ਹੀਰਾ, ਅਸ਼ੋਕ ਕੁਮਾਰ, ਰਾਜਿੰਦਰ ਸਿੰਘ ਸਹੋਤਾ

**ਸੰਪਰਕ ਕਰੋ-** ਪ੍ਰੇਮ ਸੌਂਧੀ (530-813-3877), ਸੰਤੋਖ ਸਿੰਘ ਗਿੱਲ (530-740-3056), ਵਿਸ਼ਾਲ ਸ਼ਰਬਤੀ (530-933-5915), ਬਲਵੀਰ ਥਾਪਰ (916-607-4650), ਬਲਵੀਰ ਧਾਰੀਵਾਲ (916-243-9017), ਵਿਨੋਦ ਗਿੱਲ 530-218-3969

**ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ**

**ਸਥਾਨ:- ਮਹਾਂਰਿਸ਼ੀ ਵਾਲਮੀਕ ਟੈਂਪਲ, 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ 95991**



ਮਰਨਾ ਸ਼ਾਨ ਨਾਲ


# ਨਾ ਹਮ ਹਿੰਦੂ ਨਾ ਮੁਸਲਮਾਨ ਸਾਡੀ ਮੰਜ਼ਿਲ ਖਾਲਿਸਤਾਨ

ਖਾਲਿਸਤਾਨ ਜ਼ਿੰਦਾਬਾਦ ਖਾਲਿਸਤਾਨ ਜ਼ਿੰਦਾਬਾਦ ਖਾਲਿਸਤਾਨ ਜ਼ਿੰਦਾਬਾਦ

ਸ਼ੋ੍ਮਣੀ ਅਕਾਲੀ ਦਲ (ਅੰਮ੍ਰਿਤਸਰ)




ਜੀਣਾ ਅਣਖ ਨਾਲ


## ਸ਼ੋ੍ਮਣੀ ਅਕਾਲੀ ਦਲ ਅੰਮ੍ਰਿਤਸਰ ਯੂ.ਐਸ.ਏ. (ਵੈਸਟ) ਵਲੋਂ

29 ਸਤੰਬਰ 2019 ਦਿਨ ਐਤਵਾਰ ਨੂੰ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ

**Raja Indian Cuisine 1275 W Winton Ave Hayward 94545 California** ਵਿਖੇ

# ਵਿਸ਼ਾਲ ਫੰਡ ਰੇਜ਼ਰ ਮੀਟਿੰਗ

ਕੀਤੀ ਜਾ ਰਹੀ ਹੈ। ਜਿਸ ਵਿਚ ਪੰਜਾਬ ਵਿਚ ਆਏ ਹੜ੍ਹ ਦੇ ਪੀੜਤਾਂ ਲਈ Fund Raise ਕੀਤਾ ਜਾਵੇਗਾ ਤੇ ਸਾਰਾ ਫੰਡ Khalsa Aid ਦੇ ਸ: ਰਵੀ ਸਿੰਘ ਜੀ ਨੂੰ ਦਿੱਤਾ ਜਾਵੇਗਾ ਤਾਂ ਜੋ ਉਹ ਪੰਜਾਬ ਵਿੱਚ ਬੈਠੇ ਸਾਡੇ ਭੈਣ ਭਰਾਵਾਂ ਦੀ ਮਦਦ ਕਰ ਸਕਣ। ਇਸ ਪਾਰਟੀ ਦੀ ਮੀਟਿੰਗ ਵਿਚ ਸਾਰੇ ਸੀਨੀਅਰ ਅਹੁਦੇਦਾਰ ਪਹੁੰਚ ਰਹੇ ਹਨ ਅਤੇ ਨੌਜਵਾਨ ਵੀਰਾਂ ਨੂੰ ਨਵੀਂ ਮੈਂਬਰਸ਼ਿਪ ਵੀ ਦਿੱਤੀ ਜਾਵੇਗੀ। ਪਾਰਟੀ ਸਬੰਧੀ ਨਵੀਂ ਜਾਣਕਾਰੀ ਵੀ ਦਿੱਤੀ ਜਾਵੇਗੀ। ਪਾਰਟੀ ਮੈਂਬਰਾਂ ਦੀ ਹਾਜ਼ਰੀ ਵੀ ਲਗਾਈ ਜਾਵੇਗੀ। ਮੀਟਿੰਗ ਸਹੀ ਸਮੇਂ ਆਰੰਭ ਹੋਵੇਗੀ ਅਤੇ ਸਮੇਂ ਸਿਰ ਸਮਾਪਤ ਹੋਵੇਗੀ






# 29 ਸਤੰਬਰ 2019

**Raja Indian Cuisine 1275 W Winton Ave Hayward 94545 California**

ਕਿਸੇ ਜਾਣਕਾਰੀ ਲਈ ਸੰਪਰਕ :

| ਸ: ਰੇਸ਼ਮ ਸਿੰਘ | ਜਗਰਾਜ ਸਿੰਘ | ਜਗਤਾਰ ਸਿੰਘ ਗਿੱਲ | ਜਸਵੀਰ ਸਿੰਘ ਤੱਖਰ | ਸਮਪ੍ਰੀਤ ਸਿੰਘ | ਸੁਖਬੀਰ ਸਿੰਘ | ਲਵਦੀਪ ਸਿੰਘ |
|---|---|---|---|---|---|---|
| ਸੀਨੀਅਰ ਵਾਈਸ ਪ੍ਰਧਾਨ ਅਮਰੀਕਾ | ਸੀਨੀਅਰ ਵਾਈਸ ਪ੍ਰਧਾਨ ਅਮਰੀਕਾ(ਵੈਸਟ) | ਪ੍ਰੈਜ਼ੀਡੈਂਟ ਅਮਰੀਕਾ ਵੈਸਟ | | ਦਫਤਰ ਇੰਚਾਰਜ | ਮੀਡੀਆ ਇੰਚਾਰਜ | ਮੀਡੀਆ ਇੰਚਾਰਜ |
| (661) 209-0228 | (209) 808-9144 | (559) 273-9735 | (510) 755-2132 | (510) 766-9382 | (510) 766-9192 | (405) 550-6979 |

# AAA AUTO AND BODY WORKS





ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**1421 Industrial PKWY West#F Hayward, CA 94544**

Prop: Jasbir Singh Takhar 510-755-2132 **510- 733- 2222**

# 24 ਸਤੰਬਰ, 2019 ਲਈ ਪੂਨਾ ਪੈਕਟ ਦਿਵਸ ਸਬੰਧੀ ਵਿਸ਼ੇਸ਼


**ਅੱਜ ਦੇ ਦਿਨ ਹੀ 24 ਸਤੰਬਰ, 1932 ਨੂੰ ਕਾਂਗਰਸੀ ਆਗੂ ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਜਿਸਨੂੰ ਲੋਕ ਮਹਾਤਮਾ ਕਹਿੰਦੇ ਅਤੇ ਦਲਿਤ ਆਗੂ ਡਾਕਟਰ ਭੀਮ ਰਾਓ ਅੰਬੇਡਕਰ ਵਿੱਚ ਇੱਕ ਸਮਝੌਤਾ ਹੋਇਆ ਸੀ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ। ਪੂਨਾ ਪੈਕਟ ਵਿੱਚ ਦਲਿਤਾਂ ਨੂੰ ਮਿਲੇ ਵੱਖਰੇ ਚੋਣ ਅਧਿਕਾਰਾਂ ਨੂੰ ਖਤਮ ਕੀਤਾ ਗਿਆ। ਕੁੱਝ ਆਗੂ ਅਤੇ ਬੁੱਧੀਜੀਵੀਆਂ ਅਨੁਸਾਰ ਪੂਨਾ ਪੈਕਟ ਨੇ ਸਿਰਫ ਚਮਚੇ ਹੀ ਪੈਦਾ ਕੀਤੇ ਹਨ ਅਤੇ ਬਹੁਤੇ ਲੋਕ ਇਸ ਦਿਨ ਨੂੰ ਕਾਲਾ ਅਤੇ ਧੋਖਾ ਦਿਵਸ ਵਜੋਂ ਹੀ ਮਨਾਉਂਦੇ ਹਨ।**



ਕੁਲਦੀਪ ਚੰਦ
91-9417563054

ਅੱਜ ਦੇ ਦਿਨ 24 ਸਤੰਬਰ ਨੂੰ ਪੂਨਾ ਪੈਕਟ ਦਿਵਸ ਵਜੋਂ ਯਾਦ ਕੀਤਾ ਜਾਂਦਾ ਹੈ। ਇਸ ਪੂਨਾ ਪੈਕਟ ਦੁਆਰਾ ਹੀ 24 ਸਤੰਬਰ, 1932 ਨੂੰ ਭਾਰਤ ਵਿੱਚ ਰਹਿਣ ਵਾਲੇ ਕਰੋੜਾਂ ਦਲਿਤਾਂ ਜਿਨ੍ਹਾਂ ਵਿੱਚ ਪੱਛੜੀਆਂ ਸ਼੍ਰੇਣੀਆਂ, ਅਨੁਸੂਚਿਤ ਜਾਤਾਂ ਅਤੇ ਆਦਿਵਾਸੀ ਕਬੀਲੇ ਸ਼ਾਮਿਲ ਸਨ ਅਤੇ ਜੋ ਸਦੀਆਂ ਤੋਂ ਜਾਨਵਰਾਂ ਨਾਲੋਂ ਵੀ ਮਾੜਾ ਜੀਵਨ ਬਤੀਤ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਹਰ ਤਰਾਂ ਦੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਅਧਿਕਾਰਾਂ ਤੋਂ ਬਾਂਝਾ ਰੱਖਿਆ ਗਿਆ ਸੀ ਨੂੰ ਬ੍ਰਿਟਿਸ਼ ਸਰਕਾਰ ਵਲੋਂ ਮਿਲੇ ਅਲੱਗ ਰਾਜਨੀਤਿਕ ਅਧਿਕਾਰਾਂ ਕਮਿਊਨਲ ਐਵਾਰਡ ਨੂੰ ਵਾਪਸ ਲਿਆ ਗਿਆ। ਇਹ ਸਮਝੌਤਾ 24 ਸਤੰਬਰ 1932 ਨੂੰ ਦਲਿਤ ਬੁੱਧੀਜੀਵੀ ਆਗੂ ਡਾਕਟਰ ਅੰਬੇਡਕਰ ਅਤੇ ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਜਿਸਨੂੰ ਲੋਕ ਮਹਾਤਮਾ ਕਹਿੰਦੇ ਹਨ ਵਿਚਕਾਰ ਪੂਨਾ ਦੀ ਯਰਵਦਾ ਜੇਲ ਵਿੱਚ ਹੋਇਆ ਸੀ ਅਤੇ ਇਸ ਸਮਝੌਤੇ ਦੁਆਰਾ ਦਲਿਤਾਂ ਨੂੰ ਅੰਗਰੇਜ਼ਾ ਵਲੋਂ ਬਾਕੀ ਕਈ ਦੂਜੇ ਘੱਟ ਗਿਣਤੀ ਵਰਗਾਂ ਵਾਂਗ ਮਿਲੇ ਵਖਰੇ ਚੋਣ ਅਧਿਕਾਰ ਕਮਿਊਨਲ ਐਵਾਰਡ ਨੂੰ ਖਤਮ ਕਰਕੇ ਮੌਜੂਦਾ ਰਾਖਵਾਂਕਰਣ ਨੀਤੀ ਯੋਜਨਾ ਮੰਨਜੂਰ ਕੀਤੀ ਗਈ। ਜੇਕਰ ਭਾਰਤ ਵਿੱਚ ਵਖਰੇ ਚੋਣ ਅਧਿਕਾਰਾਂ ਦਾ ਇਤਿਹਾਸ ਵੇਖੀਏ ਤਾਂ 1917 ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਨੁੰਮਾਇੰਦਿਆਂ ਵਿਚਕਾਰ 'ਲਖਨਊ ਪੈਕਟ' ਹੋਇਆ ਜਿਸਤੋਂ ਬਾਦ ਕਾਂਗਰਸ ਲੀਗ ਦੀ ਸਥਾਪਨਾ ਕੀਤੀ ਗਈ ਅਤੇ ਇਸ ਵਿੱਚ ਕਈ ਵਰਗਾਂ ਲਈ ਅਲੱਗ ਚੋਣ ਅਧਿਕਾਰਾਂ ਨੂੰ ਸਵੀਕਾਰ ਕੀਤਾ ਗਿਆ ਸੀ ਅਤੇ ਉਨ੍ਹਾਂ ਦੀ ਅਬਾਦੀ ਅਨੁਸਾਰ ਨੁਮਾਇੰਦਗੀ ਦਿੱਤੀ ਗਈ। ਇਸ ਚੋਣ ਸਮਝੌਤੇ ਵਿੱਚ ਸਦੀਆਂ ਤੋਂ ਲਿਤਾੜ੍ਹੇ ਕਰੋੜ੍ਹਾਂ ਦਲਿਤਾਂ ਦੀ ਨੁਮਾਇੰਦਗੀ ਲਈ ਕੋਈ ਥਾਂ ਨਹੀਂ ਸੀ। ਦਲਿਤ ਆਗੂ ਡਾਕਟਰ ਭੀਮ ਰਾਓ ਅੰਬੇਡਕਰ ਅਗਸਤ 1917 ਵਿੱਚ ਮੁੰਬਈ ਵਿੱਚ ਲਾਰਡ ਈ ਮੋਨਟੇਗੂ ਸਾਹਮਣੇ ਪੇਸ਼ ਹੋਏ ਅਤੇ ਭਾਰਤ ਵਿੱਚ ਦਲਿਤਾਂ ਦੀ ਤਰਸਯੋਗ ਹਾਲਤ ਅਤੇ ਸਮੱਸਿਆਵਾਂ ਪ੍ਰਤੀ ਜਾਣੂ ਕਰਵਾਇਆ। 27 ਜਨਵਰੀ 1919 ਨੂੰ ਵੀ ਡਾਕਟਰ ਅੰਬੇਡਕਰ ਨੇ ਵੋਟ ਅਤੇ ਨਾਗਰਿਕ ਅਧਿਕਾਰਾਂ ਸਬੰਧੀ ਗਠਿਤ ਸਾਊਥ ਬਰੋ ਕਮੇਟੀ ਸਾਹਮਣੇ ਦਲਿਤਾਂ ਲਈ ਆਬਾਦੀ ਅਨੁਸਾਰ ਵੱਖਰੇ ਚੋਣ ਅਧਿਕਾਰਾਂ ਦੀ ਮੰਗ ਰੱਖੀ ਪ੍ਰੰਤੂ ਕੁੱਛ ਕੱਟੜ ਹਿੰਦੂ ਆਗੂਆ ਦੇ ਵਿਰੋਧ ਕਾਰਨ ਦਲਿਤਾਂ ਨੂੰ ਕੋਈ ਲਾਭ ਨਾਂ ਮਿਲਿਆ। ਅੰਗਰੇਜ਼ ਸਰਕਾਰ ਨੇ 1919 ਵਿੱਚ ਇੱਕ ਭਾਰਤੀ ਕਾਨੂੰਨ ਕਮਿਸ਼ਨ (ਇੰਡੀਅਨ ਸਟੈਚੂਟਰੀ ਕਮਿਸ਼ਨ) ਸਰ ਜੌਹਨ ਸਾਇਮਨ ਦੀ ਅਗਵਾਈ ਵਿੱਚ ਬਣਾਇਆ ਜਿਸਨੂੰ ਸਾਇਮਨ ਕਮਿਸ਼ਨ ਕਿਹਾ ਜਾਂਦਾ ਹੈ। ਸਾਇਮਨ ਕਮਿਸ਼ਨ 3 ਫਰਵਰੀ, 1928 ਨੂੰ ਮੁੰਬਈ ਆਇਆ ਜਿਸਦਾ ਕਈ ਕਾਂਗਰਸੀ ਆਗੂਆਂ ਨੇ ਪ੍ਰਧਾਨ ਲਾਲਾ ਲਾਜਪਤ ਰਾਏ ਦੀ ਅਗਵਾਈ ਵਿੱਚ ਕਾਲੇ ਝੰਡਿਆਂ ਨਾਲ ਵਿਰੋਧ ਕੀਤਾ ਤੇ ਮੁਜ਼ਾਹਰੇ ਕੀਤੇ। ਦੋਆਬੇ ਦੇ ਦਲਿਤ ਆਗੂ ਅਤੇ ਆਦਿ ਧਰਮ ਦੇ ਸੰਸਥਾਪਕ ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਇਸ ਕਮਿਸ਼ਨ ਨੂੰ ਮਿਲਕੇ ਅਪਣੇ ਅਧਿਕਾਰ ਲੈਣ ਲਈ ਮਤਾ ਪਾਸ ਕੀਤਾ ਅਤੇ ਦਲਿਤਾਂ ਦੇ 18 ਸੰਗਠਨਾਂ ਨੇ ਸਾਈਮਨ ਕਮਿਸ਼ਨ ਅੱਗੇ ਆਪਣੇ ਅਲੱਗ ਅਧਿਕਾਰਾਂ ਦੀ ਮੰਗ ਕੀਤੀ। ਸਾਇਮਨ ਕਮਿਸ਼ਨ ਦੀ ਰਿਪੋਰਟ ਤੇ ਲੰਡਨ ਵਿੱਚ ਤਿੰਨ ਗੋਲਮੇਜ਼ ਕਾਨਫਰੰਸਾਂ ਹੋਈਆਂ ਜਿਸ ਵਿੱਚ ਭਾਰਤ ਦੇ ਵੱਖ ਵੱਖ ਵਰਗਾਂ ਦੇ ਪ੍ਰਤੀਨਿਧੀ ਜਿਨ੍ਹਾਂ ਵਿੱਚ ਹਿੰਦੂਆਂ ਵੱਲੋਂ ਮੋਹਨ ਦਾਸ ਕਰਮ ਚੰਦ ਗਾਂਧੀ , ਮੁਸਲਮਾਨਾਂ ਵੱਲੋਂ ਮੁਹੰਮਦ ਅਲੀ ਜਿਨਾਹ ਅਤੇ ਦਲਿਤਾਂ ਵੱਲੋਂ ਡਾਕਟਰ ਅੰਬੇਡਕਰ ਸ਼ਾਮਲ ਹੋਏ ਜਿਨ੍ਹਾਂ ਨੇ ਅਪਣੇ ਅਪਣੇ ਵਰਗਾਂ ਦੇ ਹੱਕਾਂ ਦੀ ਮੰਗ ਰੱਖੀ। ਕਾਨਫਰੰਸ ਦਾ ਪਹਿਲਾ ਇਜਲਾਸ 12 ਨਵੰਬਰ 1930 ਨੂੰ ਸਮਰਾਟ ਜਾਰਜ ਪੰਜਵੇਂ ਦੀ ਪ੍ਰਧਾਨਗੀ ਹੇਠ ਲੰਡਨ ਵਿਖੇ ਸ਼ੁਰੂ ਹੋਇਆ ਜਿਸ ਵਿੱਚ ਹਾਜ਼ਰ ਨੁਮਾਇੰਦਿਆਂ ਦੀ ਕੁੱਲ ਸੰਖਿਆ 89 ਸੀ, ਜਿਨ੍ਹਾਂ ਵਿੱਚੋਂ 53 ਭਾਰਤੀ ਸਨ। ਕਾਨਫਰੰਸ ਦੇ ਕੰਮ ਨੂੰ ਪ੍ਰਧਾਨ ਦੀ ਰਹਿਨੁਮਾਈ ਵਿੱਚ ਕਈ ਕਮੇਟੀਆਂ ਵਿੱਚ ਵੰਡ ਦਿੱਤਾ ਗਿਆ ਅਤੇ ਇਨ੍ਹਾਂ ਕਮੇਟੀਆਂ ਵਿੱਚੋਂ ਮਹੱਤਵਪੂਰਨ ਕਮੇਟੀ ਘੱਟ ਗਿਣਤੀ ਕਮੇਟੀ ਸੀ, ਜਿਸ ਦਾ ਮੁੱਖ ਕੰਮ ਭਾਰਤ ਦੀ ਫਿਰਕੂ ਸਮੱਸਿਆ ਨੂੰ ਹੱਲ ਕਰਨਾ ਸੀ। ਸਾਰੇ ਵਰਗਾਂ ਦੇ ਪ੍ਰਤੀਨਿਧੀਆਂ ਦੇ ਵਿਚਾਰ ਸੁਣਨ ਤੋਂ ਬਾਅਦ 9 ਕਮੇਟੀਆਂ ਦੀ ਸਥਾਪਨਾ ਕੀਤੀ ਜਿਨ੍ਹਾਂ ਵਿੱਚੋਂ ਬਹੁਤੀਆਂ ਕਮੇਟੀਆਂ ਵਿੱਚ ਡਾਕਟਰ ਅੰਬੇਡਕਰ ਦਾ ਨਾਮ ਸ਼ਾਮਲ ਸੀ ਪਰ ਉਨ੍ਹਾਂ ਦਾ ਸਭਤੋਂ ਮਹੱਤਵਪੂਰਨ ਕੰਮ ਦਲਿਤਾਂ ਦੇ ਸੱਭਿਆਚਾਰਕ, ਧਾਰਮਿਕ ਅਤੇ ਆਰਥਿਕ ਅਧਿਕਾਰਾਂ ਦੀ ਸੁਰੱਖਿਆਂ ਲਈ ਮੌਲਿਕ ਅਧਿਕਾਰਾਂ ਦਾ ਘੋਸ਼ਣਾ ਪੱਤਰ ਤਿਆਰ ਕਰਕੇ ਘੱਟ ਗਿਣਤੀਆਂ ਬਾਰੇ ਬਣੀ ਉੱਪ ਕਮੇਟੀ ਨੂੰ ਪੇਸ਼ ਕਰਨਾ ਸੀ। ਦੂਜੀ ਗੋਲਮੇਜ਼ ਕਾਨਫਰੰਸ ਲਈ ਜੁਲਾਈ 1931 ਦੇ ਤੀਜੇ ਹਫਤੇ ਡਾਕਟਰ ਅੰਬੇਡਕਰ, ਸਰ ਤੇਜ ਬਹਾਦਰ ਸਪ੍ਰੂਰ, ਮਦਨ ਮੋਹਨ ਮਾਲਵੀਆ, ਸਰੋਜਨੀ ਨਾਇਡੂ, ਮੋਹਨ ਦਾਸ ਕਰਮ ਚੰਦ ਗਾਂਧੀ , ਮਿਰਜਾ ਇਸਮਾਈਲ, ਮੁਹੰਮਦ ਅਲੀ ਜਿਨਾਹ ਅਤੇ ਹੋਰ ਨੇਤਾਵਾਂ ਨੂੰ ਸੱਦਾ ਪੱਤਰ ਮਿਲਿਆ। ਇਸ ਵਿੱਚ ਡਾਕਟਰ ਅੰਬੇਡਕਰ ਦਾ ਨਾਮ ਸਟਰੱਕਚਰਲ ਕਮੇਟੀ ਵਿੱਚ ਸ਼ਾਮਲ ਸੀ। ਸੰਵਿਧਾਨ ਬਣਾਉਣ ਦਾ ਕਾਰਜ ਵਿਸ਼ੇਸ਼ ਤੌਰ ਤੇ ਇਸ ਕਮੇਟੀ ਨੇ ਕਰਨਾ ਸੀ। ਗੋਲਮੇਜ਼ ਕਾਨਫਰੰਸਾਂ ਵਿੱਚ ਕਈ ਵਰਗਾਂ ਲਈ ਵੱਖਰੇ ਵੱਖਰੇ ਰਾਜਨੀਤਿਕ ਅਧਿਕਾਰਾਂ ਪ੍ਰਤੀ ਸਹਿਮਤੀ ਹੋਈ ਅਤੇ ਸਦੀਆਂ ਤੋਂ ਲਿਤਾੜ੍ਹੇ ਦਲਿਤਾਂ ਲਈ ਵੀ ਵੱਖਰੇ ਰਾਜਨੀਤਿਕ ਅਧਿਕਾਰਾਂ ਨੂੰ ਸਵੀਕਾਰ ਕੀਤਾ ਗਿਆ। ਗੋਲਮੇਜ਼ ਕਾਨਫਰੰਸ ਦਾ ਦੂਜਾ ਇਜਲਾਸ 7 ਸਤੰਬਰ 1931 ਨੂੰ ਸ਼ੁਰੂ ਹੋਇਆ। ਕਾਨਫਰੰਸ ਨੇ ਪਹਿਲੀ ਗੋਲਮੇਜ਼ ਕਾਨਫਰੰਸ ਵੱਲੋਂ ਸਥਾਪਿਤ ਕਮੇਟੀਆਂ ਦੀਆਂ ਰਿਪੋਰਟਾਂ ਤੇ ਵਿਚਾਰ ਕਰਨਾ ਸੀ। 15 ਸਤੰਬਰ 1931 ਨੂੰ ਗਾਂਧੀ ਨੇ ਫੈਡਰਲ ਸਟਰੱਕਚਰ ਕਮੇਟੀ ਵਿੱਚ ਇਹ ਦਾਅਵਾ ਕੀਤਾ ਕਿ ਕਾਂਗਰਸ ਪਾਰਟੀ ਸਾਰੇ ਭਾਰਤੀ ਹਿੱਤਾਂ ਅਤੇ ਵਰਗਾਂ ਦੀ ਨੁਮਾਇੰਦਗੀ ਕਰਦੀ ਹੈ। ਗਾਂਧੀ ਅਤੇ ਹੋਰ ਕਈ ਕਾਂਗਰਸੀ ਆਗੂਆਂ ਨੇ ਦਲਿਤਾਂ ਨੂੰ ਮਿਲਣ ਵਾਲੇ ਵਿਸ਼ੇਸ ਅਧਿਕਾਰਾਂ ਦਾ ਵਿਰੋਧ ਕੀਤਾ। ਡਾਕਟਰ ਅੰਬੇਡਕਰ ਨੇ ਪੱਛੜੇ ਦਲਿਤਾਂ ਦੇ ਅਧਿਕਾਰਾਂ ਸਬੰਧੀ ਘੱਟ ਗਿਣਤੀ ਕਮੇਟੀ ਕੋਲ ਦੋ ਮੈਮੋਰੰਡਮ ਪੇਸ਼ ਕੀਤੇ ਜਿਨ੍ਹਾਂ ਤੇ ਘੱਟ ਗਿਣਤੀ ਕਮੇਟੀ ਅਤੇ ਸੰਘੀ ਸ਼ਾਸ਼ਨ ਪ੍ਰਣਾਲੀ ਸੰਮਤੀ ਦੋਹਾਂ ਵਿੱਚ ਵਿਚਾਰ ਵਟਾਂਦਰਾ ਹੋਇਆ ਜਿਸਤੋਂ ਬਾਦ ਇਹ ਫੈਸਲਾ ਹੋਇਆ ਕਿ 80 ਤੋਂ 90 ਪ੍ਰਤੀਸ਼ਤ ਸੀਟਾਂ ਅਲੱਗ ਚੋਣ ਖੇਤਰਾਂ ਰਾਹੀਂ ਭਰੀਆਂ ਜਾਣ ਅਤੇ ਬਾਕੀ ਆਮ ਚੋਣਾਂ ਦੁਆਰਾ ਹੀ ਭਰੀਆਂ ਜਾਣ। ਇਸ ਵਿੱਚ 5 ਪ੍ਰਤੀਸ਼ਤ ਸੀਟਾਂ ਔਰਤਾਂ ਲਈ ਰਾਖਵੀਆਂ ਰੱਖਣ ਦਾ ਫੈਸਲਾ ਵੀ ਹੋਇਆ। ਘੱਟ ਗਿਣਤੀਆਂ ਬਾਰੇ ਉਸ ਕਮੇਟੀ ਨੇ ਕਾਨਫਰੰਸ ਨੂੰ ਆਪਣੀ ਰਿਪੋਰਟ ਪੇਸ਼ ਕੀਤੀ ਜਿਸ ਸਬੰਧੀ 17 ਅਗਸਤ 1932 ਨੂੰ ਬ੍ਰਿਟਿਸ਼ ਸਰਕਾਰ ਨੇ ਕਮਿਊਨਲ ਐਵਾਰਡ ਦੇਣ ਦਾ ਮਹੱਤਵਪੂਰਨ ਫੈਸਲਾ ਸੁਣਾ ਦਿੱਤਾ ਜਿਸ ਵਿੱਚ ਕਈ ਹੋਰ ਵਰਗਾਂ ਵਾਂਗ ਦਲਿਤਾਂ ਨੂੰ ਵੀ ਘੱਟ ਗਿਣਤੀ ਮੰਨਦੇ ਹੋਏ ਦੋ ਵੋਟਾਂ ਦਾ ਵਿਸ਼ੇਸ਼ ਅਧਿਕਾਰ ਦੇਕੇ ਅਪਣੇ ਅਲੱਗ ਪ੍ਰਤੀਨਿਧੀ ਚੁਣਨ ਦਾ ਅਧਿਕਾਰ ਦਿੱਤਾ ਗਿਆ ਜਿਸਨੂੰ ਕਮਿਊਨਲ ਐਵਾਰਡ ਕਿਹਾ ਜਾਂਦਾ ਹੈ ਜਿਸਦਾ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਸਖ਼ਤ ਵਿਰੋਧ ਕੀਤਾ ਅਤੇ ਕਿਹਾ ਕਿ ਸਰਕਾਰ ਆਪਣੇ ਫੈਸਲੇ ਵਿੱਚ ਸੋਧ ਕਰਕੇ ਦਲਿਤਾਂ ਲਈ ਵੱਖਰੇ ਅਧਿਕਾਰ ਵਾਪਸ ਲਵੇ। ਗਾਂਧੀ ਨੇ ਯਰਵਦਾ ਜੇਲ੍ਹ ਵਿੱਚੋਂ ਧਮਕੀ ਭਰਿਆ ਪੱਤਰ ਪ੍ਰਧਾਨ ਮੰਤਰੀ ਮੈਕਡਾਨਲਡ ਨੂੰ ਲਿਖਿਆ ਕਿ ਜੇਕਰ ਦਲਿਤਾਂ ਦੇ ਵੱਖਰੇ ਆਜ਼ਾਦ ਚੋਣ ਅਧਿਕਾਰ ਵਾਪਸ ਨਾ ਲਏ ਤਾਂ ਮੈਂ ਆਪਣੇ ਪ੍ਰਾਣਾਂ ਦੀ ਬਾਜੀ ਲਗਾ ਦੇਵਾਂਗਾ। ਇਸਤੋਂ ਬਾਦ ਗਾਂਧੀ ਨੇ ਦਲਿਤਾਂ ਦੇ ਅਲੱਗ ਅਧਿਕਾਰਾਂ ਖਿਲਾਫ 20 ਸਤੰਬਰ 1932 ਨੂੰ ਪੂਨਾ ਦੀ ਯਰਵਦਾ ਜੇਲ ਵਿੱਚ ਮਰਨ ਵਰਤ ਸ਼ੁਰੂ ਕਰ ਦਿੱਤਾ। ਪ੍ਰਧਾਨ ਮੰਤਰੀ ਰੈਮਜੇ ਮੈਕਡਾਨਲਡ ਨੇ ਗਾਂਧੀ ਨੂੰ ਅਪੀਲ ਕੀਤੀ ਕਿ ਉਹ ਦਲਿਤਾਂ ਵਿਰੁੱਧ ਇਸ ਤਰ੍ਹਾਂ ਦਾ ਖਤਰਨਾਕ ਕਦਮ ਨਾ ਚੁੱਕਣ। ਗਾਂਧੀ ਦੇ ਦਲਿਤ ਵਿਰੋਧੀ ਫੈਸਲੇ ਵਿਰੁੱਧ ਆਦਿ ਧਰਮ ਅੰਦੋਲਨ ਦੇ ਮੋਢੀ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਅਗਵਾਈ ਵਿੱਚ ਕਈ ਆਗੂਆਂ ਨੇ ਮਰਨ ਵਰਤ ਰੱਖਿਆ। ਗਾਂਧੀ ਦੀ ਜਾਨ ਬਚਾਉਣ ਲਈ ਕਈ ਮੰਨੂਵਾਦੀ ਸੰਗਠਨਾਂ ਵਲੋਂ ਡਾਕਟਰ ਅੰਬੇਡਕਰ ਨੂੰ ਧਮਕੀਆਂ ਦਿੱਤੀਆਂ ਗਈਆਂ ਅਤੇ ਦਬਾਅ ਪਾਇਆ ਗਿਆ। ਗਾਂਧੀ ਦੀ ਪਤਨੀ ਕਸਤੂਰਬਾ ਗਾਂਧੀ ਅਤੇ ਬੇਟਾ ਦੇਵ ਦਾਸ ਡਾਕਟਰ ਅੰਬੇਡਕਰ ਨੂੰ ਮਿਲੇ ਅਤੇ ਗਾਂਧੀ ਦੀ ਜਾਨ ਬਚਾਉਣ ਲਈ ਅਪੀਲ ਕੀਤੀ। ਅਖੀਰ ਅੱਜ ਦੇ ਦਿਨ 24 ਸਤੰਬਰ, 1932 ਨੂੰ ਸ਼ਾਮ ਨੂੰ ਲੱਗਭਗ 5 ਵਜੇ ਯਰਵਦਾ ਜੇਲ ਵਿੱਚ ਡਾਕਟਰ ਅੰਬੇਡਕਰ ਅਤੇ ਗਾਂਧੀ ਵਿਚਕਾਰ ਮਦਨ ਮੋਹਨ ਮਾਲਵੀਆ, ਤੇਜ ਬਹਾਦਰ ਸਪਰੂ, ਐਮ ਆਰ ਜੈਕਾਰ, ਸ਼੍ਰੀਨਿਵਾਸਨ, ਐਮ ਸੀ ਰਾਜਾਹ, ਸੀ ਵੀ ਮੈਹਤਾ, ਸੀ ਰਾਜਾਹ ਗੋਪਾਲਚਾਰੀ, ਰਾਜਿੰਦਰ ਪ੍ਰਸਾਦ, ਜੀ ਡੀ ਬਿਰਲਾ, ਰਾਮੇਸ਼ਵਰ

(ਬਾਕੀ ਸਫਾ 19 'ਤੇ)




# ਮਾਂ-ਬੋਲੀ ਪੰਜਾਬੀ



ਸਵਰਾਜਵੀਰ

ਕਿਸੇ ਬੋਲੀ ਦਾ ਦੂਸਰੀ ਬੋਲੀ ਨਾਲ ਕੋਈ ਝਗੜਾ ਨਹੀਂ ਹੁੰਦਾ। ਪੁਰਾਣੇ ਸਮਿਆਂ ਤੋਂ ਮੱਧ ਏਸ਼ੀਆ, ਯੂਨਾਨ, ਇਰਾਨ, ਇਰਾਕ, ਅਫ਼ਗਾਨਿਸਤਾਨ ਅਤੇ ਹੋਰ ਖ਼ਿੱਤਿਆਂ ਤੋਂ ਲੋਕ ਪੰਜਾਬ ਵਿਚ ਆ ਕੇ ਵੱਸਦੇ ਰਹੇ। ਅਜੋਕੇ ਸਮਿਆਂ ਵਿਚ ਕਸ਼ਮੀਰ, ਬਿਹਾਰ, ਉੱਤਰ ਪ੍ਰਦੇਸ਼ ਤੇ ਹੋਰ ਪ੍ਰਾਂਤਾਂ ਦੇ ਲੋਕ ਪੰਜਾਬ ਵਿਚ ਆ ਵੱਸੇ। ਇਨ੍ਹਾਂ ਲੋਕਾਂ ਨੇ ਪੰਜਾਬੀ ਭਾਸ਼ਾ ਨੂੰ ਅਪਣਾਇਆ। ਪੰਜਾਬੀ ਅਸਾਮ, ਬੰਗਾਲ, ਬਿਹਾਰ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਬਾਹਰਲੇ ਦੇਸ਼ਾਂ ਵਿਚ ਜਾ ਵੱਸੇ ਤੇ ਉਨ੍ਹਾਂ ਨੇ ਉਨ੍ਹਾਂ ਇਲਾਕਿਆਂ ਤੇ ਦੇਸ਼ਾਂ ਦੀਆਂ ਭਾਸ਼ਾਵਾਂ ਸਿੱਖ ਲਈਆਂ। ਇਸ ਤਰ੍ਹਾਂ ਲੋਕਾਂ ਦਾ ਇਕ ਥਾਂ ਤੋਂ ਦੂਸਰੀ ਥਾਂ 'ਤੇ ਜਾ ਵੱਸਣਾ ਅਤੇ ਉਸ ਖ਼ਿੱਤੇ ਦੀ ਭਾਸ਼ਾ ਸਿੱਖ ਲੈਣਾ ਇਤਿਹਾਸਕ ਵਰਤਾਰਾ ਹੈ ਅਤੇ ਇਸ ਸਬੰਧ ਵਿਚ ਕਦੇ ਵੀ ਜ਼ੋਰ-ਜ਼ਬਰਦਸਤੀ ਨਹੀਂ ਕੀਤੀ ਗਈ।

ਬੋਲੀkਭਾਸ਼ਾ ਇਕ ਦਿਨ ਵਿਚ ਨਹੀਂ ਬਣ ਜਾਂਦੀ। ਇਹ ਕਿਸੇ ਖ਼ਿੱਤੇ ਵਿਚ ਵਸਦੇ ਲੋਕਾਂ ਦੀ ਸਦੀਆਂ ਦੀ ਸਮੂਹਿਕ ਮਾਨਸਿਕ ਸਾਧਨਾ ਰਾਹੀਂ ਹੋਂਦ ਵਿਚ ਆਉਂਦੀ ਹੈ। ਇਹ ਸਿਰਫ਼ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਗੱਲਬਾਤ ਕਰਨ ਦਾ ਸਾਧਨ ਹੀ ਨਹੀਂ ਹੁੰਦੀ ਸਗੋਂ ਲੋਕ-ਗੀਤਾਂ, ਬਾਤਾਂ ਤੇ ਸਾਹਿਤਕ ਕਿਰਤਾਂ ਰਾਹੀਂ ਉਸ ਇਲਾਕੇ ਦੇ ਜਨ-ਜੀਵਨ ਨੂੰ ਨਵੀਂ ਉਰਜਾ ਵੀ ਦਿੰਦੀ ਹੈ। ਸ਼ਬਦ ਅਰਸ਼ਾਂ ਤੋਂ ਨਹੀਂ ਉਤਰਦੇ ਸਗੋਂ ਕਿਰਤ ਕਰਦੇ ਔਰਤਾਂ ਤੇ ਮਰਦਾਂ ਵਿਚ ਆਪਸੀ ਸੰਚਾਰ ਦੀ ਲੋੜ 'ਚੋਂ ਪੈਦਾ ਹੁੰਦੇ ਹਨ। ਮਰਦ ਤੇ ਔਰਤ ਵਿਚਲੇ ਆਪਸੀ ਰਿਸ਼ਤੇ, ਬਿਰਹਾ ਤੇ ਮਿਲਣ ਦੀਆਂ ਘੜੀਆਂ, ਪਿਆਰਿਆਂ ਦੀਆਂ ਉਡੀਕਾਂ ਤੇ ਤਾਂਘਾਂ, ਭੈਣਾਂ-ਭਰਾਵਾਂ ਵਿਚਲਾ ਪਿਆਰ, ਮਾਵਾਂ ਤੇ ਧੀਆਂ-ਪੁੱਤਾਂ ਵਿਚਲਾ ਮੋਹ, ਦਾਦਿਆਂkਪਿਓਆਂ ਤੇ ਸੰਤਾਨ ਵਿਚਲੇ ਡੂੰਘੇ ਸਨੇਹ ਦੇ ਨਾਤੇ ਬੋਲੀ ਦੀ ਨੁਹਾਰ ਘੜਦੇ ਹਨ। ਜ਼ੁਲਮ ਵਿਰੁੱਧ ਲੜਦੇ ਹੋਏ ਲੋਕ, ਆਪਣੇ ਦੁੱਖਾਂ, ਸੰਘਰਸ਼ਾਂ ਤੇ ਜਿੱਤਾਂ-ਹਾਰਾਂ ਦੀਆਂ ਵਾਰਾਂ ਲਿਖਦੇ ਹਨ। ਕਵੀ, ਢਾਡੀ, ਅਫ਼ਸਾਨਾਨਿਗਾਰ, ਨਾਵਲਕਾਰ, ਗ਼ਲਪ ਲੇਖਕ, ਨਾਟਕਕਾਰ, ਭਾਸ਼ਾ ਮਾਹਿਰ ਆਦਿ ਉਸ ਦੇ ਨੈਣ-ਨਕਸ਼ਾਂ ਨੂੰ ਤਿੱਖਾ ਕਰਦੇ ਹਨ। ਪੰਜਾਬੀ ਬੋਲੀ ਵੀ ਏਦਾਂ ਹੀ ਹੋਂਦ ਵਿਚ ਆਈ ਹੈ।

ਮੱਧਕਾਲੀਨ ਸਮਿਆਂ ਦੇ ਉੱਘੇ ਵਿਦਵਾਨ, ਹਿਸਾਬਦਾਨ ਤੇ ਤਾਰਾ ਵਿਗਿਆਨੀ ਅਲਬਰੂਨੀ ਨੇ 11ਵੀਂ ਸਦੀ ਵਿਚ ਆਪਣੀ ਯਾਤਰਾ ਦੌਰਾਨ ਪੰਜਾਬ ਵਿਚ ਬੋਲੀਆਂ ਜਾ ਰਹੀਆਂ ਭਾਸ਼ਾਵਾਂ ਨੂੰ ਮੁੱਖ ਸ਼ਹਿਰਾਂ ਦੇ ਨਾਂ ਉੱਤੇ ਲਾਹੌਰੀ ਤੇ ਮੁਲਤਾਨੀ ਆਖਿਆ ਤੇ ਤਿੰਨ ਲਿਪੀਆਂ- ਅਰਧ-ਨਾਗਰੀ, ਸਿੱਧ ਮਾਤ੍ਰਕਾ ਤੇ ਭੱਟ-ਅੱਛਰੀ ਦਾ ਜ਼ਿਕਰ ਕੀਤਾ। ਡਾ. ਪਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ ਅਤੇ ਗੋਬਿੰਦ ਸਿੰਘ ਲਾਂਬਾ ਅਨੁਸਾਰ ਸਿੱਧ ਮਾਤ੍ਰਕਾ ਤੇ ਭੱਟ-ਅੱਛਰੀ ਗੁਰਮਖੀ ਤੋਂ ਪਹਿਲਾਂ ਦੀਆਂ ਲਿਪੀਆਂ ਹਨ ਅਤੇ ਵਿਦਵਾਨਾਂ ਅਨੁਸਾਰ ਸਿੱਧਮ ਜਾਂ ਸਿੱਧ ਮਾਤ੍ਰਕਾ ਗੁਰਮੁਖੀ ਦਾ ਪੁਰਾਣਾ ਨਾਂ ਹੈ ਜਿਸ ਨੂੰ ਗੁਰੂ ਅੰਗਦ ਦੇਵ ਜੀ ਨੇ ਸੋਧ ਕੇ ਵਰਤੋਂ ਵਿਚ ਲਿਆਂਦਾ। ਪੁਰਾਣੇ ਸਮਿਆਂ ਵਿਚ ਬੋਲਚਾਲ ਦੀ ਭਾਸ਼ਾ ਨੂੰ ਪ੍ਰਾਕ੍ਰਿਤ ਕਿਹਾ ਜਾਂਦਾ ਸੀ ਅਤੇ ਜਦ ਆਮ ਲੋਕਾਂ ਦੁਆਰਾ ਬੋਲੀ ਜਾਂਦੀ ਬੋਲੀ ਵਿਚ ਸਾਹਿਤ ਦੀ ਰਚਨਾ ਹੋਣ ਲੱਗੀ ਤਾਂ ਉਸ ਵੇਲੇ ਵੱਖ ਵੱਖ ਤਰ੍ਹਾਂ ਦੀਆਂ ਅਪਭ੍ਰੰਸ਼ਾਂ (ਸ਼ੌਰਸੇਨੀ, ਕੈਕਈ, ਪਿਸ਼ਾਚੀ ਅਤੇ ਵ੍ਰਾਚਡ ਆਦਿ) ਦਾ ਜ਼ਿਕਰ ਮਿਲਦਾ ਹੈ। ਸ਼ੇਖ਼ ਫ਼ਰੀਦ ਟਕਸਾਲੀ ਪੰਜਾਬੀ ਵਿਚ ਸਲੋਕ ਕਹਿਣ ਵਾਲੇ ਪਹਿਲੇ ਸ਼ਾਇਰ ਮੰਨੇ ਜਾਂਦੇ ਹਨ ਪਰ ਉਨ੍ਹਾਂ ਤੋਂ ਪਹਿਲਾਂ ਮਸੂਦ, ਮੁੱਲਾ ਦਾਊਦ, ਅਦਹਮਾਨ, ਗੋਰਖ ਨਾਥ, ਚਰਪਟ ਨਾਥ, ਚੌਰੰਗੀ ਨਾਥ ਤੇ ਹੋਰ ਨਾਥ-ਜੋਗੀਆਂ ਦਾ ਜ਼ਿਕਰ ਆਉਂਦਾ ਹੈ। ਪੁਰਾਣੇ ਸਮਿਆਂ ਵਿਚ ਪੰਜਾਬ ਨੂੰ 'ਸਪਤ ਸਿੰਧੂ' ਤੇ 'ਪੰਚ ਨਦ' ਦੇ ਨਾਂ ਨਾਲ ਜਾਣਿਆ ਜਾਂਦਾ ਸੀ ਅਤੇ ਇਸ ਦੇ ਵੱਖ ਵੱਖ ਇਲਾਕੇ ਸਿੰਧੂ, ਸੌਵੀਰ, ਮਦਰ ਦੇਸ, ਕੈਕਈ ਪ੍ਰਦੇਸ਼, ਉਸ਼ੀਨਰ, ਤ੍ਰਿਗਰਤ ਆਦਿ ਵਜੋਂ ਮਸ਼ਹੂਰ ਹੋਏ। ਲਿਖਤ ਸਾਹਿਤ ਵਿਚ 'ਪੰਜਾਬ' ਸ਼ਬਦ ਪਹਿਲੀ ਵਾਰ ਅਮੀਰ ਖ਼ੁਸਰੋ ਨੇ ਵਰਤਿਆ ਅਤੇ ਬਾਅਦ ਵਿਚ ਭਾਈ ਗੁਰਦਾਸ ਨੇ। ਪਹਿਲਾਂ ਸਾਡੇ ਸ਼ਾਇਰ ਆਪਣੀ ਬੋਲੀ ਨੂੰ ਹਿੰਦੀ, ਹਿੰਦਕੀ ਜਾਂ ਹਿੰਦਵੀ ਕਹਿੰਦੇ ਸਨ। ਹਾਫ਼ਿਜ਼ ਬਰਖ਼ੁਰਦਾਰ ਪਹਿਲਾ ਕਿੱਸਾਕਾਰ ਹੈ ਜੋ ਆਪਣੀ ਬੋਲੀ ਨੂੰ ਪੰਜਾਬੀ ਬੋਲੀ ਕਹਿ ਕੇ ਪਛਾਣ ਕਰਾਉਂਦਾ ਹੈ। ਗੁਰੂ ਨਾਨਕ ਦੇਵ ਜੀ ਅਤੇ ਹੋਰ ਸਿੱਖ ਗੁਰੂਆਂ, ਸ਼ਾਹ ਹੁਸੈਨ, ਸੁਲਤਾਨ ਬਾਹੂ, ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ, ਦਮੋਦਰ ਆਦਿ ਨੇ ਬੋਲੀ ਦੇ ਨੈਣ-ਨਕਸ਼ ਘੜੇ ਅਤੇ ਇਸ ਨੂੰ ਉੱਚ ਦਰਜੇ ਦੀ ਸਾਹਿਤਕ ਬੋਲੀ ਬਣਾ ਦਿੱਤਾ।

ਇਤਿਹਾਸਕ ਤੌਰ 'ਤੇ ਪੰਜਾਬ ਬਹੁ-ਭਾਸ਼ੀ ਖ਼ਿੱਤਾ ਰਿਹਾ ਹੈ। ਇੱਥੋਂ ਦੇ ਲੇਖਕ ਤੇ ਚਿੰਤਕ ਸੰਸਕ੍ਰਿਤ, ਬ੍ਰਿਜ, ਫ਼ਾਰਸੀ, ਖੜ੍ਹੀ ਬੋਲੀ, ਉਰਦੂ ਤੇ ਪੰਜਾਬੀ ਵਿਚ ਲਿਖਦੇ ਰਹੇ। ਸ਼ੇਖ਼ ਫ਼ਰੀਦ ਨੇ ਫ਼ਾਰਸੀ ਤੇ ਪੰਜਾਬੀ ਵਿਚ ਕਲਾਮ ਕਿਹਾ। ਗੁਰੂ ਨਾਨਕ ਦੇਵ ਜੀ ਨੇ ਪੰਜਾਬੀ ਦੇ ਨਾਲ ਸਾਧ ਭਾਸ਼ਾ, ਫ਼ਾਰਸੀ, ਅਰਬੀ, ਬ੍ਰਿਜ ਤੇ ਖੜ੍ਹੀ ਬੋਲੀ ਦੀ ਵਰਤੋਂ ਕੀਤੀ। ਗੁਰੂ ਗੋਬਿੰਦ ਸਿੰਘ ਨੇ ਪੰਜਾਬੀ, ਬ੍ਰਿਜ ਤੇ ਫ਼ਾਰਸੀ ਵਿਚ ਰਚਨਾ ਕੀਤੀ। ਸੁਲਤਾਨ ਬਾਹੂ, ਸ਼ਾਹ ਹੁਸੈਨ, ਹਾਫ਼ਿਜ਼ ਬਰਖ਼ੁਰਦਾਰ ਅਤੇ ਹੋਰ ਸ਼ਾਇਰ ਪੰਜਾਬੀ ਦੇ ਨਾਲ ਫ਼ਾਰਸੀ ਤੇ ਅਰਬੀ ਭਾਸ਼ਾ ਦੇ ਵਿਦਵਾਨ ਵੀ ਸਨ। ਪੰਜਾਬ ਵਿਚ ਬ੍ਰਿਜ ਵਿਚ ਕਵਿਤਾ ਤੇ ਗ਼ਲਪ ਲਿਖਣ ਦੀ ਪਰੰਪਰਾ ਲੰਮੀ ਦੇਰ ਤਕ ਰਹੀ। ਆਧੁਨਿਕ ਪੰਜਾਬੀ ਸਾਹਿਤ ਦੇ ਮੋਢੀਆਂ ਵਿਚੋਂ ਭਾਈ ਵੀਰ ਸਿੰਘ, ਪੂਰਨ ਸਿੰਘ, ਪ੍ਰੋਫ਼ੈਸਰ ਮੋਹਨ ਸਿੰਘ, ਫ਼ੀਰੋਜ਼ਦੀਨ ਸ਼ਰਫ਼, ਧਨੀ ਰਾਮ ਚਾਤ੍ਰਿਕ, ਸੰਤ ਸਿੰਘ ਸੇਖੋਂ, ਗੁਰਬਖ਼ਸ਼ ਸਿੰਘ ਅਤੇ ਹੋਰ ਲੇਖਕ ਪੰਜਾਬੀ ਤੋਂ ਇਲਾਵਾ ਦੂਸਰੀਆਂ ਭਾਸ਼ਾਵਾਂ ਦੇ ਵਿਦਵਾਨ ਵੀ ਸਨ।

ਪਿਛਲੇ ਦਿਨਾਂ ਵਿਚ ਹਿੰਦੀ ਤੇ ਪੰਜਾਬੀ ਭਾਸ਼ਾ ਦੇ ਵਿਦਵਾਨਾਂ ਦਾ ਆਪਸੀ ਟਕਰਾਓ ਚਰਚਾ ਦਾ ਵਿਸ਼ਾ ਰਿਹਾ ਹੈ। ਅੱਜ ਹਿੰਦੀ ਨੂੰ ਸੱਤਾ ਦੀ ਹਮਾਇਤ ਹਾਸਲ ਹੈ ਅਤੇ ਇਸ ਨੂੰ ਰਾਸ਼ਟਰ ਭਾਸ਼ਾ ਵਜੋਂ ਪੇਸ਼ ਕੀਤਾ ਜਾਂਦਾ ਹੈ ਜੋ ਸੰਵਿਧਾਨਕ ਤੌਰ 'ਤੇ ਗ਼ਲਤ ਹੈ। ਸੰਵਿਧਾਨ ਵਿਚ ਰਾਸ਼ਟਰ ਭਾਸ਼ਾ ਦਾ ਕੋਈ ਸੰਕਲਪ ਨਹੀਂ। ਸੰਵਿਧਾਨ ਦੇ ਅੱਠਵੇਂ ਅਧਿਆਏ (ਸ਼ਡਿਊਲ) ਵਿਚ ਹੁਣ 22 ਭਾਸ਼ਾਵਾਂ ਹਨ ਜਿਨ੍ਹਾਂ ਨੂੰ ਸਰਕਾਰੀ ਭਾਸ਼ਾਵਾਂ ਕਿਹਾ ਗਿਆ ਹੈ। ਸਾਰੀਆਂ ਭਾਸ਼ਾਵਾਂ ਬਰਾਬਰ ਹਨ। ਪੰਜਾਬੀ ਦੇ ਮੁਕਾਬਲੇ ਹਿੰਦੀ ਨੂੰ ਉੱਚਾ ਵਿਖਾਉਣ ਵਾਲੇ ਵਿਦਵਾਨਾਂ ਦੀ ਮਾਨਸਿਕਤਾ ਉਸ ਫ਼ਿਰਕਾਪ੍ਰਸਤੀ ਨੂੰ ਪੇਸ਼ ਕਰਦੀ ਹੈ ਜਿਸ ਦੇ ਬੀਜ ਅੰਗਰੇਜ਼ ਬਸਤੀਵਾਦੀਆਂ ਨੇ ਸਾਡੇ ਮਨਾਂ ਵਿਚ ਬੀਜੇ। ਉਨ੍ਹਾਂ ਦੀ ਯਾਦਦਾਸ਼ਤ ਨੂੰ ਤਰੋ-ਤਾਜ਼ਾ ਕਰਨ ਲਈ ਕੁਝ ਵਿਦਵਾਨਾਂ ਦੇ ਵਿਚਾਰ ਪੇਸ਼ ਕੀਤੇ ਜਾ ਰਹੇ ਹਨ।

ਮਸ਼ਹੂਰ ਭਾਸ਼ਾ ਵਿਗਿਆਨੀ ਡਾਕਟਰ ਸੁਨੀਤੀ ਕੁਮਾਰ ਚੈਟਰਜੀ ਨੇ ਪੰਜਾਬੀ ਭਾਸ਼ਾ ਦੀ ਪੁਰਾਤਨਤਾ ਬਾਰੇ ਲਿਖਦਿਆਂ ਕਿਹਾ ਹੈ, ''ਕੁਝ ਗੱਲਾਂ ਵਿਚ ਹਿੰਦੀ ਪੰਜਾਬੀ ਤੋਂ ਪ੍ਰਭਾਵਿਤ ਹੈ... ਇਸ (ਉਚਾਰਣ ਦੇ) ਪੱਖ ਤੋਂ ਪੰਜਾਬੀ ਦੀ ਅਗਵਾਈ ਤੇ ਸ੍ਰੇਸ਼ਟਤਾ ਸੁੱਤੇ-ਸਿੱਧ ਹੀ ਮੰਨੀ ਜਾਂਦੀ ਰਹੀ ਹੈ; ਇਸੇ ਲਈ ਹੀ ਪੰਜਾਬੀ ਢੰਗ ਦਾ ਉਚਾਰਣ ਸ਼ੋਭਨੀਕ ਸਮਝਿਆ ਜਾਂਦਾ ਰਿਹਾ ਹੈ।'' ਡਾਕਟਰ ਵਿਦਿਆ ਭਾਸਕਰ ਅਨੁਸਾਰ, ''ਹਿੰਦੀ ਦਾ ਅਜੋਕਾ ਰੂਪ ਬਣਾਉਣ ਵਿਚ ਪੰਜਾਬੀ ਦਾ ਹੱਥ ਪ੍ਰਤੱਖ ਦਿਸਦਾ ਹੈ। ਹਿੰਦੀ ਦੇ ਆਮ ਵਰਤੋਂ ਦੇ ਅਨੇਕਾਂ ਸ਼ਬਦ ਸਬ, ਕਲ, ਸਚ, ਲਗਨਾ, ਲੰਬਾ, ਬਿੱਛੂ, ਬਿਜਲੀ, ਪੱਕਾ, ਅੱਛਾ ਆਦਿ ਜਾਂ ਤਾਂ ਪੰਜਾਬੀ ਦੇ ਪ੍ਰਭਾਵ ਥੱਲੇ ਬਣੇ ਹਨ, ਜਾਂ ਪੰਜਾਬੀ ਰੂਪ ਹੀ ਹਿੰਦੀ ਉੱਤੇ ਥੋਪੇ ਗਏ ਹਨ।... ਮੁੱਕਦੀ ਗੱਲ ਹਿੰਦੀ ਨੇ ਕਈ ਵਿਸ਼ੇਸ਼ਤਾਵਾਂ ਪੰਜਾਬੀ ਤੋਂ ਹੀ ਲਈਆਂ ਹਨ।'' ਸੰਸਕ੍ਰਿਤ ਅਤੇ ਪ੍ਰਾਕ੍ਰਿਤ ਦੇ ਉੱਘੇ ਵਿਦਵਾਨ ਡਾਕਟਰ ਏਸੀ ਵੂਲਨਰ ਅਨੁਸਾਰ, ''ਪੰਜਾਬੀ ਕਵਿਤਾ ਦੀ ਆਪਣੀ ਛਬ ਤੇ ਸੁੰਦਰਤਾ ਹੈ। ਇਸ ਦੀ ਭਾਸ਼ਾ ਹਿੰਦੀ ਤੇ ਉਰਦੂ ਨਾਲੋਂ ਵਧੇਰੇ ਪੁਰਾਤਨ ਹੈ।'' ਪ੍ਰਸਿੱਧ ਹਿੰਦੀ ਵਿਦਵਾਨ ਤੇ ਭਾਸ਼ਾ ਵਿਗਿਆਨੀ ਬਾਬੂ ਸ਼ਿਆਮ ਸੁੰਦਰ ਦਾਸ ਨੇ ਲਿਖਿਆ ਹੈ, ''ਮੱਧ ਦੇਸ਼ ਨਾਲ ਸਬੰਧਿਤ ਭਾਸ਼ਾਵਾਂ ਵਿਚੋਂ ਪੰਜਾਬੀ ਹੀ ਅਜਿਹੀ ਭਾਸ਼ਾ ਹੈ ਜਿਸ ਵਿਚ ਸੰਸਕ੍ਰਿਤ ਤੇ ਫ਼ਾਰਸੀ ਸ਼ਬਦਾਂ ਦੀ ਭਰਤੀ ਨਹੀਂ। ਇਸ ਭਾਸ਼ਾ ਵਿਚ ਵੈਦਿਕ-ਸੰਸਕ੍ਰਿਤ ਵਾਲਾ ਰਸ ਭਰਿਆ ਹੋਇਆ ਹੈ। ਪੰਜਾਬੀ ਵਿਚ ਇਸ ਭਾਸ਼ਾ ਦੇ ਬੋਲਣ ਵਾਲੇ ਬਲਵਾਨ ਤੇ ਕਰੜੇ ਕਿਰਸਾਨਾਂ ਦੀ ਕਠੋਰਤਾ ਤੇ ਸਾਦਗੀ ਭਰੀ ਹੋਈ ਹੈ।'' ਉਰਦੂ ਦੇ ਮਸ਼ਹੂਰ ਲੇਖਕ ਖ਼ਵਾਜਾ ਅਹਿਮਦ ਅੱਬਾਸ ਨੇ ਕਿਹਾ ਸੀ, ''ਹਿੰਦੀ ਆਪਣੀ ਹੁਣ ਵਾਲੀ ਸ਼ਕਲ ਵਿਚ ਪੰਜ ਸੌ ਸਾਲ ਤੋਂ ਪੁਰਾਣੀ ਨਹੀਂ ਪਰ ਪੰਜਾਬੀ ਨਿਸ਼ਚੇ ਹੀ ਇਸ ਤੋਂ ਬਹੁਤ ਪੁਰਾਣੀ ਹੈ।'' ਪ੍ਰੋਫ਼ੈਸਰ ਓਮ ਪ੍ਰਕਾਸ਼ ਕਹੋਲ ਅਨੁਸਾਰ, ''ਪੰਜਾਬੀ ਪ੍ਰਾਚੀਨ ਭਾਰਤ-ਯੋਰਪੀ ਭਾਸ਼ਾ ਦੀ ਬੜੀ ਵਫ਼ਾਦਾਰ ਪ੍ਰਤੀਨਿਧੀ ਹੈ... ਤੇ ਜੇ ਸੰਸਕ੍ਰਿਤ ਨੂੰ ਇਸ ਕਲਪਿਤ ਬੋਲੀ ਦੀ ਨਿਕਟਤਮ ਭਾਸ਼ਾ ਮੰਨ ਲਿਆ ਜਾਵੇ ਤਾਂ ਪੰਜਾਬੀ ਤੇ ਸੰਸਕ੍ਰਿਤ ਦੇ ਤੁਲਨਾਤਮਕ ਅਧਿਐਨ ਨਾਲ ਸਿੱਧ ਹੁੰਦਾ ਹੈ ਕਿ ਪੰਜਾਬੀ ਨੇ ਪੁਰਾਣੀ ਪੀੜ੍ਹੀ ਦੀਆਂ ਭਾਸ਼ਾਵਾਂ ਦੀਆਂ ਕਈ ਅਨੂਠੀਆਂ ਵਿਸ਼ੇਸ਼ਤਾਵਾਂ ਨੂੰ ਕਿਵੇਂ ਸੰਭਾਲ ਕੇ ਰੱਖਿਆ ਹੋਇਆ ਹੈ, ਜਦੋਂਕਿ ਇਸੇ ਬਰਾਦਰੀ ਦੀਆਂ ਦੂਜੀਆਂ ਭਾਸ਼ਾਵਾਂ, ਵਿਕਾਸ ਦੇ ਪੜਾਵਾਂ ਵਿਚੋਂ ਲੰਘਦੀਆਂ, ਅਜਿਹੀਆਂ ਵਿਸ਼ੇਸ਼ਤਾਵਾਂ ਨੂੰ ਗੁਆ ਚੁੱਕੀਆਂ ਹਨ।'' ਡਾਕਟਰ ਫ਼ਕੀਰ ਅਹਿਮਦ ਫ਼ਕੀਰ ਅਨੁਸਾਰ ''ਪੰਜਾਬੀ ਹੀ ਅਸਲ ਵਿਚ ਉਰਦੂ ਦੀ ਮਾਂ ਏ ਤੇ ਇਹਨੇ (ਉਰਦੂ ਨੇ) ਆਪਣਾ ਬਹੁਤਾ ਵਰਤਾਰਾ ਤੇ ਆਪਣੀ ਬਣਾਵਟ ਦੀਆਂ ਤਰਕੀਬਾਂ ਪੰਜਾਬੀ ਕੋਲੋਂ ਈ ਲੈ ਕੇ ਆਪਣੇ ਆਪ ਨੂੰ ਬਣਾਇਆ ਸੰਵਾਰਿਆ ਏ।'' ਪ੍ਰੋਫ਼ੈਸਰ ਹਾਫ਼ਿਜ਼ ਮਹਿਮੂਦ ਸ਼ੀਰਾਨੀ ਦਾ ਵੀ ਇਹੋ ਮੱਤ ਹੈ। ਉਪਰਲੀਆਂ ਟੂਕਾਂ ਦਾ ਅਰਥ ਹਿੰਦੀ ਅਤੇ ਉਰਦੂ ਦੇ ਮੁਕਾਬਲੇ ਪੰਜਾਬੀ ਨੂੰ ਉੱਚਿਆਉਣਾ ਨਹੀਂ; ਸਿਰਫ਼ ਇਹ ਦੱਸਣਾ ਹੈ ਕਿ ਪੰਜਾਬੀ ਸੈਂਕੜੇ ਵਰ੍ਹੇ ਸੱਤਾ ਅਤੇ ਦਰਬਾਰਾਂ ਦੀ ਸਰਪ੍ਰਸਤੀ ਤੋਂ ਬਿਨਾਂ ਵਧੀ-ਫੁੱਲੀ ਤੇ ਪ੍ਰਫੁੱਲਿਤ ਹੋਈ ਲੋਕਾਂ ਦੀ ਜ਼ਬਾਨ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਬੋਲੀ ਰਾਹੀਂ ਰਾਜਿਆਂ ਤੇ ਮੁਕੱਦਮਾਂ ਦਾ ਵਿਰੋਧ ਕੀਤਾ, ਜਾਤ-ਪਾਤ ਅਤੇ ਵਰਣ-ਆਸ਼ਰਮ ਵਿਰੁੱਧ ਆਵਾਜ਼ ਉਠਾਈ, ਕੁਦਰਤ ਦਾ ਅਦਭੁੱਤ ਵਰਣਨ ਕੀਤਾ। ਬੁੱਲ੍ਹੇ ਸ਼ਾਹ ਦਾ ਧਾਰਮਿਕ ਅਤੇ ਸਮਾਜਿਕ ਕੱਟੜਤਾ ਵਿਰੁੱਧ ਵਿਦਰੋਹ ਇਸ ਬੋਲੀ ਵਿਚ ਗੂੰਜਿਆ। ਬਸਤੀਵਾਦ ਵਿਰੁੱਧ ਉੱਠੀ ਗ਼ਦਰ ਲਹਿਰ ਅਤੇ ਜੱਲ੍ਹਿਆਂਵਾਲੇ ਬਾਗ਼ ਅਤੇ ਹੋਰ ਸਾਕਿਆਂ ਦੀ ਬਗ਼ਾਵਤ ਤੇ ਰੋਹ ਇਸੇ ਬੋਲੀ ਵਿਚ ਪ੍ਰਗਟ ਹੋਏ। ਇਸ ਤਰ੍ਹਾਂ ਪੰਜਾਬੀ ਸਦੀਆਂ ਤੋਂ ਚੱਲਦੀ ਉਹ ਪਰੰਪਰਾ ਮੌਜੂਦ ਹੈ ਜੋ ਪੰਜਾਬੀ ਬੋਲਣ ਵਾਲਿਆਂ ਨੂੰ ਦਰਬਾਰੀਆਂ, ਚਾਪਲੂਸਾਂ, ਸਾਜ਼ਿਸ਼ਕਾਰਾਂ, ਹਾਕਮਾਂ ਤੇ ਅਹਿਲਕਾਰਾਂ ਵਿਰੁੱਧ ਬੋਲਣ ਲਈ ਸ਼ਬਦ ਤੇ ਹੌਸਲਾ ਬਖ਼ਸ਼ਦੀ ਹੈ। ਅੱਜ ਵੀ ਪੰਜਾਬੀ ਬੋਲਣ ਵਾਲਿਆਂ ਨੂੰ ਕਿਸੇ ਸਰਕਾਰ ਜਾਂ ਸੰਸਥਾ ਸਾਹਮਣੇ ਝੋਲੀ ਫੈਲਾਉਣ ਦੀ ਜ਼ਰੂਰਤ ਨਹੀਂ; ਪੰਜਾਬੀ ਆਪਣੇ ਬੋਲਣ ਵਾਲਿਆਂ ਦੇ ਮਨਾਂ ਵਿਚਲੀ ਜੀਰਾਂਦ, ਪੰਜਾਬੀ ਸੁਭਾਅ ਦੇ ਸਿਰੜ ਤੇ ਕਿਰਤੀਆਂ ਦੇ ਮਨੋਭਾਵਾਂ ਨੂੰ ਪ੍ਰਗਟ ਕਰਨ ਦੀ ਆਪਣੀ ਸਮਰੱਥਾ ਸਦਕਾ ਜਿਊਂਦੀ ਆਈ ਹੈ, ਜਿਊਂਦੀ ਹੈ ਅਤੇ ਜਿਊਂਦੀ ਰਹੇਗੀ।

### ਜੋੜ ਮੇਲੇ 'ਤੇ ਵਿਸ਼ੇਸ

# ਭਾਈ ਬਹਿਲੋ ਸਭ ਤੋ ਪਹਿਲੋ



ਭਾਈ ਬਹਿਲੋ ਜੀ ਦਾ ਜਨਮ ਪਿੰਡ ਫਫੜੇ ਭਾਈ ਕੇ (ਬੁਢਲਾਡਾ) ਵਿੱਚ ਪਿਤਾ ਅਲਦਿਤ ਅਤੇ ਮਾਤਾ ਗਾਗ ਦੇ ਘਰ ਹੋਇਆ। ਇਹਨਾਂ ਦਾ ਜਨਮ 1610 ਬਿਕਰਮੀ ਅਰਥਾਤ 1553 ਈਸਵੀ ਨੂੰ ਹੋਇਆ। ਇਹਨਾਂ ਦਾ ਨਾਨਕਾ ਪਿੰਡ ਮੂਲੋਵਾਲ (ਸੰਗਰੂਰ) ਸੀ।ਇਹਨਾਂ ਦੀ ਸ਼ਾਦੀ 'ਹਾਸ਼ਮ' ਦੀ ਪੁੱਤਰੀ 'ਬੀਬੋ' ਨਾਲ ਹੋਈ। ਭਾਈ ਬਹਿਲੋ ਜੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਆਉਣ ਤੋ ਪਹਿਲਾ ਸਖੀ ਸਰਵਰ ਦੇ ਚੇਲੇ ਸਨ। ਇਹਨਾਂ ਦੇ ਘਰ ਪੀਰਖਾਨਾ ਵੀ ਬਣਿਆ ਹੋਇਆ ਸੀ। ਪੀਰਖਾਨੇ ਦੀਆਂ ਸਾਰੀਆ ਰਸਮਾਂ ਇਹ ਲਿਭਾਉਦੇ ਸਨ। ਇਹ ਹਰ ਸਾਲ ਨਗਾਹੇ ਵੱਡਾ ਇਕੱਠ ਕਰਕੇ ਲਿਜ-ਾਇਆ ਕਰਦੇ ਸਨ।



**ਨਵਜੋਤ ਬਜਾਜ (ਗੱਗੂ)**
91-98721-02614

ਪਰ ਗੁਰੂ ਮਹਾਰਾਜ ਦੀ ਐਸੀ ਕਿਰਪਾ ਹੋਈ ਕਿ ਗੁਰੂ ਅਰਜਨ ਦੇਵ ਜੀ ਜਿਸ ਵੇਲੇ ਅੰਮਿ ਸਾਹਿਬ ਵਿਖੇ ਸਰੋਵਰ ਦੀ ਖੁਦਾਈ ਕਰਵਾ ਰਹੇ ਸਨ ਤਾਂ ਭਾਈ ਬਹਿਲੋ ਜੀ ਨੂੰ ਆਪਣੇ ਕੋਲ ਸੱਦਿਆ। ਭਾਈ ਬਹਿਲੋ ਜੀ ਆਪਣੇ ਆਪ ਨੂੰ ਸਮਰਪਿਤ ਕਰਕੇ ਸੇਵਾ ਵਿੱਚ ਐਸੇ ਲੱਗੇ ਕਿ ਆਪਣੀ ਸੁੱਧ-ਬੁੱਧ ਵੀ ਭੁੱਲ ਬੈਠੇ। ਸੇਵਾਦਾਰ ਵੱਡਾ ਟੋਕਰਾਂ ਮਿੱਟੀ ਨਾਲ ਭਰ ਦਿਆ ਕਰਦੇ ਪਰ ਭਾਈ ਬਹਿਲੋ ਜੀ ਬਿਨਾਂ ਕਿਸੇ ਨਾਲ ਗੱਲ-ਬਾਤ ਕੀਤਿਆਂ ਟੋਕਰਾਂ ਚੁੱਕ ਕੇ ਬਾਹਰ ਸੁੱਟ ਆਉਦੇ।

ਫਿਰ ਸਰੋਵਰ ਪੱਕਾ ਕਰਨ ਲਈ ਆਵੇ ਪਕਾਉਣ ਦੀ ਸੇਵਾ ਚੱਲੀ। ਕਿਸੇ ਨੇ ਭਾਈ ਬਹਿਲੋ ਜੀ ਨੂੰ ਦੱਸਿਆ ਕਿ ਜੇਕਰ ਆਵੇ ਵਿੱਚ ਬਾਲਣ ਲਈ ਕੂੜਾ-ਕਰਕਟ ਗੰਦਗੀ ਆਦਿ ਸੁਕਾ ਕੇ ਪਾਈ ਜਾਵੇ ਤਾਂ ਇੱਟਾਂ ਬਹੁਤ ਵਧੀਆ ਤੇ ਪੱਕੀਆਂ ਬਣਦੀਆਂ ਹਨ।ਭਾਈ ਬਹਿਲੋ ਜੀ ਨੇ ਗੱਡਾ ਜੋੜ ਕੇ ਸ਼ਹਿਰ ਦਾ ਕੂੜਾ ਕਰਕਟ ਇਕੱਠਾ ਕਰਕੇ ਲਿਆਉਣਾ ਸੂਰੂ ਕਰ ਦਿੱਤਾ। ਇਸ ਤਰ੍ਹਾਂ ਜਦੋ ਂਆਵੇ ਖੁੱਲੇ ਤਾਂ ਭਾਈ ਬਹਿਲੋ ਜੀ ਦੇ ਆਵੇ ਦੀਆਂ ਇੱਟਾਂ ਵਧੀਆ ਤੇ ਲਾਲ ਸੁਰਖ ਨਿੱਕਲੀਆ। ਇਹ ਸੇਵਾ ਦੇਖਕੇ ਗੁਰੂ ਅਰਜਨ ਦੇਵ ਜੀ ਬਹੁਤ ਪ੍ਰਸੰਨ ਹੋਏ ਤੇ ਭਾਈ ਬਹਿਲੋ ਜੀ ਨੂੰ ਕੋਲ ਬੁਲਾ ਕੇ ਆਪਣੀ ਛਾਤੀ ਨਾਲ ਲਾਇਆ ਤੇ 'ਭਾਈ ਬਹਿਲੋ ਸਭ ਤੋ ਪਹਿਲੋ' ਆਖ ਕੇ ਨਿਵਾਜਿਆ, ਨਾਲ ਹੀ ਮਾਲਵੇ ਦਾ ਮਸੰਦ ਥਾਪਕੇ ਸਿੱਖੀ ਦਾ ਪ੍ਰਚਾਰ ਕਰਨ ਲਈ ਵਾਪਸ ਫਫੜੇ ਭੇਜ ਦਿੱਤਾ।ਸਮੇ ਸਮੇ ਤੇ ਭਾਈ ਬਹਿਲੋ ਜੀ ਸ੍ਰੀ ਅੰਮ੍ਰਿਤਸਰ ਜਾਂਦੇ ਰਹੇ। ਜਿਵੇ, ਂਜਦੋ ਂਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਜਿਲਦ ਬੰਨਣ ਲਈ ਭਾਈ ਬੰਨੋ ਨੂੰ ਲਾਹੌਰ ਭੇਜਿਆ ਗਿਆ ਤਾਂ ਭਾਈ ਬਹਿਲੋ ਜੀ ਵੀ ਨਾਲ ਸੀ।ਜਦੋ ਂਗੁਰੂ ਅਰਜਨ ਦੇਵ ਜੀ ਮਾਤਾ ਗੰਗਾ ਨੂੰ ਵਿਆਹੁਣ ਲਈ ਮੌ ਸਾਹਿਬ ਬਰਾਤ ਲੈ ਕੇ ਗਏ ਤਾਂ ਭਾਈ ਬਹਿਲੋ ਜੀ ਵੀ ਨਾਲ ਸਨ। ਭਾਈ ਬਹਿਲੋ ਜੀ ਦੇ ਘਰ ਇੱਕ ਪੁੱਤਰ ਭਾਈ ਨਾਨੂੰ ਜੀ ਹੋਏ।ਭਾਈ ਨਾਨੂੰ ਜੀ ਦੇ ਘਰ ਭਾਈ ਭਗਤਾ ਜੀ ਦਾ ਜਨਮ ਹੋਇਆ। ਭਾਈ ਭਗਤਾ ਜੀ ਦੇ ਘਰ ਪੰਜ ਪੁੱਤਰ ਭਾਈ ਤਾਰਾ, ਭਾਈ ਭਾਗ, ਭਾਈ ਮਿਹਰਾ, ਭਾਈ ਬਖਤਾ, ਭਾਈ ਗੁਰਦਾਸ ਜੀ ਨੇ ਜਨਮ ਲਿਆ। ਭਾਈ ਤਾਰਾ ਤੇ ਭਾਈ ਗੁਰਦਾਸ ਜੀ ਗੁਰੂ ਹਰਰਾਇ ਸਾਹਿਬ ਜੀ ਦੀ ਸੇਵਾ ਵਿੱਚ ਹਾਜਰ ਰਹੇ। ਜਦੋ ਗੁਰੂ ਗੋਬਿੰਦ ਸਿੰਘ ਜੀ ਦੀਨੇ ਕਾਂਗੜ ਤੋ ਭਗਤੇ ਆਏ ਤਾਂ ਭਾਈ ਭਗਤਾ ਜੀ ਦੇ ਪੰਜਾਂ ਪੁੱਤਰਾਂ ਗੁਰੂ ਮਹਾਰਾਜ ਜੀ ਨੂੰ ਘੋੜਾ ਭੇਟ ਕੀਤਾ ਤੇ ਆਪਣੇ ਘਰ ਤਿੰਨ ਦਿਨ ਨਿਵਾਸ ਕਰਵਾਇਆ।

ਭਾਈ ਗੁਰਦਾਸ ਜੀ ਨੇ ਪਾਣੀ ਵਾਰ "ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ" ਦੀ ਰਚਨਾ ਕੀਤੀ। ਭਾਈ ਗੁਰਦਾਸ ਜੀ ਦੇ ਨਾਲ ਤੇ ਭਗਤੇ ਪਿੰਡ ਵਿੱਚ 'ਗੁਰਦਾਸ ਆਵਾ' ਛੱਪੜ ਅਤੇ ਭਾਈ ਭਗਤਾ ਜੀ ਦੀ ਪਤਨੀ ਦੇ ਨਾਮ ਤੇ "ਰੱਜੀ-ਆਣਾ" ਛੱਪੜ ਮੌਜੂਦ ਹਨ। ਭਾਈ ਬਹਿਲੋ ਜੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਸੇਵਾ ਵਿੱਚ ਵੀ ਹਾਜਰ ਰਹੇ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਗੁਰੂ ਸਾਹਿਬ ਜੀ ਤੋ ਬੇਮੁਖ ਹੋ ਕੇ ਈਰਖਾ ਵੱਸ 1599 ਈ: ਵਿੱਚ ਕੋਠਾ ਗੁਰੂ ਨਗਰ ਵਸਾ ਲਿਆ ਸੀ ਜਿਸ ਵਿੱਚ ਬਹੁਤ ਸਾਰੇ ਸੋਢੀ ਖਾਨਦਾਨ ਦੇ ਅਤੇ ਹੋਰ ਲੋਕ ਵਸਾਏ ਗਏ ਸਨ। ਕੋਠਾ ਗੁਰੂ ਤੋ ਕੇਵਲ 14 ਸਾਲ ਪਿੱਛੋ ਭਾਈ ਬਹਿਲੋ ਜੀ ਦੇ ਪੋਤੇ ਭਾਈ ਭਗਤਾ ਜੀ ਨੇ ਸੰਨ 1610 ਈ: ਵਿੱਚ ਭਗਤਾ ਪਿੰਡ ਵਸਾ ਲਿਆ ਸੀ ਜੋ ਕੋਠਾ ਗੁਰੂ ਤੋ ਕੇਵਲ 3 ਕਿਲੋਮੀਟਰ ਦੀ ਦੂਰੀ ਤੇ ਹੈ। ਪਿੰਡ ਭਗਤਾ ਭਾਈ ਕਾ ਦੇ ਮੇਨ ਚੌਕ ਨੂੰ ਵੀ ਭਾਈ ਬਹਿਲੋ ਜੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਭਾਈ ਬਹਿਲੋ ਜੀ ਦੀ ਬਰਸੀ ਦੇ ਸੰਬੰਧ ਵਿਚ ਫਫੜੇ ਭਾਈ ਕੇ ਜਿਲ੍ਹਾ ਸੰਗਰੂਰ ਵਿਖੇ ਸ਼ਰਧਾ ਪੂਰਵਕ ਮਿਤੀ 22,23,24 ਸਤੰਬਰ ਨੂੰ ਹਰ ਸਾਲ ਜੋੜ ਮੇਲਾ ਮਨਾਇਆ ਜਾਂਦਾ ਹੈ ।

## ਅਫਸੋਸ

"ਮੇਰੀ ਗੱਲ ਧਿਆਨ ਨਾਲ ਸੁਣ ਲੈ, ਜਦੋਂ ਮੈਂ ਇਸ਼ਾਰਾ ਦੇਵਾਂ, ਫੋਟੋ ਖਿੱਚ ਲੈਣਾ।" ਨੇਤਾ ਨੇ ਆਪਣੇ ਪੀ.ਏ. ਨੂੰ ਸਮਝਾਉਂਦੇ ਹੋਏ ਕਿਹਾ। "ਪਰ ਆਪਾਂ ਤਾਂ ਜੀ ਮੌਤ ਤੇ ਅਫਸੋਸ ਕਰਨ ਜਾਣਾ, ਉੱਥੇ ਫੋਟੋ ਦਾ ਕੀ ਮਤਲਬ ?" ਪੀ.ਏ. ਨੇ ਹੈਰਾਨ ਹੁੰਦਿਆਂ ਪੁਛਿਆ। "ਓ ਗਧਿਆ,ਕਦੇ ਵੱਡੇ ਨੇਤਾ ਜਾਂ ਮੰਤਰੀ ਨਹੀਂ ਆਉਂਦੇ-ਜਾਂਦੇ ਵੇਖੇ।ਕਿਉਂ ਆਪਣੇ ਨਾਲ ਲਾਮ-ਲਸ਼ਕਰ ਰੱਖਦੇ ਹਨ।ਆ ਤਾਂ ਇਕੱਲੇ-ਦੁਕੱਲੇ ਵੀ ਸਕਦੇ ਹਨ।ਜੇ ਅਖਬਾਰਾਂ 'ਚ ਪ੍ਰਚਾਰ ਹੀ ਨਾ ਹੋਇਆ ਤਾਂ ਧੱਕੇ ਖਾਣ ਦਾ ਕੀ ਫਾਇਦਾ ? ਜੇ ਫੋਟੋ ਹੋਊ ਤਾਂ ਅਖਬਾਰਾਂ ਨੂੰ ਭੇਜਾਂਗੇ।" ਤਾੜਨਾ ਕਰ ਨੇਤਾ ਜੀ ਅਫਸੋਸ ਲਈ ਚੱਲ ਪਏ।

**ਗੁਰਮੀਤ ਸਿੰਘ ਮਰਾੜ੍ਹ 91-95014-00397**

# 24 ਸਤੰਬਰ, 2019 ਲਈ ਪੂਨਾ ਪੈਕਟ ਦਿਵਸ ਸਬੰਧੀ ਵਿਸ਼ੇਸ਼

(ਸਫਾ 18 ਦੀ ਬਾਕੀ)

ਦਾਸ ਬਿਰਲਾ, ਸ਼ੰਕਰ ਲਾਲ ਬੈਂਕਰ, ਬੀ ਐਸ ਕਾਮਤ, ਜੀ ਕੇ ਦਿਓਧਾਰ, ਏ ਵੀ ਠਕਰ, ਆਰ ਕੇ ਬਾਖਲੇ, ਪੀ ਜੀ ਸੋਲੰਕੀ, ਪੀ ਬਾਲੂ, ਗੋਬਿੰਦ ਮਾਲਵੀਆ, ਦੇਵਦਾਸ ਗਾਂਧੀ, ਬਿਸਵਾਸ, ਬੀ ਐਨ ਰਾਜਭੋਜ, ਗਵਾਇ ਆਦਿ ਦੀ ਹਾਜਰੀ ਵਿੱਚ ਇੱਕ ਲਿਖਤੀ ਸਮਝੌਤਾ ਹੋਇਆ ਜਿਸਨੂੰ ਪੂਨਾ ਪੈਕਟ ਦਾ ਨਾਮ ਦਿਤਾ ਗਿਆ।

ਇਸ ਸਮਝੌਤੇ ਤੇ 25 ਸਤੰਬਰ ਨੂੰ ਮੁੰਬਈ ਵਿੱਚ ਹਿੰਦੂ ਕਾਨਫਰੰਸ ਦੀ ਬੈਠਕ ਵਿੱਚ ਕਈ ਹੋਰ ਵਿਅਕਤੀਆਂ ਲਾਲੂਭਾਈ ਸਾਮਲਦਾਸ, ਹਾਂਸਾ ਮਹਿਤਾ, ਕੇ ਨਾਟਰਾਜਨ, ਕਾਮਕੋਟੀ ਨਾਟਰਾਜਾਨ, ਪੁਰਸ਼ੋਤਮ ਦਾਸ ਠਾਕਰਦਾਸ, ਮਥਰਾਦਾਸ ਵਾਸੰਜੀ, ਵਾਲਚੰਦ ਹੀਰਾਚੰਦ, ਐਚ ਐਨ ਕੁੰਜਰੂ, ਕੇ ਜੀ ਲਿਮਾਏ, ਪੀ ਕੋਂਡਾਡਰਾਓ, ਜੀ ਕੇ ਗਾਡਗਿਲ, ਮਨੂ ਸੂਬੇਦਾਰ, ਅਵਾਂਤਿਕਾਬਾਈ ਗੋਖਲੇ, ਕੇ ਜੇ ਚਿਤਾਲਿਆ, ਰਾਧਾਕਾਂਤ ਮਾਲਵੀਆ, ਏ ਆਰ ਭੱਟ ਆਦ ਨੇ ਦਸਤਖੱਤ ਕੀਤੇ ਜਿਸ ਦੁਆਰਾ ਦਲਿਤਾਂ ਨੂੰ ਮਿਲੇ ਦੋ ਵੋਟਾਂ ਵਾਲੇ ਅਧਿਕਾਰ ਨੂੰ ਖਤਮ ਕਰ ਦਿਤਾ ਗਿਆ ਅਤੇ ਕਮਿਉਨਲ ਐਵਾਰਡ ਦੁਆਰਾ ਦਿੱਤੀਆਂ ਗਈਆਂ 78 ਸੀਟਾਂ ਨੂੰ ਵਧਾਕੇ 148 ਕਰ ਦਿਤਾ ਗਿਆ, ਵਿੱਦਿਆ ਅਤੇ ਨੌਕਰੀਆਂ ਵਿੱਚ ਦਲਿਤਾਂ ਨੂੰ ਸਹੂਲਤਾਂ ਅਤੇ ਮੌਜੂਦਾ ਰਾਖਵਾਂਕਰਣ ਦੀਆਂ ਸਹੂਲਤਾਂ ਦਿਤੀਆਂ ਗਈਆਂ। ਕਈ ਦਲਿਤ ਆਗੂਆਂ ਨੇ ਇਸ ਸਮਝੋਤੇ ਪੂਨਾ ਪੈਕਟ ਨੂੰ ਦਲਿਤਾਂ ਨਾਲ ਧੋਖਾ ਕਰਾਰ ਦਿੱਤਾ।

ਡਾਕਟਰ ਅੰਬੇਡਕਰ ਨੇ ਵੀ ਅਪਣੀ ਕਿਤਾਬ ਸਟੇਟ ਆਫ ਮਾਇਨਾਰਿਟੀ ਵਿੱਚ ਇਸ ਸਮਝੌਤੇ ਨੂੰ ਗੱਲਤ ਮੰਨਿਆ ਹੈ। ਦਲਿਤ ਆਗੂ ਅਤੇ ਬੀ ਐਸ ਪੀ ਦੇ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਨੇ ਵੀ ਅਪਣੀ ਕਿਤਾਬ ਚੱਮਚਾ ਯੁੱਗ ਵਿੱਚ ਵੀ ਪੂਨਾ ਪੇਕਟ ਨੂੰ ਧੋਖਾ ਕਿਹਾ ਹੈ ਕਿਉਂਕਿ ਮੌਜੂਦਾ ਰਾਖਵਾਂਕਰਣ ਨੇ ਚੱਮਚੇ ਹੀ ਪੈਦਾ ਕੀਤੇ ਹਨ।

ਇਸਦਾ ਵਿਰੋਧ ਕੀਤਾ ਹੈ। ਬਹੁਤੇ ਆਗੂ ਅਤੇ ਬੁੱਧੀਜੀਵੀਆਂ ਅਨੁਸਾਰ ਪੂਨਾ ਪੈਕਟ ਨੇ ਸਿਰਫ ਚਮਚੇ ਹੀ ਪੈਦਾ ਕੀਤੇ ਹਨ ਅਤੇ ਬਹੁਤੇ ਲੋਕ ਇਸ ਦਿਨ ਨੂੰ ਕਾਲਾ ਅਤੇ ਧੋਖਾ ਦਿਵਸ ਵਜੋਂ ਹੀ ਮੰਨਾਉਦੇ ਹਨ।







# ਕੇਂਦਰੀ ਵਿੱਤ ਮੰਤਰੀ ਦਾ ਕਾਰਪੋਰੇਟ ਕਰ ਘਟਾਉਣ ਸੰਬੰਧੀ ਐਲਾਨ: ਅਮੀਰਾਂ ਨੂੰ ਗੱਫ਼ੇ, ਗ਼ਰੀਬਾਂ ਨੂੰ ਧੱਕੇ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

20 ਸਤੰਬਰ, 2019 ਨੂੰ ਕੇਂਦਰੀ ਵਿੱਤ ਮੰਤਰੀ ਸੀਤਾਰਮਨ ਨੇ ਮੱਠੀ ਪੈ ਰਹੀ ਭਾਰਤੀ ਅਰਥਵਿਵਸਥਾ ਨੂੰ ਹੁਲਾਰਾ ਦੇਣ ਦੇ ਸੰਬੰਧ ਵਿਚ ਕੀਤੇ ਜਾ ਰਹੇ ਸਰਕਾਰੀ ਐਲਾਨਾਂ ਦੀ ਚੋਥੀ ਕੜੀ ਵਿਚ ਘਰੇਲੂ ਕੰਪਨੀਆਂ ਲਈ ਕਾਰਪੋਰੇਟ ਕਰਾਂ ਵਿਚ ਤਬਦੀਲੀਆਂ ਕਰਕੇ ਕਾਰਪੋਰੇਟ ਜਗਤ ਲਈ ਤੋਹਫ਼ਿਆਂ ਦੀ ਝੜੀ ਲਾਉਂਦੇ ਹੋਏ ਲਾਲ ਗਲੀਚਾ ਵਿਛਾ ਕੇ ਉਸ ਲਈ ਸਮੇਂ ਤੋਂ ਪਹਿਲਾਂ ਦੀਵਾਲੀ ਲੈ ਆਂਦੀ ਹੈ। ਕੇਂਦਰੀ ਵਿੱਤ ਮੰਤਰੀ ਦੇ ਇਸ ਐਲਾਨ ਸੰਬੰਧੀ ਹੁਕਮਰਾਨ ਅਤੇ ਵਿਰੋਧੀ ਰਾਜਸੀ ਪਾਰਟੀਆਂ ਅਤੇ ਸਰਬਜਨਤਕ ਵਿੱਤ ਦਾ ਗਿਆਨ ਰੱਖਣ ਵਾਲਿਆਂ ਦੀਆਂ ਵੱਖ ਵੱਖ ਰਾਇਆਂ ਜਾਂ ਟਿੱਪਣੀਆਂ ਹਨ। ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਰਪੋਰੇਟ ਕਰਾਂ ਵਿਚ ਕਟੌਤੀ ਨੂੰ ਇਤਿਹਾਸਕ ਪੇਸ਼ਕਦਮੀ ਕਰਾਰ ਦਿੱਤਾ ਅਤੇ ਕਿਹਾ ਕਿ ਪਿਛਲੇ ਕੁਝ ਹਫਤਿਆਂ ਵਿਚ ਵਿੱਤ ਮੰਤਰਾਲੇ ਵੱਲੋਂ ਕੀਤੇ ਐਲਾਨਾਂ ਤੋਂ ਸਪਸ਼ਟ ਹੈ ਕਿ ਉਨ੍ਹਾਂ ਦੀ ਸਰਕਾਰ ਮੁਲਕ ਵਿਚ ਕਾਰੋਬਾਰੀਆਂ ਨੂੰ ਸੁਖਾਵਾਂ ਮਾਹੌਲ ਦੇਣ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡ ਰਹੀ ਹੈ। ਪ੍ਰਧਾਨ ਮੰਤਰੀ ਅਨੁਸਾਰ ਹੀ ਵਿੱਤ ਮੰਤਰੀ ਦੀ ਇਸ ਪੇਸ਼ਕਦਮੀ ਨਾਲ 'ਮੇਕ ਇਨ ਇੰਡੀਆ' ਦੇ ਆਸੇ ਨੂੰ ਮਜ਼ਬੂਤੀ ਮਿਲੇਗੀ, ਨਿੱਜੀ ਖੇਤਰ ਵਿਚ ਮੁਕਾਬਲੇਬਾਜੀ ਵਿਚ ਸੁਧਾਰ ਹੋਵੇਗਾ ਅਤੇ ਰੁਜ਼ਗਾਰ ਦੇ ਮੌਕੇ ਵਧਣਗੇ। ਇਸ ਐਲਾਨ ਸੰਬੰਧੀ ਪ੍ਰਤਿਕਰਮ ਦਿੰਦਿਆਂ ਮੁੱਖ ਵਿਰੋਧੀ ਰਾਜਸੀ ਪਾਰਟੀ ਕਾਂਗਰਸ ਨੇ ਕਿਹਾ ਕਿ ਕੇਂਦਰੀ ਵਿੱਤ ਮੰਤਰੀ ਵੱਲੋਂ ਆਪਣੇ ਹੀ ਫੈਸਲਿਆਂ ਨੂੰ ਲੈ ਕੇ ਪੁੱਠੇ ਪੈਰੀਂ ਹੋਣ ਨਾਲ ਮੁਲਕ ਦੇ ਆਰਥਿਕ ਹਾਲਾਤ ਹੋਰ ਵਿਗੜ ਸਕਦੇ ਹਨ ਅਤੇ ਨਿਵੇਸ਼ ਨੂੰ ਸੁਰਜੀਤ ਕਰਨਾ ਲਗਭਗ ਮੁਸ਼ਕਲ ਹੋ ਜਾਵੇਗਾ। ਸਰਬਜਨਤਕ ਵਿੱਤ ਦਾ ਗਿਆਨ ਰੱਖਣ ਵਾਲਿਆਂ ਅਨੁਸਾਰ ਕੇਂਦਰੀ ਵਿੱਤ ਮੰਤਰੀ ਦਾ ਕਾਰਪੋਰੇਟ ਕਰ ਘਟਾਉਣ ਸੰਬੰਧੀ ਐਲਾਨ ਅਮੀਰਾਂ ਨੂੰ ਗੱਫ਼ੇ ਅਤੇ ਗ਼ਰੀਬਾਂ ਲਈ ਧੱਕੇ ਦੇਵੇਗਾ।

ਕੇਂਦਰੀ ਵਿੱਤ ਮੰਤਰੀ ਦਾ ਕਾਰਪੋਰੇਟ ਕਰ ਘਟਾਉਣ ਸੰਬੰਧੀ ਐਲਾਨ ਜੇਕਰ 1997 ਵਿਚ ਪੀ. ਚਿਦੰਬਰਮ ਦੇ 'ਡਰੀਮ ਬਜਟ' ਤੋਂ ਅੱਗੇ ਨਹੀਂ, ਤਾਂ ਕਿਸੇ ਵੀ ਤਰ੍ਹਾਂ ਉਸ ਤੋਂ ਪਿੱਛੇ ਵੀ ਨਹੀਂ। ਉਨ੍ਹਾਂ ਭਾਰਤੀ ਕੰਪਨੀਆਂ, ਜਿਹੜੀਆਂ ਪਹਿਲਾਂ ਹੀ ਛੋਟਾਂ ਨਹੀਂ ਲੈਂਦੀਆਂ, ਲਈ ਕਾਰਪੋਰੇਟ ਕਰ 30 ਫ਼ੀਸਦ ਤੋਂ ਘਟਾ ਕੇ 22 ਫ਼ੀਸਦ ਕਰ ਦਿੱਤਾ ਗਿਆ ਹੈ ਅਤੇ ਅਜਿਹਾ ਕਰਨ ਨਾਲ ਕੰਪਨੀਆਂ ਦਾ ਕਾਰਪੋਰੇਟ ਕਰ ਵਰਤਮਾਨ 34.94 ਫ਼ੀਸਦ ਤੋਂ ਘਟ ਕੇ 25.17 ਰਹਿ ਜਾਵੇਗਾ ਜਿਹੜਾ ਉਨ੍ਹਾਂ ਲਈ ਇਕ ਵੱਡੀ ਬੱਚਤ ਹੋਵੇਗਾ। ਮੁਲਕ ਵਿਚ 1 ਅਕਤੂਬਰ, 2019 ਤੋਂ 31 ਮਾਰਚ, 2023 ਦਰਮਿਆਨ ਸ਼ੁਰੂ ਹੋਣ ਵਾਲੀਆਂ ਕੰਪਨੀਆਂ ਉੱਪਰ ਕਾਰਪੋਰੇਟ ਕਰ 25 ਫ਼ੀਸਦ ਤੋਂ ਘਟਾ ਕੇ 15 ਫ਼ੀਸਦ ਕਰ ਦਿੱਤਾ ਗਿਆ ਹੈ। ਇਨ੍ਹਾਂ ਕੰਪਨੀਆਂ ਲਈ ਉਸ ਸਮੇਂ ਦੌਰਾਨ ਕੁੱਲ ਕਰ ਦੀ ਦਰ 17.01 ਫ਼ੀਸਦ ਹੋਵੇਗੀ ਜਿਹੜੀ ਵਰਤਮਾਨ ਦਰ ਨਾਲੋਂ 12 ਫ਼ੀਸਦ ਦੇ ਕਰੀਬ ਘੱਟ ਹੋਵੇਗੀ।

ਕੇਂਦਰੀ ਵਿੱਤ ਮੰਤਰੀ ਸੀਤਾਰਮਨ ਅਨੁਸਾਰ ਕਾਰਪੋਰੇਟ ਕਰ ਘਟਾਉਣ ਨਾਲ ਕੇਂਦਰ ਸਰਕਾਰ ਦੀ 1,45,000 ਕਰੋੜ ਰੁਪਏ ਦੀ ਕਰਾਂ ਤੋਂ ਆਮਦਨ ਘਟੇਗੀ। ਇੱਥੇ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ 2019-20 ਦੇ ਕੇਂਦਰੀ ਬਜਟ ਵਿਚ ਕਰਾਂ ਤੋਂ 16,49,000 ਕਰੋੜ ਰੁਪਏ ਆਮਦਨ ਅਨੁਸਾਰ ਜਿਹੜਾ 2018-19 ਵਿਚ ਕਰਾਂ ਤੋਂ 13,16,000 ਕਰੋੜ ਰੁਪਏ ਦੀ ਆਮਦਨ ਤੋਂ 25 ਫ਼ੀਸਦ ਵੱਧ ਦਾ ਟੀਚਾ ਮਿਥਿਆ ਗਿਆ ਹੈ। ਕਾਰਪੋਰੇਟ ਜਗਤ ਨੂੰ ਕਰਾਂ ਦੀ ਇਤਨੀ ਵੱਡੀ ਰਿਆਇਤ ਦੇਣ ਨਾਲ 2019-20 ਦੇ ਬਜਟ ਵਿਚ ਵਿੱਤੀ ਘਾਟੇ ਦੀ ਮਿਥੀ ਸੀਮਾ 3.3 ਫ਼ੀਸਦ ਪ੍ਰਾਪਤ ਨਹੀਂ ਕੀਤੀ ਜਾ ਸਕੇਗੀ ਅਤੇ ਇਸ ਦੇ 4 ਫ਼ੀਸਦ ਹੋ ਜਾਣ ਦਾ ਅਨੁਮਾਨ ਲਗਾਇਆ ਜਾ ਰਿਹਾ ਹੈ ਅਤੇ ਮੁਲਕ ਵਿਚ ਮੁਦਰਾ ਸਫ਼ੀਤੀ ਵਿਚ ਵਾਧਾ ਵੀ ਹੋਵੇਗਾ। ਕੇਂਦਰ ਸਰਕਾਰ ਨੇ ਰਿਜ਼ਰਵ ਬੈਂਕ ਤੋਂ 1.75 ਲੱਖ ਕਰੋੜ ਰੁਪਏ ਲੈ ਕੇ ਬੁਨਿਆਦੀ ਢਾਂਚੇ ਵਿਚ ਸੁਧਾਰ ਕਰਦੇ ਹੋਏ ਮੁਲਕ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਬਾਰੇ ਕਿਹਾ ਸੀ, ਉਹ ਪੈਸਾ ਤਾਂ ਕਾਰਪੋਰੇਟ ਜਗਤ ਦੀ ਦੀਵਾਲੀ ਮਨਾਉਣ ਉੱਪਰ ਹੀ ਲੱਗ ਜਾਵੇਗਾ। ਇਸ ਸੰਬੰਧ ਵਿਚ ਹੋਰ ਸਾਧਨ ਜੁਟਾਉਣ ਲਈ ਆਖ਼ਰੀ ਟੇਕ ਜਨਤਕ ਅਦਾਰਿਆਂ ਨੂੰ ਵੇਚਣ ਉੱਪਰ ਹੋਵੇਗੀ ਜਿਨਾਂ ਨੂੰ ਬਣਾਉਣ ਲਈ ਮੁਲਕ ਦਾ ਬਹੁਤ ਸਮਾਂ, ਸਰਮਾਇਆ, ਹਿੰਮਤ ਅਤੇ ਕੁਰਬਾਨੀਆਂ ਲੱਗੀਆਂ ਅਤੇ ਜਿਨ੍ਹਾਂ ਦੇ ਬਣਾਉਣ ਦਾ ਮੁੱਖ ਉਦੇਸ਼ ਲਾਭ ਕਮਾਉਣਾ ਨਾ ਹੋ ਕੇ ਲੋਕਾਂ ਦੀ ਭਲਾਈ ਵਧਾਉਣਾ ਹੈ। 2019-20 ਦੇ ਕੇਂਦਰੀ ਬਜਟ ਵਿਚ ਪਹਿਲਾ ਹੀ ਜਨਤਕ ਅਦਾਰਿਆਂ ਨੂੰ ਵੇਚਣ ਤੋਂ 1,05,000 ਕਰੋੜ ਰੁਪਏ ਦਾ ਟੀਚਾ ਮਿਥਿਆ ਗਿਆ ਜਿਹੜਾ ਹੋਰ ਜ਼ਿਆਦਾ ਹੋ ਜਾਵੇਗਾ। ਸਰਬ-ਜਨਤਕ ਵਿੱਤ ਦਾ ਮਾਮੂਲੀ ਜਿਹਾ ਗਿਆਨ ਰੱਖਣ ਵਾਲਿਆਂ ਨੂੰ ਵੀ ਚੰਗੀ ਤਰ੍ਹਾਂ ਪਤਾ ਹੁੰਦਾ ਹੈ ਕਿ ਸਿੱਧੇ ਕਰ ਜੋ ਕਾਰਪੋਰੇਸ਼ਨਾਂ, ਕੰਪਨੀਆਂ ਜਾਂ ਆਮਦਨ ਆਦਿ ਉੱਪਰ ਲੱਗਦੇ ਹਨ ਉਨ੍ਹਾਂ ਦਾ ਵੱਧ ਤੋਂ ਵੱਧ ਪੱਖਾਂ ਤੋਂ ਭਾਰ ਅਸਿੱਧੇ ਕਰਾਂ ਜੋ ਵਸਤਾਂ/ਸੇਵਾਵਾਂ ਆਦਿ ਨੂੰ ਖ਼ਰੀਦਣ ਉੱਪਰ ਲੱਗਦੇ ਹਨ ਨਾਲੋਂ ਕਿਤੇ ਘੱਟ ਹੁੰਦਾ ਹੈ ਅਤੇ ਅਸਿੱਧੇ ਕਰਾਂ ਦਾ ਮੁਕਾਬਲਤਨ ਭਾਰ ਗ਼ਰੀਬ ਲੋਕਾਂ ਉੱਪਰ ਜ਼ਿਆਦਾ ਹੁੰਦਾ ਹੈ।



ਮੁਲਕ ਦੀ ਆਜ਼ਾਦੀ ਲਈ ਬਹੁਤ ਲੋਕਾਂ ਨੇ ਬਹੁਤ ਜ਼ਿਆਦਾ ਸੰਘਰਸ਼ ਕੀਤੇ ਅਤੇ ਕੁਰਬਾਨੀਆਂ ਦਿੱਤੀਆਂ। ਇਨ੍ਹਾਂ ਮਹਾਨ ਲੋਕਾਂ ਨੇ ਮੁਲਕ ਨਿਵਾਸੀਆਂ ਲਈ ਅਨੇਕਾਂ ਸੁਪਨੇ ਸਿਰਜੇ ਸਨ। ਉਨ੍ਹਾਂ ਦਾ ਸਭ ਤੋਂ ਵੱਡਾ ਸੁਪਨਾ ਸੀ ਕਿ ਆਜ਼ਾਦੀ ਮਿਲਣ ਤੋਂ ਬਾਅਦ ਮੁਲਕ ਜਿਹੜਾ ਆਰਥਿਕ ਵਿਕਾਸ ਕਰੇਗਾ ਉਸਦੇ ਫ਼ਾਇਦੇ ਸਾਰੇ ਲੋਕਾਂ ਨੂੰ ਮਿਲਣਗੇ ਅਤੇ ਉਹ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਸਤਿਕਾਰਤ ਢੰਗ ਨਾਲ ਪੂਰੀਆਂ ਕਰ ਸਕਣਗੇ। ਆਜ਼ਾਦੀ ਤੋਂ ਬਾਅਦ 1950 ਵਿਚ ਯੋਜਨਾ ਕਮਿਸ਼ਨ ਬਣਾਇਆ ਗਿਆ ਅਤੇ 1951 ਤੋਂ ਪੰਜ ਸਾਲਾ ਯੋਜਨਾਵਾਂ ਸ਼ੁਰੂ ਕਰਨ ਨਾਲ ਮੁਲਕ ਵਿਚ ਯੋਜਨਾਬੰਦੀ ਦਾ ਜੁੱਗ ਸ਼ੁਰੂ ਹੋਇਆ। 1951 ਤੋਂ 1980 ਤੱਕ ਅਸਲੀ ਮਾਅਨਿਆਂ ਵਿਚ ਯੋਜਨਾਬੰਦੀ ਨੇ ਅਹਿਮ ਭੂਮਿਕਾ ਨਿਭਾਈ। ਮੁਲਕ ਵਿਚ ਕੀਤੇ ਗਏ ਵਖ ਵਖ ਖੋਜ ਅਧਿਐਨਾਂ ਨੇ ਇਹ ਤੱਥ ਸਾਹਮਣੇ ਲਿਆਂਦਾ ਹੈ ਕਿ ਇਸ ਸਮੇਂ ਦੌਰਾਨ ਮਿਸ਼ਰਤ ਅਰਥਵਿਵਸਥਾ ਹੋਂਦ ਵਿਚ ਆਈ ਜਿਸ ਅਧੀਨ ਜਨਤਕ ਉਦਯੋਗਿਕ ਅਤੇ ਸੇਵਾਵਾਂ ਦੀਆ ਇਕਾਈਆਂ ਹੋਂਦ ਵਿਚ ਆਈਆਂ ਅਤੇ ਨਿੱਜੀ ਖੇਤਰ ਦੀ ਕਾਰਗੁਜ਼ਾਰੀ ਉੱਪਰ ਸਰਕਾਰੀ ਨਿਗਰਾਨੀ ਅਤੇ ਨਿਯੰਤਰਨ ਰਿਹਾ ਜਿਸ ਦੇ ਫਲਸਰੂਪ ਮੁਲਕ ਵਿਚ ਅਮੀਰਾਂ ਅਤੇ ਗ਼ਰੀਬਾਂ ਵਿਚਕਾਰ ਆਰਥਿਕ ਅਸਮਾਨਤਾਵਾਂ ਘਟੀਆਂ। 1980 ਵਿਚ ਅਪਣਾਈਆਂ ਗਈਆਂ 'ਨਵੀਆਂ ਆਰਥਿਕ ਨੀਤੀਆਂ' ਦੇ ਸਰਮਾਏਦਾਰ/ਕਾਰਪੋਰੇਟ ਜਗਤ ਪੱਖੀ ਹੋਣ ਕਾਰਨ ਮੁਲਕ ਵਿਚ ਅਮੀਰਾਂ ਅਤੇ ਗ਼ਰੀਬਾਂ ਵਿਚਕਾਰ ਆਰਥਿਕ ਅਸਮਾਨਤਾਵਾਂ ਲਗਾਤਾਰ ਵਧ ਰਹੀਆਂ ਹਨ। ਐਨ.ਡੀ.ਏ.-1 ਦੀ ਹਕੂਮਤ ਦੌਰਾਨ ਯੋਜਨਾ ਕਮਿਸ਼ਨ ਦਾ ਭੋਗ ਪਾ ਕੇ ਨੀਤੀ ਆਯੋਗ ਬਣਾ ਦਿੱਤਾ ਗਿਆ ਜਿਸ ਵਿਚ ਸਰਮਾਏਦਾਰ/ਕਾਰਪੋਰੇਟ ਜਗਤ ਦੇ ਹਿੱਤਾਂ ਦੀ ਰਾਖੀ ਕਰਨ ਦਾ ਪ੍ਰਬੰਧ ਕਰ ਦਿੱਤਾ ਗਿਆ ਹੈ।

ਔਕਸਫੈਮ ਅਤੇ ਹੋਰ ਕੌਮਾਂਤਰੀ ਸੰਸਥਾਵਾਂ ਦੀਆਂ ਰਿਪੋਰਟਾਂ ਤੋਂ ਇਹ ਤੱਕ ਸਾਹਮਣੇ ਆਇਆ ਹੈ ਕਿ ਮੁਲਕ ਵਿਚ ਅੱਤ ਦੇ ਅਮੀਰ 1 ਫ਼ੀਸਦ ਅਤੇ ਬਾਕੀ ਦੇ 99 ਫ਼ੀਸਦ ਲੋਕਾਂ ਵਿਚਕਾਰ ਆਰਥਿਕ ਪਾੜਾ ਵਧ ਰਿਹਾ ਹੈ ਅਤੇ ਮੁਲਕ ਵਿਚ ਪੈਦਾ ਕੀਤੀ ਜਾ ਰਹੀ ਸੰਪਤੀ ਵਿਚੋਂ ਬਹੁਤ ਵੱਡਾ ਹਿੱਸਾ ਅੱਤ ਦੇ ਅਮੀਰ 1 ਫ਼ੀਸਦ ਲੋਕਾਂ ਕੋਲ ਜਾ ਰਿਹਾ ਹੈ ਅਤੇ ਕਿਰਤੀ ਲੋਕ ਆਪਣੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਦੀ ਸਥਿਤੀ ਵਿਚ ਵੀ ਨਹੀਂ ਹਨ।

ਮੁਲਕ ਦਾ ਆਰਥਿਕ ਵਿਕਾਸ ਮਹੱਤਵਪੂਰਨ ਹੁੰਦਾ ਹੈ, ਪਰ ਉਸ ਤੋਂ ਵੱਧ ਮਹੱਤਵਪੂਰਨ ਇਹ ਜਾਣਨਾ ਹੁੰਦਾ ਹੈ ਕਿ ਆਰਥਿਕ ਵਿਕਾਸ ਕੀਹਨਾਂ ਲਈ ਅਤੇ ਕਿਵੇਂ ਹੋ ਰਿਹਾ ਹੈ? ਕੀ ਆਰਥਿਕ ਵਿਕਾਸ ਦੇ ਫ਼ਾਇਦੇ ਸਾਰੇ ਲੋਕਾਂ ਨੂੰ ਹੋ ਰਹੇ ਹਨ? ਕੀ ਆਰਥਿਕ ਵਿਕਾਸ ਦੀ ਪ੍ਰਕ੍ਰਿਆ ਦੌਰਾਨ ਮੁਲਕ ਦੀਆ ਆਉਣ ਵਾਲੀਆਂ ਪੀੜ੍ਹੀਆਂ ਦਾ ਖਿਆਲ ਰੱਖਿਆ ਜਾ ਰਿਹਾ ਹੈ? ਮੁਲਕ ਦੀ ਗੋਟਾ-ਕਿਨਾਰੀ (ਸਰਮਾਏਦਾਰ/ ਕਾਰਪੋਰੇਟ ਜਗਤ) ਦਾ ਚਮਕਣਾ ਤਾਂ ਹੀ ਚੰਗਾ ਲੱਗ ਸਕਦਾ ਹੈ ਜੇਕਰ ਮੁਲਕ ਦੀ ਚਾਦਰ (ਕਿਰਤੀ ਲੋਕ) ਮਜ਼ਬੂਤ ਹੋਵੇ ਅਤੇ ਉਸ ਵਿਚ ਮੋਰੀਆਂ ਨਾ ਹੋਣ। ਅਜਿਹਾ ਹੋਣ ਲਈ ਜ਼ਰੂਰੀ ਹੈ ਕਿ ਅਰਥਵਿਵਸਥਾ ਦੇ ਖੇਤੀਬਾੜੀ, ਉਦਯੋਗਿਕ ਅਤੇ ਸੇਵਾਵਾਂ ਖੇਤਰਾਂ ਵਿਚ ਕੰਮ ਕਰਨ ਵਾਲੇ ਕਿਰਤੀ ਸੁਖੀ ਹੋਣੇ।

15 ਅਗਸਤ, 1947 ਜਿਸ ਦਿਨ ਮੁਲਕ ਨੂੰ ਆਜ਼ਾਦੀ ਮਿਲੀ ਸੀ, ਉਸ ਦਿਨ ਦੇ ਅਖ਼ਬਾਰਾਂ ਵਿਚ ਦੋ ਖ਼ਬਰਾਂ ਪ੍ਰਮੁੱਖ ਸਨ। ਪਹਿਲੀ ਖ਼ਬਰ ਸੁਭਾਵਿਕ ਤੌਰ ਉੱਤੇ ਆਜ਼ਾਦੀ ਸੀ, ਪਰ ਦੂਜੀ ਖ਼ਬਰ ਮੁਲਕ ਵਿਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਦੀ ਸੀ। ਪਹਿਲੀ ਪੰਜ ਸਾਲਾ ਯੋਜਨਾ (1951-56) ਦੌਰਾਨ ਮੁੱਖ ਤਰਜੀਹ ਖੇਤੀਬਾੜੀ ਖੇਤਰ ਦੇ ਵਿਕਾਸ ਨੂੰ ਦਿੱਤੀ ਜਾਣ ਕਾਰਨ ਇਸ ਸਮੱਸਿਆ ਉੱਤੇ ਕਾਬੂ ਪਾਇਆ ਜਾ ਸਕਿਆ। ਦੂਜੀ ਪੰਜ ਸਾਲਾ ਯੋਜਨਾ (1956-61) ਦੌਰਾਨ ਮੁੱਖ ਤਰਜੀਹ ਉਦਯੋਗਿਕ ਵਿਕਾਸ ਨੂੰ ਦੇਣ ਦੇ ਨਤੀਜੇ ਵਜੋਂ ਮੁੜ ਤੋਂ ਮੁਲਕ ਨੂੰ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਦਾ ਸਾਹਮਣਾ ਕਰਨਾ ਪਿਆ ਅਤੇ 1964-66 ਦੌਰਾਨ ਮੁਲਕ ਦੇ ਵੱਖ ਵੱਖ ਖੇਤਰਾਂ ਵਿਚ ਪਏ ਸੋਕੇ ਨੇ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾ ਦਿੱਤਾ। ਇਕ ਸਮਾਂ ਅਜਿਹਾ ਵੀ ਆਇਆ ਜਦੋਂ ਕੇਂਦਰ ਸਰਕਾਰ ਨੂੰ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜ੍ਹਨ ਵਰਗੀ ਨੌਬਤ ਦਾ ਸਾਹਮਣਾ ਕਰਨਾ ਪਿਆ।

ਇਸ ਸਮੱਸਿਆ ਉੱਤੇ ਕਾਬੂ ਪਾਉਣ ਲਈ ਕੇਂਦਰ ਸਰਕਾਰ ਨੇ 'ਖੇਤੀਬਾੜੀ ਦੀ ਨਵੀਂ ਜੁਗਤ' ਨੂੰ ਅਪਣਾਉਣ ਦਾ ਫ਼ੈਸਲਾ ਕੀਤਾ। ਕੇਂਦਰ ਸਰਕਾਰ ਨੇ ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਅਤੇ ਇੱਥੋਂ ਦੇ ਅਮੀਰ ਕੁਦਰਤੀ ਸਾਧਨਾਂ ਨੂੰ ਧਿਆਨ ਵਿਚ ਰੱਖਦੇ ਹੋਏ 'ਖੇਤੀਬਾੜੀ ਦੀ ਨਵੀਂ ਜੁਗਤ' ਨੂੰ ਤਰਜੀਹੀ ਤੌਰ ਉੱਤੇ ਸਭ ਤੋਂ ਪਹਿਲਾਂ ਪੰਜਾਬ ਵਿਚ ਸ਼ੁਰੂ ਕਰਨ ਦਾ ਫ਼ੈਸਲਾ ਲਿਆ। ਖੇਤੀਬਾੜੀ ਨਾਲ ਸੰਬੰਧਿਤ ਪੰਜਾਬ ਦੇ ਇਨ੍ਹਾਂ ਵਰਗਾਂ ਦੀ ਹੱਡ-ਭੰਨਵੀਂ ਮਿਹਨਤ ਅਤੇ ਇੱਥੋਂ ਦੇ ਕੁਦਰਤੀ ਸਾਧਨਾਂ ਦੀ ਵਰਤੋਂ/ਕੁਵਰਤੋਂ ਸਦਕਾ ਇਸ ਸਮੱਸਿਆ ਉੱਪਰ ਕਾਬੂ ਪਾਇਆ ਜਾ ਸਕਿਆ। ਵਰਤਮਾਨ ਸਮੇਂ ਦੌਰਾਨ ਮੁਲਕ ਦੀ 50 ਫ਼ੀਸਦ ਦੇ ਕਰੀਬ ਜਨਸੰਖਿਆ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਉੱਪਰ ਨਿਰਭਰ ਕਰਦੀ ਹੈ ਜਿਸਨੂੰ ਰਾਸ਼ਟਰੀ ਆਮਦਨ ਵਿਚੋਂ 14 ਫ਼ੀਸਦ ਦੇ ਕਰੀਬ ਹਿੱਸਾ ਦਿੱਤਾ ਜਾ ਰਿਹਾ ਜਿਹੜਾ ਮੁਲਕ ਵਿਚ ਪਾਏ ਜਾਂਦੇ ਕਾਲੇ ਧਨ ਨੂੰ ਧਿਆਨ ਵਿਚ ਰੱਖਦੇ ਹੋਏ 8 ਫ਼ੀਸਦ ਦੇ ਕਰੀਬ ਹੀ ਰਹਿ ਜਾਂਦਾ ਹੈ। ਮੁਲਕ ਦੇ ਵੱਖ ਵੱਖ ਖੇਤਰਾਂ ਵਿਚ ਕੀਤੇ ਗਏ ਖੋਜ ਅਧਿਐਨ ਇਹ ਤੱਥ ਸਾਹਮਣੇ ਲਿਆਏ ਹਨ ਕਿ ਤਕਰੀਬਨ ਸਾਰੇ ਨਿਮਨ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਕਰਜ਼ੇ ਅਤੇ ਗ਼ਰੀਬੀ ਵਿਚ ਜਨਮ ਲੈਂਦੇ ਹਨ, ਕਰਜ਼ੇ ਅਤੇ ਗ਼ਰੀਬੀ ਵਿਚ ਔਖੀ ਦਿਨ-ਕਟੀ ਕਰਦੇ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕਰਜ਼ੇ ਦਾ ਪਹਾੜ ਅਤੇ ਘੋਰ ਗ਼ਰੀਬੀ ਛੱਡਕੇ ਜਾਂ ਤਾਂ ਤੰਗੀਆਂ-ਤੁਰਸ਼ੀਆਂ ਵਾਲੀ ਮੌਤ ਮਰ ਜਾਂਦੇ ਹਨ ਜਾਂ ਖ਼ੁਦਕੁਸ਼ੀਆਂ ਦੇ ਰਾਹ ਵੀ ਪੈਣ ਲੱਗ ਹਨ। ਖੇਤੀਬਾੜੀ ਵਿਕਾਸ ਦੇ ਪੱਖੋਂ ਸਭ ਤੋਂ ਮੋਹਰੀ ਸੂਬੇ ਪੰਜਾਬ ਦੇ ਭੋਤਨਾ ਪਿੰਡ ਵਿਚ ਇਕੋ ਪਰਿਵਾਰ ਦੀਆਂ ਚਾਰ ਪੀੜ੍ਹੀਆਂ ਵਿਚੋਂ 5 ਬੰਦਿਆਂ ਦਾ ਖ਼ੁਦਕੁਸ਼ੀ ਕਰਨਾ ਇਸ ਦੁਖਾਂਤ ਨੂੰ ਉਜਾਗਰ ਕਰਦਾ ਹੈ।

ਮੁਲਕ ਦੇ ਉਦਯੋਗਿਕ ਵਿਕਾਸ ਵਿਚ ਵੱਡੇ ਉਦਯੋਗਾਂ ਨੂੰ ਮੁੱਖ ਤਰਜੀਹ ਦਿੱਤੀ ਜਾ ਰਹੀ ਹੈ, ਜਦੋਂ ਕਿ ਘਰੇਲੂ, ਛੋਟੇ ਅਤੇ ਦਰਮਿਆਨੇ ਉਦਯੋਗਾਂ, ਜਿਹੜੇ ਰੁਜ਼ਗਾਰ ਦੇ ਜ਼ਿਆਦਾ ਮੌਕੇ ਪੈਦਾ ਕਰਦੇ ਹਨ, ਨੂੰ ਪਿੱਛੇ ਪਾਇਆ ਜਾ ਰਿਹਾ ਹੈ। ਉਦਯੋਗਾਂ ਵਿਚ ਕੰਮ ਕਰਨ ਵਾਲੇ ਕਿਰਤੀਆਂ ਦੀ ਰੁਜ਼ਗਾਰ ਦੀ ਕਿਸਮ, ਆਮਦਨ ਅਤੇ ਹੋਰ ਸਹੂਲਤਾਂ ਦੇ ਪੱਖੋਂ ਬਹੁਤ ਮਾੜੀ ਹਾਲਤ ਹੈ। ਸੇਵਾਵਾਂ ਦੇ ਖੇਤਰ ਵਿਚ ਕੰਮ ਕਰਨ ਵਾਲੇ ਜ਼ਿਆਦਾ ਕਿਰਤੀ ਵੀ ਉਦਯੋਗਿਕ ਖੇਤਰ ਵਾਲੇ ਕਿਰਤੀਆਂ ਵਰਗੀਆਂ ਸਮੱਸਿਆਵਾਂ ਝੱਲਣ ਲਈ ਮਜ਼ਬੂਰ ਹਨ।

ਮੁਲਕ ਦੇ ਆਰਥਿਕ ਵਿਕਾਸ ਨੂੰ ਤੇਜ਼ ਕਰਨ ਲਈ ਬੇਲ-ਆਉਟ ਪੈਕੇਜ ਸਰਮਾਏਦਾਰ/ਕਾਰਪੋਰੇਟ ਜਗਤ ਨੂੰ ਦਿੱਤੇ ਜਾ ਰਹੇ ਹਨ, ਜਦੋਂ ਕਿ ਪ੍ਰਸਿੱਧ ਅਰਥਵਿਗਿਆਨੀ ਜੇ.ਐਮ.ਕੇਨਜ਼ ਅਨੁਸਾਰ ਆਰਥਿਕ ਮੰਦੀ ਉੱਪਰ ਕਾਬੂ ਪਾਉਣ ਅਤੇ ਆਰਥਿਕ ਵਿਕਾਸ ਦੇ ਫ਼ਾਇਦਿਆਂ ਨੂੰ ਸਾਰਿਆਂ ਤੱਕ ਪਹੁੰਚਾਉਣ ਲਈ ਅਜਿਹੇ ਪੈਕੇਜ਼ ਕਿਰਤੀਆਂ ਨੂੰ ਦਿੱਤੇ ਜਾਣੇ ਬਣਦੇ ਹਨ।

# ਭਗਵਾਨ ਵਾਲਮੀਕ ਮੰਦਰ ਢਾਹੇ ਜਾਣ ਦੀ ਜ਼ੋਰਦਾਰ ਸ਼ਬਦਾਂ ਵਿਚ ਨਿੰਦਾ

**ਯੂਬਾ ਸਿਟੀ (ਬਿਊਰੋ)-** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਦੀ ਇਕ ਵਿਸ਼ੇਸ਼ ਮੀ-ਟਿੰਗ ਸ੍ਰੀ ਪ੍ਰੇਮ ਲਾਲ ਸੌਂਧੀ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਉੜੀਸਾ ਸਰਕਾਰ ਤੇ ਭਾਰਤ ਸਰਕਾਰ ਅਤੇ ਲਖਨਊ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਉਪਰ ਵਿਚਾਰ ਵਟਾਂਦਰਾ ਕੀਤਾ ਗਿਆ। ਜਿਸ ਵਿਚ ਭਾਰਤ ਸਰਕਾਰ ਤੇ ਉੜੀਸਾ ਸਰਕਾਰ ਤੇ ਲਖਨਊ ਪ੍ਰਸ਼ਾਸਨ ਦੀਆਂ ਗਲਤੀ ਨੀਤੀਆਂ ਤੇ ਘਟੀਆ ਸੋਚ ਅਨੁਸਾਰ ਭਗਵਾਨ ਵਾਲਮੀਕ ਮੰਦਰ ਢਾਹੇ ਜਾਣਾ, ਇਹ ਕੋਈ ਆਮ ਘਟਨਾ ਨਹੀਂ ਸਗੋਂ ਸੋਚੀ ਸਮਝੀ ਸਾਜਿਸ਼ ਦੇ ਤਹਿਤ ਤੇ ਗੰਦੀ ਸੋਚ ਨੂੰ ਅਮਲੀ ਜਾਮਾ ਪਹਿਨਾਇਆ ਗਿਆ।

ਉਕਤ ਮੀਟਿੰਗ 'ਚ ਸਰਬਸੰਮਤੀ ਨਾਲ ਭਾਰਤ ਸਰਕਾਰ ਤੇ ਉੜੀਸਾ ਸਰਕਾਰ ਅਤੇ ਲਖਨਊ ਪ੍ਰਸ਼ਾਸਨ ਦੀ ਘਟੀਆ ਕਾਰਗੁਜ਼ਾਰੀ ਦੀ ਜ਼ੋਰਦਾਰ ਸ਼ਬਦਾਂ 'ਚ ਨਿੰਦਿਆ ਕੀਤੀ। ਤੇ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਪਹਿਲਾਂ ਦਿੱਲੀ ਵਿਚ ਸਤਿਗੁਰੂ ਰਵਿਦਾਸ ਮਹਾਰਾਜ ਦਾ ਮੰਦਰ ਢਾਹਿਆ ਤੇ ਹੁਣ ਭਗਵਾਨ ਵਾਲਮੀਕ ਮੰਦਰ ਢਾਹ ਕੇ ਸਰਕਾਰ ਤੇ ਪ੍ਰਸ਼ਾਸਨ ਨੇ ਦਲਿਤਾਂ ਅਤੇ ਘੱਟ ਗਿਣਤੀਆਂ ਨੂੰ ਦਰੜਨ ਤੇ ਡਰਾਉਣ ਵਰਗੀਆਂ ਘਟੀਆ ਕਰਤੂਤਾਂ ਤੁਰੰਤ ਬੰਦ ਕੀਤੀਆਂ ਜਾਣ ਤੇ ਵਾਲਮੀਕ ਮੰਦਰ ਦੀ ਤੁਰੰਤ ਉਸਾਰੀ ਕੀਤੀ ਜਾਵੇ। ਇਸ ਸਬੰਧੀ ਭਾਰਤ ਦੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਅਤੇ ਉੜੀਸਾ ਦੇ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਪੱਤਰ ਲਿਖੇ ਗਏ ਕਿ ਇਹ ਮਸਾਲਾ ਤੁਰੰਤ ਸੁਲਝਾਇਆ ਜਾਵੇ ਤੇ ਵਾਲਮੀਕ ਭਾਈਚਾਰੇ ਤੋਂ ਇਸ ਗੰਦੀ ਕਰਤੂਤ ਲਈ ਮੁਆਫੀ ਮੰਗੀ ਜਾਵੇ। ਜੇ ਮੰਦਰਾਂ ਦੀ ਮੁੜ ਉਸਾਰੀ ਦਾ ਕੰਮ ਤੁਰੰਤ ਆਰੰਭ ਨਾ ਹੋਇਆ ਤਾਂ ਕੌਮ ਕੋਈ ਵੱਡਾ ਫੈਸਲਾ ਕਰਨ ਲਈ ਮਜਬੂਰ ਹੋਵੇਗੀ, ਜਿਸ ਤੋਂ ਨਿਕਲਣ ਵਾਲੇ ਸਿੱਟਿਆਂ ਦੀ ਜ਼ਿੰਮੇਵਾਰੀ ਭਾਰਤ ਸਰਕਾਰ ਤੇ ਸਥਾਨਕ ਪ੍ਰਸ਼ਾਸਨ ਦੀ ਹੋਵੇਗੀ। ਮੀਟਿੰਗ ਵਿਚ ਸੰਤੋਖ ਸਿੰਘ ਗਿੱਲ, ਵਿਸ਼ਾਸ ਸ਼ਰਬਤੀ, ਕੁੰਦਨ ਲਾਲ ਸੌਂਕੀ, ਕੁਲਦੀਪ ਥਾਪਰ, ਨਰਿੰਦਰ ਕੁਮਾਰ ਗਿੱਲ, ਰਾਮ ਪਾਲ ਮੱਟੂ, ਪਲਵਿੰਦਰ ਸਹੋਤਾ, ਬਲਵੀਰ ਧਾਰੀਵਾਲ, ਬਲਵੀਰ ਥਾਪਰ, ਤਰਸੇਮ ਲਾਲ ਥਾਪਰ, ਸਵਰਨ ਕੌਰ ਭਗਾਣੀ, ਸ਼ਾਮ ਕੌਰ ਸੌ.ਕੀ, ਸੋਨੀਆ ਸ਼ਰਬਤੀ, ਜਸਵਿੰਦਰ ਕੌਰ ਗਿੱਲ, ਕਰਮਜੀਤ ਕੌਰ ਸ਼ਰਬਤੀ, ਸੁਰਿੰਦਰ ਕੌਰ ਰੰਧਾਵਾ ਆਦਿ ਨੇ ਭਾਗ ਲਿਆ। ਇਸ ਮੀਟਿੰਗ ਸਬੰਧੀ ਪ੍ਰੈਸ ਨੂੰ ਜਾਣਕਾਰੀ ਸਭਾ ਦੇ ਸੀਨੀਅਰ ਵਾਈਸ ਪ੍ਰਧਾਨ ਸੰਤੋਖ ਸਿੰਘ ਗਿੱਲ ਨੇ ਦਿੱਤੀ।

-----

# ਵਾਲਮੀਕ ਮੰਦਰ ਲੋਹੀਆਂ ਵਿਖੇ ਵਾਲਮੀਕਿ ਸਭਾ ਲੋਹੀਆਂ ਦੀ ਮੀਟਿੰਗ

**ਲੋਹੀਆਂ ਖਾਸ-** ਭਗਵਾਨ ਵਾਲਮੀਕਿ ਦੇ ਪ੍ਰਗਟ ਦਿਵਸ ਨੂੰ ਮਨਾਉਣ ਸਬੰਧੀ ਵਾਰਡ ਨੰ: 9 ਦੇ ਵਾਲਮੀਕਿ ਮੰਦਰ ਲੋਹੀਆਂ ਵਿਖੇ ਵਾਲਮੀਕਿ ਸਭਾ ਲੋਹੀਆਂ ਦੀ ਮੀਟਿੰਗ ਪ੍ਰਧਾਨ ਹਰਜਿੰਦਰ ਰਾਮ ਜਿੰਦਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਮੀਤ ਪ੍ਰਧਾਨ ਹਰਭਜਨ ਲਾਲ, ਸੈਕਟਰੀ ਪ੍ਰੇਮ ਚੰਦ ਤੇਜੀ, ਕੌਂਸਲਰ ਗੁਰਮੇਲ ਲੱਡਾ, ਸੁਰਿੰਦਰ ਕੁਮਾਰ ਨਾਹਰ, ਸੁਖਦੇਵ ਪਾਲ ਦੇਬੀ, ਬਲਵੀਰ ਚੰਦ, ਸੋਨੂੰ ਸੰਧੂ, ਤੀਰਥ ਨਾਹਰ, ਰਾਹੁਲ ਨਾਹਰ (ਲਾਲਾ) ਸਮੇਤ ਹੋਰ ਪਤਵੰਤੇ ਵੀ ਹਾਜ਼ਰ ਸਨ। ਮੀਟਿੰਗ ਵਿਚ ਲਏ ਫੈਸਲਿਆਂ ਸਬੰਧੀ ਪ੍ਰਧਾਨ ਹਰਜਿੰਦਰ ਰਾਮ ਜਿੰਦਾ ਤੇ ਸੈਕਟਰੀ ਪ੍ਰੇਮ ਚੰਦ ਤੇਜ਼ੀ ਨੇ ਦੱਸਿਆ ਕਿ ਭਗਵਾਨ ਵਾਲਮੀਕ ਦੇ ਸਾਲਾਨਾ ਪ੍ਰਗਟ ਦਿਵਸ ਨੂੰ ਸਮਰਪਿਤ ਪ੍ਰਭਾਤ ਫੇਰੀਆਂ 2 ਅਕਤੂਬਰ ਤੋਂ ਆਰੰਭ ਹੋ ਜਾਣਗੀਆਂ ਤੇ ਸ਼ੋਭਾ ਯਾਤਰਾ 12 ਅਕਤੂਬਰ ਨੂੰ ਸਜਾਈ ਜਾਵੇਗੀ ਜੋ ਵਾਲਮੀਕ ਮੰਦਰ ਤੋਂ ਆਰੰਭ ਹੋ ਕੇ ਸਾਰੇ ਸ਼ਹਿਰ ਦੇ ਬਾਜ਼ਾਰਾਂ ਤੋਂ ਹੁੰਦੀ ਹੋਈ ਵਾਪਸ ਵਾਲਮੀਕਿ ਮੰਦਰ ਵਿਖੇ ਸਮਾਪਤ ਹੋਵੇਗੀ। ਇਸ ਸਬੰਧੀ 11 ਅਕਤੂਬਰ ਨੂੰ ਰੱਖੇ ਸ੍ਰੀ ਰਮਾਇਣ ਦੇ ਪਾਠ ਦੇ ਭੋਗ 13 ਅਕਤੂਬਰ ਨੂੰ ਪੈਣਗੇ। ਇਸ ਮੌਕੇ ਰਾਤ 8 ਵਜੇ ਪ੍ਰਸਿੱਧ ਗਾਇਕ ਦੀਪਕ ਹੰਸ ਵੱਲੋਂ ਧਾਰਮਿਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ।



# ਜਲੰਧਰ ਸਮੇਤ ਪੂਰੇ ਪੰਜਾਬ 'ਚ ਭੂਚਾਲ ਦੇ ਤੇਜ਼ ਝਟਕੇ



**ਜਲੰਧਰ :** ਮੰਗਲਵਾਰ ਸ਼ਾਮ ਜਲੰਧਰ, ਲੁਧਿਆਣਾ ਤੇ ਅੰਮ੍ਰਿਤਸਰ ਸਮੇਤ ਪੂਰੇ ਪੰਜਾਬ 'ਚ ਭੂਚਾਲ ਦੇ ਤੇਜ਼ ਝਟਕੇ ਇਕ ਤੋਂ ਬਾਅਦ ਇਕ ਦੋ ਵਾਰ ਮਹਿਸੂਸ ਕੀਤੇ ਗਏ। ਪਹਿਲਾ ਝਟਕਾ 4.32 ਵਜੇ ਮਹਿ-ਸੂਸ ਹੋਇਆ। ਕਰੀਬ 15-20 ਸੈਕੰਡ ਤਕ ਧਰਤੀ ਡੋਲਦੀ ਰਹੀ। ਇਸ ਤੋਂ ਕਰੀਬ ਇਕ ਮਿੰਟ ਬਾਅਦ ਮੁੜ ਹਲਕੇ ਝਟਕੇ ਮਹਿਸੂਸ ਕੀਤੇ ਗਏ। ਸ਼ਹਿਰ 'ਚ ਘਰਾਂ ਤੇ ਦਫ਼ਤਰਾਂ 'ਚ ਮੌਜੂਦ ਲੋਕਾਂ ਨੇ ਇਨ੍ਹਾਂ ਝਟਕਿਆਂ ਨੂੰ ਸਪੱਸ਼ਟ ਰੂਪ 'ਚ ਮਹਿਸੂਸ ਕੀਤਾ। ਘਬਰਾਏ ਲੋਕ ਜਲਦੀ-ਜਲਦੀ 'ਚ ਬਾਹਰ ਨਿਕਲ ਕੇ ਸੜਕਾਂ 'ਤੇ ਆ ਗਏ। ਅੰਮ੍ਰਿਤਸਰ ਦੇ ਰਣਜੀਤ ਖੇਤਰ 'ਚ ਉੱਚੀਆਂ ਇਮਾਰਤਾਂ 'ਚ ਕੰਮ ਕਰ ਰਹੇ ਮੁਲਾਜ਼ਮ ਤੁਰੰਤ ਬਾਹਰ ਆ ਗਏ।

**ਇਕ ਮਹੀਨੇ 'ਚ ਤੀਜੀ ਵਾਰ ਕੰਬੀ ਧਰਤੀ**

ਜਲੰਧਰ 'ਚ ਇਸ ਮਹੀਨੇ ਤੀਸਰੀ ਵਾਰ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਹਨ। ਇਸ ਤੋਂ ਪਹਿਲਾਂ 9 ਸਤੰਬਰ ਦੀ ਦੁਪਹਿਰ 12 ਵਜੇ ਵੀ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਸਨ। ਉੱਥੇ ਹੀ 8 ਸਤੰਬਰ ਨੂੰ ਜੰਮੂ-ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ 'ਚ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਸਨ।

# ਕਲਾ ਦਾ ਕਾਰਜ



ਕੇਹਰ ਸ਼ਰੀਫ
+49 173 3546050

ਕਲਾ ਸਮਾਜਿਕ ਤਬਦੀਲੀ ਖਾਤਰ ਵਧ ਰਹੀ ਲੋਕ ਚੇਤਨਾ ਨੂੰ ਸਹੀ ਸੇਧ ਦੇਣ ਤੇ ਉਸਦੀ ਤੋਰ ਨੂੰ ਤਿੱਖਿਆਂ ਕਰਨ ਵਾਲਾ ਹਥਿਆਰ ਹੈ ਅਤੇ ਇਸ ਹੀ ਨਿਸ਼ਾਨੇ ਵਲ ਵਧਦੀਆਂ/ਵਿਗਸਦੀਆਂ ਹੋਰ ਚੇਤਨਾਮਈ ਲਹਿਰਾਂ ਦਾ ਵੱਡਾ ਆਸਰਾ ਵੀ ਹੁੰਦੀ ਹੈ। ਉਹ ਲਹਿਰਾਂ ਜੋ ਇਤਿਹਾਸ-ਮਿਥਿਹਾਸ ਦਾ ਲੇਖਾ-ਜੋਖਾ ਕਰਦਿਆਂ ਪ੍ਰੰਪਰਾਵਾਦੀ, ਤਰਕ ਵਿਹੂਣੇ ਅਤੇ ਅੰਧਵਿਸ਼ਵਾਸੀ ਗਜ਼ ਵਰਤਣ ਦੀ ਥਾਵੇਂ ਉਨ੍ਹਾਂ ਨੂੰ ਰੱਦ ਕਰਦਿਆਂ ਜਾਂ ਨਕਾਰਦਿਆਂ ਸਮੇਂ, ਸਥਿਤੀ ਤੇ ਲੋਕ ਧਾਰਾਵਾਂ/ਲੋਕ ਮਨਾਂ ਨੂੰ ਤਰਕ ਅਧਾਰਤ ਵਿਗਿਆਨਕ ਦਲੀਲਾਂ ਦੇ ਆਸਰੇ ਕੁੱਲ ਲੋਕਾਈ ਦਾ ਭਲਾ ਕਰਨ ਵਾਲੀ ਖਰੀ ਸੋਚ ਦੀ ਕਸਵੱਟੀ ਨਾਲ ਪਰਖ ਕੇ ਭਵਿੱਖ ਦੀ ਕੁੱਖ ਵਿੱਚ ਝਾਕਦਿਆਂ ਆਸਵੰਦ ਹੋ ਕੇ ਅੱਗੇ ਵਧਦੀਆਂ ਹਨ। ਕਲਾ, ਸਮਾਜ ਦਾ ਮੂੰਹ-ਮੱਥਾ ਸਵਾਰਨ ਵਾਲੀ ਪਵਿੱਤਰ ਭਾਵਨਾ ਵੀ ਹੁੰਦੀ ਹੈ ਜਿਸ ਨਾਲ ਸਮਾਜ ਅੰਦਰ ਸਿਹਤਮੰਦ ਪ੍ਰਵਿਰਤੀਆਂ ਨੂੰ ਵੱਡਾ ਹੁਲਾਰਾ ਮਿਲਦਾ ਹੈ, ਜਿਸ ਰਾਹੀਂ ਸਿਰਜੇ ਗਏ ਵਿਰਸੇ ਉੱਤੇ ਆਉਣ ਵਾਲੀਆਂ ਪੀੜ੍ਹੀਆਂ ਸਦਾ ਹੀ ਮਾਣ ਕਰਦੀਆਂ ਹਨ। ਲੋਕ ਪੱਖੀ ਕਲਾ ਨੇ ਵਰਤਮਾਨ ਰਾਹੀਂ ਭਵਿੱਖ ਨੂੰ ਰੌਸ਼ਨ ਕਰਨਾ ਹੁੰਦਾ ਹੈ।

ਮਨੁੱਖ ਸੋਚਵਾਨ ਹੋਣ ਕਰਕੇ ਆਪਣੇ ਆਲੇ-ਦੁਆਲੇ ਤੋਂ ਪ੍ਰਭਾਵਿਤ ਹੁੰਦਾ ਹੈ। ਇਸ ਪ੍ਰਭਾਵਿਤ ਹੋ ਜਾਣ ਵਾਲੀ ਪ੍ਰਵਿਰਤੀ ਦਾ ਜ਼ਿੰਦਗੀ ਨਾਲ ਡੂੰਘਾ ਸਬੰਧ ਹੁੰਦਾ ਹੈ। ਇਥੋਂ ਹੀ ਜ਼ਿੰਦਗੀ ਦੀ ਤੋਰ ਨੇ ਅਗਲੇ ਰਾਹ ਫੜਨੇ ਹੁੰਦੇ ਹਨ। ਜੇ ਰਾਹ ਸਹੀ ਫੜਿਆ ਗਿਆ ਤਾਂ ਮਨੁੱਖੀ ਮਨ ਚੜ੍ਹਦੀ ਕਲਾ ਵਿਚ ਰਹਿੰਦਾ ਹੋਇਆ ਉਸਾਰੂ ਸੋਚ ਦੇ ਆਸਰੇ ਅੱਗੇ ਵਧਦਾ ਹੈ। ਅੱਗੇ ਵਧਣ ਤੋਂ ਪਹਿਲਾਂ ਰਾਹ ਦੇ ਰੋੜੇ ਚੁਗਣੇ ਪੈਂਦੇ ਹਨ। ਤਿੱਖੀਆਂ ਸੂਲ਼ਾਂ ਵਲੋਂ ਦਿੱਤੇ ਜ਼ਖ਼ਮਾਂ ਕਰਕੇ ਆਪਣੇ-ਬੇਗਾਨਿਆਂ ਸਭ ਦੀ ਪੀੜ ਹੰਢਾਉਣੀ ਪੈਂਦੀ ਹੈ ਸਾਂਝ ਭਰੇ ਅਮਲਾਂ ਰਾਹੀਂ ਮਰਹੱਮ-ਪੱਟੀ ਦਾ ਜੁਗਾੜ ਕਰਨਾ ਪੈਂਦਾ ਹੈ। ਜਾਣੇ-ਅਣਜਾਣੇ ਕੁਰਾਹੇ ਪੈ ਜਾਣ ਨਾਲ ਠੋਕ੍ਹਰਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕੁਰਾਹੇ ਪੈਣ ਨਾਲ ਬਹੁਤ ਸਾਰਾ ਕੀਮਤੀ ਸਮਾਂ ਬਰਬਾਦ ਹੀ ਨਹੀਂ ਹੁੰਦਾ ਸਗੋਂ ਕਈ ਵਾਰ ਤਾਂ ਸਮਾਂ ਅਣਵਰਤਿਆ ਹੀ ਰਹਿ ਜਾਂਦਾ ਹੈ। ਸਮੇਂ ਦੀ ਪ੍ਰਵਾਹ ਨਾ ਕਰਨ ਵਾਲਿਆਂ ਦੀ ਸਮਾਂ ਵੀ ਕਦਰ ਨਹੀਂ ਕਰਦਾ, ਇਹ ਸਚਾਈ ਹੈ।

ਕੋਈ ਵੀ ਇਨਸਾਨ ਜਨਮ ਤੋਂ ਉਹੋ ਜਿਹਾ ਨਹੀਂ ਹੁੰਦਾ ਜਿਵੇਂ ਇੱਥੇ ਵਿਚਰਦਾ ਹੈ। ਹਰ ਵਿਅਕਤੀ ਨੂੰ ਸਮਾਜ ਪ੍ਰਭਾਵਿਤ ਕਰਦਾ ਹੈ। ਇਸ ਕਰਕੇ (ਸੋਝੀ ਦੀ ਘਾਟ ਕਰਕੇ) ਹੀ ਬਹੁਤ ਸਾਰੇ ਲੋਕ ਸਮਾਜ ਅੰਦਰ ਆਪੇ ਸਿਰਜੀ ਫੋਕੀ ਇੱਜਤ-ਮਾਣ ਅਤੇ ਸਸਤੀ ਸ਼ੋਹਰਤ ਵਾਲੀ ਭੇਡ ਚਾਲ ਦੇ ਸ਼ਿਕਾਰ ਹੋ ਜਾਂਦੇ ਹਨ। ਇਹ ਹੀ ਸਮਾਜ ਨੂੰ ਨੀਵਾਣਾ ਵਲ ਲੈ ਜਾਣ ਵਾਲਾ ਰਾਹ ਹੁੰਦਾ ਹੈ। ਉਹ ਤਾਂ ਨਿਵੇਕਲੀਆਂ ਪ੍ਰਤਿਭਾਵਾਂ ਹੀ ਹੁੰਦੀਆਂ ਹਨ ਜੋ ਸਮਾਜ ਦੇ ਠਹਿਰੇ/ਖੜ੍ਹੇ ਪਾਣੀਆਂ, ਬੋਦੀ ਹੋ ਗਈ ਸੋਚ ਅੰਦਰ ਹਲਚਲ ਪੈਦਾ ਕਰਕੇ ਉਸਨੂੰ ਪ੍ਰਭਾਵਿਤ ਕਰਦਿਆਂ ਉਸ ਲਈ ਪ੍ਰੇਰਨਾ ਸ਼ਕਤੀ ਬਣਕੇ ਸਭ ਕਾਸੇ ਨੂੰ ਚੰਗੇ ਪਾਸੇ ਤੋਰਨ ਦਾ ਯਤਨ ਕਰਦੀਆਂ/ਕਰਨ ਦਾ ਸਬੱਬ ਬਣਦੀਆਂ ਹਨ। ਕਿਉਂਕਿ ਬੀਮਾਰ ਹੋ ਗਏ ਸਮਾਜ ਅਤੇ ਸੋਚ ਨੂੰ ਸਿਹਤਯਾਬ ਕਰਨ ਵਾਸਤੇ ਤਕੜੇ ਜੇਰੇ, ਜੁੱਸੇ ਦੀ ਅਤੇ ਸੱਚ ਦੇ ਲੜ ਲੱਗ ਸਹੀ ਸੇਧ ਨਾਲ, ਸਹੀ ਦਿਸ਼ਾ ਵਲ ਵਧਣ ਵਾਸਤੇ ਸ਼ਕਤੀਸ਼ਾਲੀ ਲੋਕ ਲਹਿਰਾਂ ਦੀ ਲੋੜ ਪੈਂਦੀ ਹੈ। ਬਹੁਤ ਸਾਰੇ ਲੋਕ ਅਜਿਹੇ ਹਨ ਜਿਨ੍ਹਾਂ ਨੂੰ ਇਸ ਤਰਾਂ ਦੇ ਕਾਫੀ ਕੁਝ ਕਰਨ ਦੀ ਲੋੜ/ਸਾਰ ਤਾਂ ਮਹਿਸੂਸ ਹੁੰਦੀ ਹੈ, ਉਹ ਕੁੱਝ ਕੀਤਾ ਵੀ ਚਾਹੁੰਦੇ ਹਨ, ਪਰ ਕਿਸੇ ਵੀ ਪਾਸਿਉਂ ਕੋਈ ਸੇਧ /ਸੂਝ ਨਾ ਮਿਲਣ ਕਰਕੇ ਕੁਝ ਕਰ ਨਹੀਂ ਸਕਦੇ ਜਾਂ ਫੇਰ ਕੁਝ ਕਰਨੋ ਵਾਂਝੇ ਰਹਿ ਜਾਂਦੇ ਹਨ।

ਲੋਕਾਂ ਦੀ ਜ਼ਿੰਦਗੀ ਦੇ ਯਥਾਰਥ ਨਾਲੋ ਟੁੱਟੀ ਕਲਾ ਐਵੇਂ ਹੀ ਕੰਧਾਂ ਨਾਲ ਕੁਵੇਲੇ ਟੱਕਰਾਂ ਮਾਰਨ ਦੇ ਬਰਾਬਰ ਹੁੰਦੀ ਹੈ। ਨਿੱਘਰਦੇ ਸਮਾਜ ਅੰਦਰ ਉਨ੍ਹਾਂ ਸਵਾਲਾਂ ਜੋ ਆਮ ਆਦਮੀ ਦੇ ਜੀਵਨ ਨੂੰ ਔਖਿਆਂ ਕਰਦੇ (ਜਾਂ ਔਖਿਆਂ ਕਰਨ ਦਾ ਸਬੱਬ ਬਣਦੇ) ਹਨ ਨਾਲ ਦੋ ਚਾਰ ਹੋਣਾ ਹੀ ਕਲਾ ਦਾ ਕਰਮ ਹੈ, ਤਾਂ ਕਿ ਹਨੇਰੇ ਵਲ ਵਧ ਰਹੀ ਜਿੰਦ ਉਧਰੋਂ ਮੁੱਖ ਮੋੜ ਰੌਸ਼ਨੀ ਵਲ ਮੂੰਹ ਕਰਕੇ ਜੀਊਣਾਂ ਸਿੱਖੇ। ਕਲਾ ਦਾ ਕਰਮ ਕੀਰਨੇ ਪਾਉਣੇ, ਰਊਂ-ਰਊਂ ਕਰਨਾ ਅਤੇ ਅੱਗੇ ਖੜੇ ਸਵਾਲਾਂ ਕੋਲ਼ੋਂ ਪਾਸਾ ਵੱਟਕੇ ਲੰਘ ਜਾਣਾ ਨਹੀ ਹੁੰਦਾ, ਜੇ ਕੋਈ ਇੰਝ ਕਰਦਾ ਹੈ ਤਾਂ ਉਹ ਸ਼ਾਇਦ ਆਪ ਤਾਂ ਸੌਖਾ ਰਹੇਗਾ ਪਰ ਕਲਾ ਦਾ ਦਾਅਵੇਦਾਰ ਹੋਣ ਦਾ ਆਪਣਾ ਹੱਕ ਗੁਆ ਬੈਠੇਗਾ। ਉਂਝ ਵੀ ਕਾਰਜ ਰਹਿਤ ਕਲਾ ਆਪਣੇ ਸੁੱਚੇ ਸੁਪਨਿਆਂ ਦੇ ਪੈਰੀਂ ਗਰਜਾਂ ਦੀ ਪੂਰਤੀ ਵਾਲੇ ਘੁੰਗਰੂ ਬੰਨ੍ਹ ਕੇ ਸ਼ੈਤਾਨ ਦੀ ਸੇਵਾ ਕਰਨ ਤੋਂ ਵੱਧ ਕੁਝ ਨਹੀਂ ਹੁੰਦੀ। ਜਾਗਦੇ ਸਿਰਾਂ ਵਾਲੇ ਲੋਕ ਹੀ ਸਾਂਝਾ ਭਰੇ ਕਿਰਤ ਦੇ ਸੱਭਿਆਚਾਰ ਦੇ ਰਾਖੇ ਹੁੰਦੇ ਹਨ। ਸਮਾਜ ਨੂੰ ਜਗਾਉਣ ਦਾ ਹੋਕਾ ਦੇਣ ਵਾਲੇ, ਸਰਬੱਤ ਦੇ ਭਲੇ ਦੀ ਸੋਚ ਲੜ ਬੰਨ੍ਹ ਕੇ ਮੈਦਾਨੇ ਨਿਤਰਨ ਵਾਲੇ ਇਹ ਜਾਗ੍ਰਤਿ ਲੋਕ ਹੀ ਸਾਡੇ ਰਾਹ ਦਸੇਰਾ ਹੁੰਦੇ ਹਨ। ਸ਼ੈਤਾਨ ਕਦੇ ਵੀ ਜ਼ਿੰਦਗੀ ਦਾ ਹੀਰੋ ਨਹੀਂ ਹੋ ਸਕਦਾ। ਇਸ ਕਰਕੇ ਸ਼ੈਤਾਨੀ ਭਰੀ ਇਸ ਮ੍ਰਿਗ-ਤ੍ਰਿਸ਼ਨਾ ਤੋ ਬਚਣਾ ਬਹੁਤ ਹੀ ਜ਼ਰੂਰੀ ਹੈ। ਕਲਾ ਨਿਰਾ ਦਿਲ ਪ੍ਰਚਾਵਾ ਹੀ ਨਹੀਂ ਹੁੰਦੀ ਉਸ ਵਿਚ ਲੋਕਾਈ ਨੂੰ ਆਪਣਾ ਹੀਵਨ ਸਵਾਰਨ ਵਾਸਤੇ ਸੁਨੇਹਾ ਵੀ ਹੁੰਦਾ ਹੈ। ਕਲਾ, ਲੋਕਾਂ ਦੇ ਸੁਪਨਿਆਂ ਅਤੇ ਜ਼ਮੀਰ ਨੂੰ ਜਗਾਉਣ ਦਾ ਕਾਰਜ ਵੀ ਕਰਦੀ ਹੈ।




ਜਿਹੜੇ ਆਪਣੀ ਜ਼ਿਹਨੀ ਅੱਯਾਸ਼ੀ ਦੀ ਪੂਰਤੀ ਖਾਤਰ ਕਲਾ ਦੇ ਪੈਰੀਂ ਘੁੰਗਰੂ ਪਾ ਕੇ, ਧਾੜਵੀਆਂ, ਲੁਟੇਰਿਆਂ ਅਤੇ ਲੁਟੇਰੀਆਂ ਜਮਾਤਾਂ ਦੀ ਚਾਕਰੀ ਕਰਕੇ ਰੋਅਬਦਾਰ ਜ਼ਿੰਦਗੀ ਜੀਊਣ ਵਾਸਤੇ ਚਾਰ ਦਮੜੇ ਇਕੱਠੇ ਕੀਤੇ ਚਾਹੁੰਦੇ ਹਨ, ਅਜਿਹੇ ਜੀਊੜਿਆਂ ਅਤੇ ਉਨ੍ਹਾ ਦੀ ਮੌਕਪ੍ਰਸਤ ਕਲਾ ਨੂੰ ਸਮਾਜ ਵਿਚ ਨੰਗਿਆਂ ਕਰਨਾ ਬਹੁਤ ਜਰੂਰੀ ਹੈ। ਸਮਾਜ ਵਿਚ ਦੋ ਹੀ ਜਮਾਤਾਂ ਹਨ, ਲੁੱਟਣ ਵਾਲੀਆਂ ਅਤੇ ਲੁੱਟੀਆਂ ਜਾਣ ਵਾਲੀਆਂ। ਕਲਾ ਦੇ ਖੇਤਰ ਵਿਚ ਕੰਮ ਕਰਨ ਵਾਲਿਆਂ ਨੂੰ ਪਹਿਲਾਂ ਫੈਸਲਾ ਇਹ ਕਰਨਾ ਪਵੇਗਾ ਕਿ ਉਹ ਲੋਕ ਪੱਖੀ ਹਨ ਕਿ ਜੋਕ (ਲੁੱਟ) ਪੱਖੀ, ਸੇਧ ਤਾਂ ਫੇਰ ਹੀ ਨਿਰਧਾਰਤ ਹੋਵੇਗੀ। ਇਸ ਮਾਮਲੇ ਤੇ ਆਪਣੇ ਆਪ ਨੂੰ ਨਿਰਪੱਖ ਆਖਣ/ਅਖਵਾਉਣ ਵਾਲੇ ਕਮੀਨਗੀ ਦਾ ਸਿਰਾ ਹੁੰਦੇ ਹਨ। ਝੂਠ ਉੱਤੇ ਸੱਚ ਦੀ ਨਕਲੀ ਲੇਪ ਕਰਨ ਵਰਗਾ ਭਰਮ ਪਾਲਣਾ ਆਪਣੇ ਆਪ ਅਤੇ ਕਲਾ ਦੋਹਾਂ ਨਾਲ ਹੀ ਧੋਖਾ ਹੁੰਦਾ ਹੈ। ਕੋਈ ਕਲਾਕਾਰ ਇਹ ਕੁਝ ਕਰ ਹੀ ਨਹੀ ਸਕਦਾ। ਇਹ ਤਾਂ ਸਿਰਫ ਕੋਈ ਧੋਖੇਬਾਜ਼ ਹੀ ਕਰ ਸਕਦਾ ਹੈ। ਕਲਾ ਨੂੰ ਪ੍ਰਣਾਇਆਂ ਕੋਈ ਵੀ ਲੋਕ ਦਰਦੀ ਅਜਿਹਾ ਕੁਕਰਮ ਕਰਨ ਤੋ ਪਹਿਲਾਂ ਹਜ਼ਾਰ ਵਾਰ ਸੋਚੇਗਾ-ਹਜ਼ਾਰ ਵਾਰ। ਆਪਣੇ ਸਮਾਜ ਅੰਦਰ ਪਲ਼ ਰਹੀ ਪੀੜ ਨੂੰ ਸਮਝਣ ਵਾਲਾ ਹੀ ਇਸ ਦਰਦ ਦੇ ਸਫਾਏ ਦਾ ਹੋਕਾ ਦਿੰਦਾ ਹੈ। ਇਹ ਇੰਨਾ ਸੌਖਾ ਨਹੀਂ ਹੁੰਦਾ ਕਿਉਂਕਿ ਕਲਾ ਤੋਂ ਮੁਨਾਫਿਆਂ ਦੀ ਝਾਕ ਰੱਖਣ ਵਾਲੇ ਹਮੇਸ਼ਾਂ ਲੋਕ ਪੀੜਾ ਤੋਂ ਸੱਖਣੀਆਂ ਹਕੂਮਤਾਂ ਦੀ "ਗੋਦ'' ਦਾ ਆਸਰਾ ਲੈਂਦੇ ਹਨ, ਜਿਸ ਨਾਲ ਕਿਸੇ ਵੀ ਸੱਭਿਆਚਾਰ ਅੰਦਰ ਇਖਲਾਕੀ ਵਿਗਾੜ ਪੈਦਾ ਹੋ ਜਾਂਦੇ ਹਨ।

ਕਲਾ ਦੇ ਕਾਰਜ ਖੇਤਰ ਦੀ ਗੱਲ ਕਰੀਏ ਤਾਂ ਸਾਫ ਹੈ ਕਿ ਸਮਾਜ ਅੰਦਰ ਕੋਈ ਵੀ ਮੁਸੀਬਤ ਆਵੇ ਤਾਂ ਕਲਾ ਨੂੰ ਪ੍ਰਣਾਏ ਲੋਕ ਹਰ ਤਰਾਂ ਦੇ ਬੰਨੇ-ਬਸੀਵੇਂ ਟੱਪ ਕੇ ਦੁਖੀਆਂ ਦੀ ਪੀੜ ਹਰਨ ਕਰਨ ਵਾਸਤੇ ਪਹੁੰਚਦੇ ਹਨ, ਰੋਂਦਿਆਂ ਦੇ ਹੰਝੂ ਪੂੰਝਦੇ ਹਨ। ਬੱਚਿਆਂ ਦੇ ਚਿਹਰਿਆਂ ਦੇ ਹਾਸੇ ਗੁਆਚ ਨਾ ਜਾਣ ਅਤੇ ਭਵਿੱਖ ਹਨੇਰੇ ਵਰਗਾ ਨਾ ਹੋ ਜਾਵੇ ਇਸ ਵਾਸਤੇ ਆਪਣੀ ਕਲਾ ਦੇ ਆਸਰੇ ਅਹੁੜ-ਪਹੁੜ ਕਰਦੇ ਹਨ। ਇਤਿਹਾਸ ਮਿਸਾਲਾਂ ਨਾਲ ਭਰਿਆ ਪਿਆ ਹੈ। ਕਾਫੀ ਸਮਾਂ ਪਹਿਲਾਂ ਜਦੋਂ (ਇਹ 1941-42 ਦੀ ਗੱਲ ਹੈ) ਬੰਗਾਲ ਵਿਚ ਕਾ਼ਲ ਪਿਆ ਸੀ ਉਦੋਂ ਬੰਗਾਲ ਦੇ ਕਾਲ ਪੀੜਤਾਂ ਵਾਸਤੇ ਕਲਾ ਨਾਲ ਜੁੜੇ ਲੋਕ ਦਰਦੀ ਪੰਜਾਬੀ ਕਲਾਕਾਰਾਂ ਨੇ ਇਪਟਾ ਦਾ ਝੰਡਾ ਚੁੱਕ ਕੇ ਘਰ ਘਰ ਤੱਕ ਪਹੁੰਚ ਕਰਕੇ ਆਪਣੀ ਸਮਰਥਾ ਤੋਂ ਵੀ ਵੱਧ ਜਤਨ ਜੁਟਾਏ ਸਨ ਅਤੇ ਬਣਦੀ-ਸਰਦੀ ਮੱਦਦ ਕਰਕੇ ਆਪਣੇ ਬੰਗਾਲੀ ਭੈਣ-ਭਰਾਵਾਂ ਨੂੰ ਡੋਲਣੋਂ ਬਚਾਇਆ ਸੀ। ਇਸਤੋਂ ਵੱਡੀ ਮਨੁੱਖਤਾ ਦੀ ਸੇਵਾ ਹੋਰ ਕੋਈ ਹੋ ਹੀ ਨਹੀਂ ਸਕਦੀ। ਹੋਰ ਵੀ ਬਹੁਤ ਸਾਰੇ ਮੌਕੇ ਚੇਤੇ ਕੀਤੇ ਜਾ ਸਕਦੇ ਹਨ। ਪਿਛਲੇ ਨੇੜਲੇ ਸਮੇਂ ਦੀ ਗੱਲ ਕਰਨੀ ਹੋਵੇ ਤਾਂ ਮਿਸਾਲ ਵਜੋਂ ਜਦੋਂ ਦੁਨੀਆਂ ਦੇ ਬੰਬਧਾਰੀ ਜਰਵਾਣੇ ਇਕੱਠੇ ਹੋ ਕੇ ਕੋਸੋਵੋ ਉੱਤੇ ਬੰਬਾਂ ਦੀ ਵਰਖਾ ਕਰਦੇ ਹਨ ਤਾਂ ਦੁਨੀਆਂ ਦੇ ਵੱਡੇ ਨਾਂਵਾਂ ਵਾਲੇ ਸੰਗੀਤ ਨਾਲ ਜੁੜੇ ਕਲਾਕਾਰ ਧੱਕੇਸ਼ਾਹਾਂ ਵਲੋ ਬੰਬਾਂ ਦੇ ਨਾਲ ਸਤਾਏ ਅਤੇ ਸਹਿਮੇ ਹੋਏ ਕੋਸੋਵੋ ਵਾਸੀਆਂ ਦਾ ਦੁੱਖ ਹਰਨ ਲਈ ਉੱਥੇ ਪਹੁੰਚਦੇ ਹਨ, ਆਪਣੀ ਕਲਾ ਨੂੰ ਲੋਕਾਂ ਦੇ ਗੁਆਚੇ ਹਾਸੇ ਵਾਪਸ ਲਿਆਉਣ ਲਈ ਪੇਸ਼ ਕਰਦੇ ਹਨ। ਆਪਣੀ ਕਲਾ ਨੂੰ ਬੰਬਧਾਰੀ ਜਰਵਾਣਿਆਂ ਅਤੇ ਜੰਗ ਦੇ ਖਿਲਾਫ ਪੇਸ਼ ਕਰਕੇ ਲੋਕਾਂ ਅੰਦਰ ਫੇਰ ਤੋ ਜੀਊਣ ਦਾ ਹੌਸਲਾ ਪੈਦਾ ਕਰਦੇ ਹਨ। ਇਹ ਸਾਹਸ ਤਾਂ ਉਹ ਹੀ ਕਰ ਸਕਦਾ ਹੈ ਜਿਹੜਾ ਆਪਣੇ ਆਪ ਨੂੰ ਪੀੜਤ ਲੋਕਾਈ ਦਾ ਹਮਦਰਦ ਜਾਂ ਅੰਗ ਜਾਣੇ ਅਤੇ ਉਨ੍ਹਾਂ ਦੇ ਦਰਦ/ਪੀੜ ਨੂੰ ਆਪਣੇ ਸੀਨੇ ਹੰਢਉਣ ਦਾ ਜੇਰਾ ਕਰ ਸਕਦਾ ਹੋਵੇ। ਲੋਕਾਂ ਦੇ ਦੁੱਖ ਦਰਦ, ਪੀੜ ਨੂੰ ਉਨ੍ਹਾਂ ਦਾ ਅੰਗ ਬਣਕੇ ਹੰਢਾਉਣ ਵਾਲਾ ਹੀ ਲੋਕ ਕਲਾਕਾਰ ਅਖਵਾ ਸਕਦਾ ਹੈ। ਪੀੜਤਾਂ ਵੱਲ ਬੇ-ਗਰਜ ਹੋ ਕੇ ਖੜ੍ਹੇ ਹੋਣ ਵਾਲਾ ਹੀ ਕਲਾ ਦਾ ਅਸਲੀ ਕਾਰਜ ਨਿਭਾਉਂਦਾ ਹੈ।

ਕਲਾ ਨੂੰ ਕਈ ਰੋਜ਼ੀ-ਰੋਟੀ ਦਾ ਸਾਧਨ ਸਮਝਦੇ ਹਨ, ਪਰ ਇਸਦੀ ਪੇਸ਼ਕਾਰੀ ਉਹ ਲੋਕ ਕਲਿਆਣ ਵਾਸਤੇ ਹੀ ਕਰਦੇ ਹਨ। ਉਹ ਸਾਫ ਦਿਲ ਲੋਕ ਕਲਾਕਾਰ (ਭੰਡ-ਮਰਾਸੀ ਆਦਿ) ਸਿਰਫ ਆਪਣੀਆਂ ਗਰਜਾਂ ਦੀ ਪੂਰਤੀ ਕਰਨ ਵਾਲੇ ਉਨ੍ਹਾਂ ਅਖੌਤੀ ਬੁਧੀਜੀਵੀਆਂ / ਮਹਿੰਗੇ "ਕਲਾਕਾਰਾਂ'' ਤੋਂ ਲੱਖ ਦਰਜ਼ੇ ਚੰਗੇ ਹਨ ਜਿਹੜੇ ਮੌਕਾਪ੍ਰਸਤੀ ਵਾਲੇ ਵੰਝ ਤੇ ਚੜ੍ਹਕੇ ਆਪਣੀ ਅਕਲ ( ਤੇ ਜ਼ਮੀਰ) ਵੇਚਣ ਲੱਗਿਆਂ ਮਿੰਟ ਵੀ ਨਹੀਂ ਲਾਉਂਦੇ। ਅਸੀਂ ਪੇਡੂ ਸਮਾਜ ਵਲ ਨਿਗਾਹ ਮਾਰੀਏ ਤਾਂ ਪਤਾ ਲਗਦਾ ਹੈ ਕਿ ਭੰਡ-ਮਰਾਸੀ ਆਪਣੀ ਕਲਾ ਨਾਲ ਜਿੱਥੇ ਲੋਕ ਮਨਾਂ ਦਾ ਮਨੋਰੰਜਨ ਕਰਦੇ ਹਨ ਉਥੇ ਹੀ ਲੋਕ ਕਲਿਆਣ ਖਾਤਰ ਸਮਾਜ ਅੰਦਰ ਪਲਦੇ ਹਰ ਕਿਸਮ ਦੇ ਭੈੜਾਂ / ਕੋਝ੍ਹਾਂ ਦੇ ਖਿਲਾਫ ਲੋਕ ਹਿਤੂ ਟਿੱਪਣੀਆਂ ਵੀ ਕਰਦੇ ਹਨ। ਜਿਨ੍ਹਾਂ ਨਾਲ ਉਹ ਲੋਕ ਮਨਾਂ ਨੂੰ ਹੁੱਝਾਂ ਮਾਰਕੇ ਸੁਚੇਤ ਕਰਦੇ ਹਨ, ਕੁੱਝ ਕਰਨ ਵਾਸਤੇ ਲੋਕਾਂ ਨੂੰ ਜਗਾ ਜਾਂਦੇ ਹਨ। ਸਮਾਜ ਵਲੋਂ ਉਨ੍ਹਾਂ ਅਸਲੀ ਲੋਕ ਕਲਾਕਾਰਾਂ ਅਤੇ ਉਨ੍ਹਾਂ ਦੀ ਲੋਕ ਪੱਖੀ ਕਲਾ ਨੂੰ ਸਾਂਭਣ, ਉਨ੍ਹਾਂ ਦੀਆਂ ਕਹੀਆਂ ਗੱਲਾਂ ਨੂੰ ਸਮਝਣ ਅਤੇ ਉਨ੍ਹਾਂ ਤੋ ਸਿੱਖਣ ਦੀ ਬਹੁਤ ਲੋੜ ਹੈ।

ਆਮ ਜਹੀ ਮਿਸਾਲ ਕਿ ਹਰ ਕੋਈ ਆਪਣੇ ਘਰ ਦੀ ਸਫਾਈ ਕਰਦਾ ਹੈ ਤਾਂ ਕਿ ਕਿਧਰੇ ਗੰਦ ਪਿਆ ਨਾ ਰਹਿ ਜਾਵੇ ਨਹੀਂ ਤਾਂ ਘਰ ਵਿੱਚੋਂ ਬਦਬੋ ਆਵੇਗੀ। ਕੀ ਕਾਰਨ ਹੈ ਕਿ ਸਮਾਜ (ਜਿਸਦੇ ਅਸੀਂ ਅੰਗ ਹਾਂ) ਵਿਚ ਇੰਨੇ ਪਏ ਗੰਦ ਦੇ ਬਾਵਜੂਦ ਸਫਾਈ ਵਲ ਸਾਡਾ ਧਿਆਨ ਹੀ ਨਹੀਂ ਜਾਂਦਾ? (ਜਾਂ ਫੇਰ ਸਾਨੂੰ ਮੁਸ਼ਕ ਤੋਂ ਮੁਸ਼ਕ ਹੀ ਨਹੀਂ ਆਉਂਦਾ?)। ਰਿਸ਼ਵਤਖੋਰੀ, ਭ੍ਰਿਸ਼ਟਾਚਾਰ, ਸਿਰੇ ਦੇ ਹਰਾਮੀਆਂ/ਬਦਮਾਸ਼ਾਂ, ਸਮਗਲਰਾਂ ਦਾ ਸਿਆਸਤ ਵਿਚ ਦਾਖਲਾ, ਵਿਕਾਊ ਸਿਆਸਤ ਦਾ ਅਪਰਾਧੀਕਰਨ, ਕੁਨਬਾ-ਪ੍ਰਵਰੀ, ਕਿਰਤ ਦੀ ਲੁੱਟ, ਸਿਆਸੀ ਮਨਸੂਬਿਆਂ ਖਾਤਰ ਧਰਮ ਦਾ ਸੋਸ਼ਣ, ਅੰਨ-ਦਾਤੇ ਨੂੰ ਮੰਗਤਾ ਬਣਾਉਂਦਾ ਜਾਂ ਖੁਦਕਸ਼ੀਆਂ ਤੱਕ ਅਪੜਾਂਉਦਾ ਸਿਸਟਮ, ਗਰੀਬ-ਗੁਰਬੇ ਉਤੇ ਹਰ ਕਿਸਮ ਦਾ (ਸਮਾਜੀ, ਆਰਥਿਕ, ਰਾਜਨੀਤਿਕ, ਸੱਭਿਆਚਾਰਕ ਆਦਿ) ਅੱਤਿਆਚਾਰ ਹੁੰਦਾ ਦੇਖ ਕੇ ਵੀ ਸਾਡਾ ਮਨ ਬਗਾਵਤ ਦੇ ਰਾਹ ਨਹੀਂ ਪੈਂਦਾ। ਕੀ ਸਮਾਜ ਵਿਚ ਪਿਆ ਇਹ ਗੰਦ ਉਪਰੋਂ ਆ ਕੇ ਕੋਈ ਫਰਿਸ਼ਤਾ ਸਾਫ ਕਰੂ? ਜਿਹੜਾ ਵੀ ਕਲਾ ਨਾਲ ਜੁੜਿਆ, ਸਮਾਜ ਅੰਦਰ ਫੈਲਰੇ ਇਸ ਘਿਨਾਉਣੇ ਗੰਦ ਨੂੰ ਸਾਫ ਕਰਨ ਵਲ ਲੋਕਾਂ ਨੂੰ ਖ਼ੁਦ ਉਨ੍ਹਾਂ ਦਾ ਅੰਗ ਬਣਕੇ ਪ੍ਰੇਰਤ ਨਹੀਂ ਕਰਦਾ ਉਹ ਖੁਦ ਵੀ ਕਲਾ ਦੇ ਨਾਂ ਤੇ ਧੱਬਾ ਹੈ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਹੋ ਜਹੇ ਧੱਬਿਆਂ ਦਾ ਕਦੇ ਵੀ ਇਤਿਹਾਸ ਨੇ ਹਾਂਅ-ਪੱਖੀ ਮੁੱਲ ਨਹੀਂ ਪਾਇਆ, ਇਹ ਧੱਬੇ ਸਦਾ ਨਕਾਰੇ ਹੀ ਜਾਂਦੇ ਰਹੇ ਹਨ ਅਤੇ ਅੱਗੋਂ ਵੀ ਨਕਾਰੇ ਹੀ ਜਾਂਦੇ ਰਹਿਣਗੇ। ਲਿਖਣ ਵਾਲੀਆਂ ਜਿਹੜੀਆਂ ਕਲਮਾਂ (ਜਾਂ ਕਲਾ ਦੇ ਹੋਰ ਖੇਤਰਾਂ ਵਾਲੇ) ਲੋਕਾਂ ਦੀ ਪੀੜ, ਉਨ੍ਹਾਂ ਦੇ ਮੂੰਹ ਤੋਂ ਗੁਆਚੇ ਹਾਸੇ ਦਾ ਦਰਦ ਮਹਿਸੂਸ ਨਾ ਕਰਨ ਉਨ੍ਹਾਂ ਕਲਮਾਂ ਨੂੰ ਸਮਾਂ ਬਾਂਝ ਕਲਮਾਂ ਜਾਂ ਕੰਜਰ ਕਲਮਾਂ ਕੁੱਝ ਵੀ ਆਖ ਸਕਦਾ ਹੈ।

ਜਿਸ ਕਲਾ-ਕ੍ਰਿਤੀ ਵਿਚ ਲੋਕਾਈ ਦਾ ਦਰਦ ਨਹੀਂ, ਨਿਤਾਣੇ ਦੀ ਹੂਕ-ਉਸਦੇ ਹੰਝੂਆਂ ਵਿੱਚੋਂ ਉਠਦਾ ਰੋਹ ਨਹੀਂ, ਭੁੱਖ ਨਾਲ ਵਿਲਕਦੇ ਕਿਸੇ ਮਾਸੂਮ ਬੱਚੇ ਦੀ ਸੀਨਾ ਚੀਰਵੀਂ ਆਹ ਨਹੀਂ, ਜਿਸ ਵਿਚ ਲੋਕ ਮਨਾਂ ਅੰਦਰ ਪੈਦਾ ਕੀਤੀ ਜਾ ਰਹੀ ਬੇਚਾਰਗੀ ਕਿ ਅਜਿਹਾ ਸਭ ਕਿਉਂ ਹੋ ਰਿਹਾ ਹੈ? ਵਰਗੇ ਸਵਾਲ ਪੇਸ਼ ਕਰਕੇ ਹਲਚਲ ਪੈਦਾ ਕਰਨ ਦਾ ਜਤਨ ਜਾਂ ਜੇਰਾ ਨਹੀਂ, ਉਹ ਕਲਾ ਨਹੀ - ਉਹ ਸਭ ਕੂੜਾ ਹੈ। ਕਿਉਂਕਿ ਉਸ ਵਿਚੋਂ ਇਨਸਾਨੀ ਦਰਦ ਨਾਲੀ ਫਿਤਰਤ ਗੈਰ-ਹਾਜ਼ਰ ਹੈ। ਉਹ ਕਲਾ ਦੇ ਨਾਂ 'ਤੇ ਧੋਖਾ ਹੈ।

ਸਿਰਫ ਮਨ ਪ੍ਰਚਾਵੇ ਖਾਤਰ-ਭੁੱਖ ਨੂੰ ਠੱਠੇ ਕਰਦੀ ਕਲਾ ਹਨੇਰੇ ਦੀਆਂ ਚੀਕਾਂ ਹੀ ਸਮਝੀਆਂ ਜਾਣੀਆਂ ਚਾਹੀਦੀਆਂ ਹਨ। ਹਰ ਕਿਸੇ ਨੂੰ ਸਮਾਜ ਦੇ ਭਲੇ ਵਾਸਤੇ ਹਨੇਰੇ ਅਤੇ ਉਸਦੀਆਂ ਹਮਾਇਤੀ ਸ਼ਕਤੀਆਂ ਨਾਲ ਜੂਝਦਿਆਂ ਸੋਚ/ਸੂਝ ਨੂੰ ਪ੍ਰਚੰਡ ਕਰਦਿਆਂ ਇਹ ਨਹੀਂ ਭੁੱਲਣਾ ਚਾਹੀਦਾ ਕਿ ਕਲਾ ਦੁਨੀਆਂ ਦਾ ਸੁਹਜ ਭਰਿਆਂ ਸੁਹੱਪਣ ਤੇ ਸਮਾਜੀ ਕੋਹਝਾਂ/ਕੋਹੜਾਂ ਦੇ ਖਿਲਾਫ ਨਰੋਏ, ਲੋਕ ਪੱਖੀ/ਲੋਕ ਮੁਖੀ ਸਮਾਜ ਦੀ ਸਥਾਪਨਾ ਵਾਸਤੇ ਲੜਨ ਵਾਲੀ ਸੱਭਿਅਕ ਸ਼ਕਤੀ ਹੈ। ਕਲਾ ਰਾਹੀਂ ਮਾਸੂਮੀਅਤ ਨੂੰ ਸਮਾਜ ਅੰਦਰ ਆਪਣੇ ਸਿਦਕ/ਸਿਰੜ ਤੇ ਮਨੁੱਖਵਾਦੀ ਸੋਚ ਦੇ ਆਸਰੇ ਸੁਹਜ ਪੈਦਾ ਕਰਨ ਵਾਲੀ ਧਿਰ ਬਣਾਇਆ ਜਾਣਾ ਚਾਹੀਦਾ ਹੈ - ਸੰਸਾਰ ਨੂੰ ਖ਼ੂਬਸੂਰਤ ਦੇਖਣ ਦਾ ਸੁਪਨਾ ਸਿਰਜ ਕੇ ਉਸਨੂੰ ਸਾਕਾਰ ਕਰਨ ਦੀ ਤਮੰਨਾ ਰੱਖਣ ਵਾਲਿਆਂ ਨੂੰ ਇਸ ਰਾਹੇ ਤੁਰਨਾ ਹੀ ਪੈਂਦਾ ਹੈ।

# ਟੈਕਨੀਸੀਅਨ ਤੋਂ ਸਫਲ ਅਧਿਆਪਕ ਬਣਿਆ ਸੰਕਰ ਦਾਸ ਸੈਣੀ



ਮੇਜਰ ਸਿੰਘ ਨਾਭਾ
91-94635-53962

ਸਾਹਮਣੇ ਰੱਖੀ ਮੰਜ਼ਿਲ ਨੂੰ ਪਾਉਣਾ ਸੌਖਾ ਨਹੀਂ ਹੁੰਦਾ ਪਰ ਲਗਨ ਅਤੇ ਦ੍ਰਿੜ ਇਰਾਦੇ ਵਾਲੇ ਵਿਰਲੇ ਹੀ ਹੁੰਦੇ ਹਨ ਜੋ ਸਫਲ ਹੋ ਜਾਂਦੇ ਹਨ। ਉਨ੍ਹਾਂ 'ਚੋਂ ਹੀ ਇੱਕ ਸਖਸ਼ੀਅਤ ਹੈ ਮਾਸਟਰ ਸੰਕਰ ਦਾਸ ਸੈਣੀ ਜਿਸ ਦਾ ਦਾ ਜਨਮ ਸ਼੍ਰੀ ਰਤਨ ਚੰਦ ਦੇ ਘਰ ਮਾਤਾ ਸ਼੍ਰੀਮਤੀ ਅਮਰੋ ਦੇਵੀ ਦੀ ਕੁੱਖੋਂ 12 ਜਨਵਰੀ 1963 ਨੂੰ ਪਿੰਡ ਖੇੜੀ ਜਿਲ੍ਹਾ ਰੋਪੜ ਵਿਖੇ ਹੋਇਆ।ਉਸ ਨੇ ਪ੍ਰਾਇਮਰੀ ਸਿੱਖਿਆ ਸ.ਪ੍ਰ.ਸ.ਖੇੜੀ ਤੋਂ ਪ੍ਰਾਪਤ ਕੀਤੀ। ਉਸ ਨੇ ਅੱਠਵੀਂ ਤੱਕ ਦੀ ਪੜ੍ਹਾਈ ਸ.ਮਿ.ਸ. ਬੜਵਾ ਅਤੇ ਦਸਵੀਂ ਤੱਕ ਦੀ ਪੜ੍ਹਾਈ 1980 ਵਿੱਚ ਸ.ਹ.ਸ. ਚਨੋਲੀ (ਰੋਪੜ) ਤੋਂ ਪ੍ਰਾਪਤ ਕਰ ਲਈ ।ਪਰਿਵਾਰ ਦੀ ਆਰਥਿਕ ਮੰਦਹਾਲੀ ਕਾਰਨ ਉਸ ਨੇ ਜਲਦੀ ਰੋਜਗਾਰ ਦੀ ਪ੍ਰਾਪਤੀ ਲਈ ਦਸਵੀਂ ਪਾਸ ਕਰਨ ਉਪਰੰਤ ਸਰਕਾਰੀ ਉਦਯੋਗਿਕ ਟ੍ਰੇਨਿੰਗ ਸੰਸਥਾ ਨੰਗਲ ਡੈਮ ਤੋਂ ਦੋ ਸਾਲਾ ਸਰਟੀਫਿਕੇਟ ਕੋਰਸ 1982 ਵਿੱਚ ਪ੍ਰਾਪਤ ਕਰ ਲਿਆ। ਉਸ ਨੇ ਐਸਕਾਰਟਸ ਲਿਮ: ਬਹਾਦਰਗੜ੍ਹ ਵਿਖੇ 12 ਨਵੰਬਰ 1982 ਤੋਂ 11 ਨਵੰਬਰ 1983 ਤੱਕ ਇੰਟਰਨਲਸ਼ਿਪ ਲਗਾਈ।ਇਥੇ ਹੀ 15 ਅਕਤੂਬਰ 1984 ਤੋਂ ਬਤੌਰ ਟੈਕਨੀਸੀਅਨ 10 ਸਤੰਬਰ 1997 ਤੱਕ ਸੇਵਾ ਨਿਭਾਈ।ਇਸ ਦੌਰਾਨ 1994 ਵਿੱਚ ਸਵ: ਸ਼੍ਰ. ਮਹਿੰਦਰ ਸਿੰਘ ਵਿੱਤ ਅਫਸਰ / ਡੀ.ਆਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਪੁੱਤਰੀ ਬੀਬਾ ਕੁਲਜੀਤ ਕੌਰ ਨਾਲ ਵਿਆਹ ਹੋ ਗਿਆ ।ਇਸੇ ਦੌਰਾਣ ਉਸ ਨੇ ਪੜ੍ਹਾਈ ਦੇ ਸ਼ੌਕ ਨੂੰ ਜਾਰੀ ਰੱਖਿਆ। ਉਸ ਨੇ ਪ੍ਰਾਈਵੇਟ ਤੌਰ ਤੇ ਗਿਆਨੀ ਸਤੰਬਰ 1988 ਵਿੱਚ ਕਰ ਲਈ।ਉਸ ਨੇ ਦਸੰਬਰ 1990 ਵਿੱਚ ਬੀ.ਏ. ਕਰਨ ਤੋਂ ਬਾਅਦ ਐਮ.ਏ. (ਪੰਜਾਬੀ) ਪੰਜਾਬੀ ਯੂਨੀਵਰਸਿਟੀ ਤੋਂ ਕਰ ਲਈ। ਕਠੋਰਤਾ ਤੋਂ ਸੂਖਮਤਾ ਵੱਲ ਆਉਣ ਦੀ ਰੁੱਚੀ ਨੇ ਉਸਦੇ ਮਨ ਅੰਦਰ ਅਧਿਆਪਕ ਬਣਨ ਦੀ ਤਮੰਨਾ ਪੈਦਾ ਕਰ ਦਿੱਤੀ।ਇਸ ਲਈ ਉਸ ਨੇ ਜੰਮੂ ਯੂਨੀਵਰਸਿਟੀ ਤੋਂ ਪੱਤਰ-ਵਿਹਾਰ ਰਾਹੀਂ 1995 ਵਿੱਚ ਬੀ. ਐਡ. ਕਰਕੇ ਅਧਿਆਪਕ ਲੱਗਣ ਲਈ ਯੋਗਤਾ



ਪਾਪਤ ਕਰ ਲਈ। ਇਹ ਸੁਪਨਾ ਉਨ੍ਹਾਂ ਦਾ ਉਦੋਂ ਪੂਰਾ ਹੋ ਗਿਆ ਜਦੋਂ ਉਨ੍ਹਾਂ ਦੀ ਬਤੌਰ ਜੇ.ਬੀ.ਟੀ. ਅਧਿਆਪਕ ਨਿਯੁਕਤੀ ਹੋ ਗਈ ਅਤੇ ਉਨ੍ਹਾਂ ਨੇ ਸਰਕਾਰੀ ਪ੍ਰਾਇਮਰੀ ਸਕੂਲ ਬਠਲੀ (ਪਟਿਆਲਾ) ਵਿਖੇ 11 ਸਤੰਬਰ 1997 ਨੂੰ ਹਾਜ਼ਰੀ ਦੇ ਕੇ ਟੈਕਨੀਸ਼ੀਅਨ ਦੇ ਕਠੋਰ ਕੰਮ ਨੂੰ ਤਿਲਾਂਜਲੀ ਦੇ ਦਿੱਤੀ।ਇਥੇ ਤੱਕ ਪੁੱਜਣ 'ਚ ਉਹ ਆਪਣੇ ਭੈਣੋਈਏ ਸਵ: ਸ਼੍ਰੀ ਹਰੀ ਕ੍ਰਿਸ਼ਨ ਸੈਣੀ ਦੇ ਵਿਸ਼ੇਸ਼ ਸਹਿਯੋਗ ਦਾ ਵੱਡਾ ਅਹਿਸਾਨ ਮੰਨਦੇ ਹਨ। ਮਾਸਟਰ ਕਾਡਰ ਦੀਆਂ ਆਸਾਮੀਆਂ ਲਈ ਭਰਤੀ ਹੋਣ ਸਮੇਂ ਸੰਕਰ ਦਾਸ ਸੈਣੀ ਦੀ ਨਿਯੁਕਤੀ ਬਤੌਰ ਪੰਜਾਬੀ ਮਾਸਟਰ ਹੋ ਗਈ। ਉਨ੍ਹਾਂ ਜੇ.ਬੀ.ਟੀ. ਦੀ ਆਸਾਮੀ ਤੋਂ ਅਸਤੀਫਾ ਦੇ ਕੇ 26 ਅਗਸਤ 1998 ਨੂੰ ਬਤੌਰ ਪੰਜਾਬੀ ਮਾਸਟਰ ਸ.ਹ.ਸ. ਸਮਗੋਲੀ (ਪਟਿਆਲਾ) ਵਿਖੇ ਹਾਜ਼ਰੀ ਦਿੱਤੀ ਅਤੇ ਇਸ ਸਕੂਲ ਵਿੱਚ 7 ਜੁਲਾਈ 1999 ਤੱਕ ਕੰਮ ਕੀਤਾ। ਉਨ੍ਹਾਂ ਨੇ ਸ.ਹ.ਸ.ਉਲਾਣਾ ਵਿਖੇ ਬਦਲੀ ਹੋਣ ਉਪਰੰਤ 8 ਜੁਲਾਈ 1999 ਤੋਂ 2 ਨਵੰਬਰ 2003 ਤੱਕ ਇਮਾਨਦਾਰੀ ਨਾਲ ਸੇਵਾ ਨਿਭਾਈ। ਘਰ ਤੋਂ ਦੂਰ ਹੋਣ ਕਾਰਣ ਨੇੜੇ ਦੇ ਸਕੂਲ ਸ.ਹ.ਸ. ਮੰਡੋਲੀ (ਪਟਿ:) ਵਿਖੇ ਬਦਲੀ ਕਰਵਾ ਕੇ 3 ਨਵੰਬਰ 2003 ਨੂੰ ਇਥੇ ਆ ਕੇ ਹਾਜ਼ਰੀ ਦਿੱਤੀ ਅਤੇ ਹੁਣ ਤੱਕ ਪੂਰੀ ਲਗਨ ਅਤੇ ਮਿਹਨਤ ਨਾਲ ਉਹ ਬੱਚਿਆਂ ਨੂੰ ਪੜ੍ਹਾ ਰਹੇ ਹਨ। ਉਨ੍ਹਾਂ ਦੇ ਵਿਸ਼ੇ ਦਾ ਨਤੀਜਾ ਹਮੇਸ਼ਾ ਬੋਰਡ ਦੇ ਨਤੀਜਿਆਂ ਤੋਂ ਵੱਧ ਆ ਰਿਹਾ ਹੈ। ਉਹ ਲੋੜਵੰਦ ਬੱਚਿਆਂ ਦੀ ਹਰ ਤਰ੍ਹਾਂ ਦੀ ਮਦਦ ਕਰਦੇ ਰਹਿੰਦੇ ਹਨ। ਸੰਕਰ ਦਾਸ ਸੈਣੀ ਸਕੂਲ ਦੇ ਕਲੈਰੀਕਲ ਕੰਮ ਕਰਨ 'ਚ ਮਾਹਿਰ ਹੈ। ਉਹ ਅਧਿਆਤਮਕ ਪੱਖੋਂ ਪ੍ਰਮਾਤਮਾ ਨਾਲ ਜੁੜਿਆ ਹੋਇਆ ਹੈ । ਉਹ ਆਪਣੀ ਸੁਪਤਨੀ ਸ਼ੀਮਤੀ ਕੁਲਜੀਤ ਕੌਰ (ਲਾਇਬ੍ਰੇਰੀ ਅਸਿਸਟੈਂਟ, ਪੰਜਾਬੀ ਯੂਨੀਵਰਸਿਟੀ) ਅਤੇ ਇਕਲੌਤੀ ਬੇਟੀ ਸਿਮਰਨਜੀਤ ਸੈਣੀ ਜੋ ਕਿ ਬੀ.ਐਸ.ਸੀ. (ਆਨਰਜ਼ ਇਨ ਇਕਨਾਮਿਕਸ) ਪੰਜਾਬੀ ਯੂਨੀਵਰਸਿਟੀ ਵਿਖੇ ਕਰ ਰਹੀ ਹੈ,ਨਾਲ ਜੀ.ਐੱਚ.ਐੱਸ. ਨਗਰ ਪਟਿਆਲਾ ਵਿਖੇ ਰਹਿ ਰਿਹਾ ਹੈ। ਇਸ ਜੌੜੇ ਨੂੰ ਅਪਣੀ ਬੇਟੀ ਤੇ ਪੂਰਾ ਮਾਣ ਹੈ ਜਿਸ ਨੇ ਲੜਕੀਆਂ ਪ੍ਰਤੀ ਅੱਜ ਦੇ ਸਮਾਜ ਦੀ ਸੋਚ ਨੂੰ ਨਕਾਰਦੇ ਹੋਏ ਲੜਕਿਆਂ ਬਰਾਬਰ ਹੀ ਨਹੀਂ ਸਗੋਂ ਵਧੇਰੇ ਮੌਕੇ ਪ੍ਰਦਾਨ ਕਰਨ ਦਾ ਅਹਿਦ ਲਿਆ ਹੈ।ਉਨ੍ਹਾਂ ਦੀ ਇਸ ਸੋਚ ਨੂੰ ਸਲਾਮ ਹੈ। ਪ੍ਰਮਾਤਮਾ ਹਮੇਸ਼ਾ ਇਸ ਪਰਿਵਾਰ ਨੂੰ ਚੜ੍ਹਦੀਕਲਾ ਬਖਸ਼ੇ।

# ਪਾਕਿਸਤਾਨ, ਜਬਰੀ ਧਰਮ ਪ੍ਰੀਵਰਤਨ ਅਤੇ ਦਲਿਤ



ਹਰਦੀਪ ਸਿੰਘ ਚੁੰਬਰ
91-94636-01616

ਪਾਕਿਸਤਾਨ ਵਿੱਚ ਤਾਜਾ ਘਟਨਾ ਨਨਕਾਣਾ ਸਾਹਿਬ19 ਸਾਲਾ ਜਗਜੀਤ ਕੌਰ ਸਿੱਖ ਲੜਕੀ ਦੇ ਜਬਰੀ ਧਰਮ ਪ੍ਰੀਵਰਤਨ ਦੀ ਖਬਰ ਠੰਡੀ ਹੋਈ ਨਹੀ ਹੋਈ ਸੀ ਕਿ 8 ਸਿਤੰਬਰ 2019 ਨੂੰ ਇੱਕ 15 ਸਾਲਾ ਇਸਾਈ ਲੜਕੀ ਫੈਜ਼ਾ ਮੁਖਤਾਰ ਜੋ ਸੇਖੂਪੁਰਾ ਦੇ ਸਰਕਾਰੀ ਸਕੂਲ ਦੀ ਪ੍ਰਿੰਸੀਪਲ ਨੇ ਮਦਰਸੇ ਵਿਚ ਲਿਜਾਕੇ ਧਰਮ ਪ੍ਰੀਵਰਤਨ ਕਰਨ ਦੀ ਤੀਜੀ ਘਟਨਾ ਹੈ। ਇਸ ਤਰਾ ਦੂਜੀ ਘਟਨਾ ਇਕ ਹਿੰਦੂ ਲੜਕੀ ਰੇਨੂਕਾ ਕੁਮਾਰੀ ਇੰਨਸਟੀਚਿਊਸਨ ਔਫ ਬਿਜਨਸ ਐਡਮਨਿਸਟਰੇਸਨ ਦੀ ਸੁਕਰ, ਸਿੰਧ ਦੀ ਵਿਦਿਆਰਥਣ ਦੀ ਹੈ।ਇਸ ਜਬਰੀ ਧਰਮ ਪ੍ਰੀਵਰਤਨ ਦਾ ਸ਼ਿਕਾਰ ਘੱਟ ਗਿਣਤੀਆਂ ਹੋ ਰਹੀਆਂ ਹਨ। ਇਹਨਾਂ ਘੱਟ ਗਿਣਤੀਆਂ ਵਿਚੋ ਚਾਰ ਵਿਚੋ ਤਿੰਨ ਲ਼ੜਕੀਆਂ ਦਲਿਤ ਸਮਾਜ ਨਾਲ ਸਬੰਧ ਹੁੰਦੀਆਂ ਹਨ। ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਤੌਰ ਉਤੇ ਕਮਜੋਰ ਦਲਿਤ ਇਸਾਈ, ਹਿੰਦੂ ਅਤੇ ਸਿੱਖ ਅਸਾਨੀ ਨਾਲ ਸ਼ਿਕਾਰ ਬਣ ਜਾਂਦੇ ਹਨ। ਉਹਨਾ ਦੀ ਅਵਾਜ ਕਦੀ ਆਮ ਜੰਤਾ ਦੀ ਅਵਾਜ ਨਹੀ ਬਣ ਪਾਉਂਦੀ, ਹਮੇਸ਼ਾ ਦੀ ਤਰਾਂ ਦਬਕੇ ਹੀ ਰਹਿ ਜਾਂਦੀ ਹੈ।

ਭਾਰਤ ਵਿਚ ਸੰਸਾਧਨਾ ਦੀ ਵੰਡ ਨੂੰ ਚਾਰ ਵਰਣ ਅਧਾਰਤ ਵੰਡ ਨੂੰ ਚਾਰ ਵਰਣਾਂ ਤੋਂ ਅੱਗੇ ਵਧਾਕੇ ਪੌੜੀ ਨੁੰਮਾ ਜਾਤੀ ਵਿਵਸਥਾ ਵਿੱਚ ਵੰਡਿਆ। ਸਾਰੀਆਂ ਜਾਤੀਆਂ ਆਰਥਿਕ, ਸਮਾਜਿਕ, ਰਾਜਨੀਤਿਕ ਤੌਰ ਉਤੇ ਇਕ ਦੂਜੇ ਤੋਂ ਉਪਰ ਜਾਂ ਨੀਚੇ ਮੰਨਦੀਆਂ ਹਨ। ਅਧੂਨਿਕ ਭਾਰਤ ਵਿਚ ਆਰਥਿਕ, ਸਮਾਜਿਕ, ਸਿੱਖਿਆ ਨੂੰ ਅਧਾਰ ਮੰਨਕੇ ਸਮਾਜ ਨੂੰ ਤਿੰਨ ਵਰਗ ਬਣਾਏ ਫਾਰਵਰਡ ਕਾਸਟਸ, ਬੈਕਵਰਡ ਕਾਸਟਸ ਅਤੇ ਸਡਿਊਲਡ ਕਾਸਟਸ। ਇਸ ਦਾ ਮਕਸਦ ਕਮਜੋਰ ਵਰਗਾਂ ਦੀ ਪਹਿਚਾਣ ਕਰ ਅੱਗੇ ਵਧਣ ਦੇ ਮੌਕਿਆਂ ਦਾ ਖਾਸ ਪ੍ਰਬੰਧ ਕਰਨਾ ਹੈ। 1947 ਵਿੱਚ ਭਾਰਤ ਅਤੇ ਪਾਕ ਦੋ ਅਜ਼ਾਦ ਰਾਸ਼ਟਰ ਬਣੇ। ਕਮਜੋਰ ਅਤੇ ਘੱਟ ਗਿਣਤੀਆਂ ਦਾ ਸਤ੍ਹਾ ਤੋ ਬਾਹਰ ਰਹਿਣਾ, ਜਾਂ ਬਾਹਰ ਰਹਿਣ ਦਾ ਡਰ ਜਾਤੀਆਂ, ਕਬੀਲਿਆਂ, ਇਲਾਕਿਆਂ ਅਤੇ ਧਰਮਾਂ ਦੀ ਵੰਡ ਨੂੰ ਜਨਮ ਦਿੰਦਾ ਹੈ। ਬਾਬਾ ਸਾਹਿਬ ਡਾ. ਅੰਬੇਡਕਰ ਨੇ ਆਪਣੀ ਕਿਤਾਬ ਦ ਥਾਉਟਸ ਔਫ ਪਾਕਿਸਤਾਨ ਵਿਚ ਘਟ ਗਿਣਤੀਆਂ ਜੋ ਘਟ ਹੋਣ ਕਾਰਨ ਹਮੇਸ਼ਾ ਨੁਕਸਾਨ ਵਿਚ ਰਹਿੰਦੀਆਂ ਹਨ, ਨੂੰ ਬਹੁਗਿਣਤੀਆਂ ਦੇ ਬਰਾਬਰ ਰਖਣ ਲਈ ਵੱਧ ਅਧਿਕਾਰ (ਭਅਲਅਨਚਏ ੋ ਫੌਏਰ) ਦਾ ਫਾਰਮੂਲਾ ਦਿਤਾ ਸੀ। ਅਗਰ ਬਾਬਾ ਸਾਹਿਬ ਦਾ ਫਾਰਮੂਲਾ ਲਾਗੂ ਕੀਤਾ ਗਿਆ ਹੁੰਦਾ ਭਾਰਤ, ਪਾਕ ਦੀ ਵੰਡ ਨੂੰ ਰੋਕੇ ਜਾਣ ਦੀ ਸੰਭਾਵਨਾ ਵਧ ਜਾਂਣੀ ਸੀ। ਇਕ ਵਰਗ ਦਾ ਦੂਜੇ ਵਰਗ ਮਾਨਵ ਅਧਿਕਾਰਾਂ ਵਿਚ ਨਜਾਇਜ ਦਖਲ ਅਰਾਜਕਤਾ ਪੈਦਾ ਕਰਦਾ ਹੈ। ਇਹ ਪ੍ਰਕਿਰਿਆ ਦਖਣ ਏਸੀਆ ਵਿਚ ਅਧਿਕ ਪ੍ਰਚਲਿਤ ਹੈ।

ਪਾਕਿਸਤਾਨ ਦੀ ਜਨਗਣਾ 2017 ਅਨੂਸਾਰ ਕਰੀਬ 21 ਕਰੋੜ ਦੀ ਅਬਾਦੀ ਵਿਚੋ 14 ਲੱਖ ਹਿੰਦੂ 12 ਲੱਖ ਇਸਾਈ ਅਤੇ 7 ਹਜਾਰ ਦੇ ਕਰੀਬ ਸਿੱਖ ਹਨ। ਇਸਲਾਮ ਅਧਾਰਤ ਬਣੇ ਰਾਸ਼ਟਰ ਵਿਚ ਹਿੰਦੂ, ਇਸਾਈ, ਸਿੱਖ, ਬੋਧੀ ਅਤੇ ਹੋਰ ਕਈ ਧਾਰਮਿਕ ਘੱਟ ਗਿਣਤੀਆਂ ਹਨ। ਪਾਕਿਸਤਾਨ ਦਾ ਜਨਮ ਵੀ ਭਾਰਤ ਵਿਚ ਹਿੰਦੂ ਬਹੁਮਤ ਅਗੇ ਇਸਲਾਮ ਮੱਤ ਦੇ ਕਮਜੋਰ ਹੋਣਾ ਕਾਰਨ ਹੀ ਹੋਇਆ ਹੈ। ਵੋਟ ਪ੍ਰਨਾਲੀ ਵਿਚ ਹਮੇਸ਼ਾ ਲਈ ਕਮਜੋਰ ਮੱਤ ਸਤਹਾ ਤੋਂ ਦੂਰ ਨੁਕਸਾਨ ਵਿਚ ਰਹਿੰਦਾ ਹੈ। ਇਹੋ ਹਾਲਤ ਪਾਕਿਸਤਾਨ ਵਿਚ ਘੱਟ ਗਿਣਤੀਆਂ ਦੀ ਹੈ। ਇਹ ਵਰਤਾਰਾ ਸਾਰੀਆਂ ਹੀ ਘੱਟ ਗਿਣਤੀਆਂ ਨਾਲ ਹੁੰਦਾ ਆ ਰਿਹਾ ਹੈ।

ਘੱਟ ਗਿਣਤੀਆ ਦੀਆ ਲੜਕੀਆਂ ਦਾ ਜ਼ਬਰਦਸਤੀ ਧਰਮ ਪਰਿਵਰਤਨ ਕਰਵਾ ਮੁਸਲਮਾਨ ਲੜਕਿਆਂ ਨਾਲ ਵਿਆਹ ਕਰਵਾ ਦਿੱਤਾ ਜਾਂਦਾ ਹੈ। ਪਾਕਿਸਤਾਨ ਹਿੰਦੂ ਕੌਂਸਲ ਦੇ ਅਨੁਸਾਰ, ਮਜਬੂਰ ਧਰਮ ਪਰਿਵਰਤਨ ਹਿੰਦੂਆਂ ਦੇ ਪਾਕਿਸਤਾਨ ਤੋਂ ਪਰਵਾਸ ਕਰਨ ਦਾ ਸਭ ਤੋਂ ਵੱਡਾ ਕਾਰਨ ਬਣਿਆ ਹੋਇਆ ਹੈ। ਭਰਚੁੰਡੀ ਸ਼ਰੀਫ ਅਤੇ ਸਰਹੰਦੀ ਪੀਰ ਵਰਗੀਆਂ ਧਾਰਮਿਕ ਸੰਸਥਾਵਾਂ ਜ਼ਬਰੀ ਧਰਮ ਪਰਿਵਰਤਨ ਦਾ ਸਮਰਥਨ ਕਰਦੀਆਂ ਹਨ ਅਤੇ ਸਿੰਧ ਦੀਆਂ ਸੱਤਾਧਾਰੀ ਰਾਜਨੀਤਿਕ ਪਾਰਟੀਆਂ ਦੀ ਹਮਾਇਤ ਅਤੇ ਸੁਰੱਖਿਆ ਪ੍ਰਾਪਤ ਕਰਨ ਲਈ ਜਾਣੀਆਂ ਜਾਂਦੀਆਂ ਹਨ।

ਨੈਸ਼ਨਲ ਕਮਿਸ਼ਨ ਆਫ ਜਸਟਿਸ ਐਂਡ ਪੀਸ ਅਤੇ ਪਾਕਿਸਤਾਨ ਹਿੰਦੂ ਪ੍ਰੀਸ਼ਦ (ਪੀ.ਐਚ.ਸੀ.) ਦੇ ਅਨੁਸਾਰ ਲਗਭਗ 1000 ਗੈਰ-ਮੁਸਲਿਮ ਘੱਟ ਗਿਣਤੀ ਔਰਤਾਂ ਦਾ ਜਬਰੀਧਰਮ ਵਿੱਚ ਤਬਦੀਲ ਕਰ ਦਿੱਤਾ ਜਾਂਦਾ ਹੈ ਅਤੇ ਫਿਰ ਉਨ੍ਹਾਂ ਦਾ ਅਗਵਾਕਾਰਾਂ ਜਾਂ ਬਲਾਤਕਾਰੀਆਂ ਨਾਲ ਜ਼ਬਰਦਸਤੀ ਵਿਆਹ ਕਰਵਾ ਦਿਤਾ ਜਾਂਦਾ ਹੈ। ਇਹ ਪ੍ਰਥਾ ਸਿੰਧ ਦੇ ਥਾਰਪਾਰਕਰ, ਉਮਰਕੋਟ ਅਤੇ ਮੀਰਪੁਰ ਖਾਸ ਜ਼ਿਲ੍ਹਿਆਂ ਵਿੱਚ ਤੇਜ਼ੀ ਨਾਲ ਦੱਸੀ ਜਾ ਰਹੀ ਹੈ। ਪਾਕਿਸਤਾਨ ਦੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਵਾਈਸ ਚੇਅਰਪਰਸਨ, ਅਮਰਨਾਥ ਮੋਟੂਮਲ ਦੇ ਅਨੁਸਾਰ, 2010 ਦੇ ਅੰਕੜੇ ਦਸਦੇ ਹਨ ਕਿ ਹਰ ਮਹੀਨੇ, ਲਗਭਗ 20 ਜਾਂ ਵੱਧ ਹਿੰਦੂ ਲੜਕੀਆਂ ਨੂੰ ਅਗਵਾ ਕਰਕੇ ਧਰਮ ਬਦਲਿਆ ਜਾਂਦਾ ਹੈ, ਹਾਲਾਂਕਿ ਸਹੀ ਅੰਕੜੇ ਇਕੱਠੇ ਕਰਨਾ ਅਸੰਭਵ ਹੈ। ਇਕੱਲੇ 2014 ਵਿਚ, ਜਬਰਦਸਤੀ ਧਰਮ ਪਰਿਵਰਤਨ ਦੇ 265 ਕਾਨੂੰਨੀ ਕੇਸ ਜ਼ਿਆਦਾਤਰ ਹਿੰਦੂ ਲੜਕੀਆਂ ਦੇ ਸ਼ਾਮਲ ਹੋਣ ਦੀ ਖ਼ਬਰ ਸੀ।

ਧਾਰਮਿਕ ਘੱਟਗਿਣਤੀ ਔਰਤਾਂ ਨੂੰ ਅਗਵਾ ਕਰਨ ਅਤੇ ਜ਼ਬਰਦਸਤੀ ਇਸਲਾਮ ਧਰਮ ਬਦਲਣ ਦੀਆਂ ਪੀੜਤਾਂ ਵਜੋਂ ਵੀ ਜਾਣੀਆਂ ਜਾਂਦੀਆਂ ਹਨ। ਅਤਿਆਚਾਰਾਂ ਕਾਰਨ ਬਹੁਤ ਸਾਰੇ ਹੁਣ ਵੀ ਪਾਕਿਸਤਾਨ ਛੱਡ ਕੇ ਭੱਜ ਰਹੇ ਹਨ। 18 ਅਕਤੂਬਰ 2005 ਨੂੰ, ਸੈਨੋ ਅਮਰਾ ਅਤੇ ਚੰਪਾ, ਇੱਕ ਹਿੰਦੂ ਜੋੜਾ, ਕਰਾਚੀ, ਪੰਜਾਬੀ ਕਲੋਨੀ, ਵਿੱਚ ਰਹਿਣ ਵਾਲਾ ਸੀ। ਘਰ ਵਾਪਸ ਪਰਤਿਆ ਕਿ ਉਨ੍ਹਾਂ ਦੀਆਂ ਤਿੰਨ ਕਿਸ਼ੋਰ ਬੇਟੀਆਂ ਗਾਇਬ ਹੋ ਗਈਆਂ ਹਨ। ਸਥਾਨਕ ਪੁਲਿਸ ਨੂੰ ਪੁੱਛਗਿੱਛ ਕਰਨ ਤੋਂ ਬਾਅਦ, ਜੋੜੇ ਨੂੰ ਪਤਾ ਲੱਗਿਆ ਕਿ ਉਨ੍ਹਾਂ ਦੀਆਂ ਧੀਆਂ ਨੂੰ ਇੱਕ ਸਥਾਨਕ ਮਦਰੱਸੇ ਵਿੱਚ ਲਿਜਾਇਆ ਗਿਆ ਸੀ, ਇਸਲਾਮ ਧਰਮ ਧਾਰਨ ਕਰਾ ਲਿਆ ਗਿਆ ਸੀ। ਜਨਵਰੀ 2017 ਵਿੱਚ, ਪਾਕਿਸਤਾਨ ਦੇ ਹਰੀਪੁਰ ਜ਼ਿਲ੍ਹੇ ਵਿੱਚ ਇੱਕ ਹਿੰਦੂ ਮੰਦਰ ਢਾਹਿਆ ਗਿਆ ਸੀ।

ਪਾਕਿਸਤਾਨ ਦੇ ਕੁਝ ਹਿੰਦੂ, ਇਸਾਈ, ਸਿੱਖ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨਾਲ ਦੂਸਰੇ ਦਰਜੇ ਦੇ ਨਾਗਰਿਕਾਂ ਵਾਂਗ ਵਿਵਹਾਰ ਕੀਤਾ ਜਾਂਦਾ ਹੈ ਅਤੇ ਕਈਆਂ ਨੇ ਭਾਰਤ ਪਰਵਾਸ ਕਰ ਲਿਆ ਹੈ। ਮਨੁੱਖੀ ਅਧਿਕਾਰ ਕਮਿਸ਼ਨ ਦੇ ਪਾਕਿਸਤਾਨ ਦੇ ਅੰਕੜਿਆਂ ਅਨੁਸਾਰ, ਸਾਲ 2013 ਵਿਚ ਲਗਭਗ 1000 ਹਿੰਦੂ ਪਰਿਵਾਰ ਪਾਕਿਸਤਾਨ ਛੱਡ ਗਏ। ਮਈ 2014 ਵਿਚ, ਸੱਤਾਧਾਰੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ.ਐਮ.ਐਲ.ਐਨ.) ਦੇ ਇਕ ਮੈਂਬਰ, ਡਾ: ਰਮੇਸ਼ ਕੁਮਾਰ ਵੈਂਕਵਾਨੀ ਨੇ ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਵਿਚ ਖੁਲਾਸਾ ਕੀਤਾ ਸੀ ਕਿ ਹਰ ਸਾਲ ਲਗਭਗ 5,000 ਹਿੰਦੂ ਪਾਕਿਸਤਾਨ ਤੋਂ ਭਾਰਤ ਪਰਵਾਸ ਕਰ ਰਹੇ ਹਨ।



ਪਾਕਿਸਤਾਨ ਨੇ ਆਪਣੀ ਮਰਦਮਸ਼ੁਮਾਰੀ 2017 ਵਿਚ ਦਲਿਤਾਂ ਨੂੰ ਹਿੰਦੂ ਧਰਮ ਨਾਲੋਂ ਵੱਖਰਾ ਧਰਮ ਐਲਾਨਿਆ। ਪਾਕਿਸਤਾਨ ਵਿਚ 19 ਸਾਲਾਂ ਬਾਅਦ ਮਰਦਮਸ਼ੁਮਾਰੀ ਹੋਈ। ਦੇਸ਼ ਨੂੰ ਅਬਾਦੀ ਦਾ ਇਕ ਸਹੀ ਅਨੁਮਾਨ ਹੋਣ ਨਸਲੀ ਅਤੇ ਧਾਰਮਿਕ ਘੱਟ ਗਿਣਤੀਆਂ ਦੀ ਸਥਿਤੀ ਬਾਰੇ ਵੀ ਇਕ ਜਾਣਕਾਰੀ ਮਿਲੀ।ਪਾਕਿਸਤਾਨ ਦੇ ਸਿੱਖ ਭਾਈਚਾਰੇ ਨੇ ਇਸ ਮੁੱਦੇ ਨੂੰ ਅਦਾਲਤਾਂ ਵਿੱਚ ਲਿਜਾਇਆ। ਇਸ ਤੋਂ ਬਾਅਦ, ਪੇਸ਼ਾਵਰ ਹਾਈ ਕੋਰਟ ਨੇ ਅਧਿਕਾਰੀਆਂ ਨੂੰ ਸਿੱਖਾਂ ਨੂੰ ਵੱਖਰੇ ਤੌਰ ਤੇ ਗਿਣਨ ਲਈ ਕਿਹਾ। ਸਿੱਖਾਂ ਨੂੰ ਵੱਖਰੇ ਗਿਣਿਆ ਜਾ ਰਿਹਾ ਹੈ।

ਪਾਕਿਸਤਾਨ ਨੇ ਅਸਲ ਵਿੱਚ ਐਲਾਨ ਕੀਤਾ ਸੀ ਕਿ 'ਅਨੁਸੂਚਿਤ ਜਾਤੀਆਂ' ਜਿਹਨਾ ਨੂੰ 'ਦਲਿਤ' ਵੀ ਕਿਹਾ ਜਾਂਦਾ ਹੈ ਉਹ ਹਿੰਦੂ ਨਹੀਂ ਹਨ। ਮਰਦਮਸ਼ੁਮਾਰੀ ਕਾਲਮ ਵਿਚ ਜਿੱਥੇ ਕਿਸੇ ਨੂੰ ਇਕ ਦੇ ਧਰਮ ਨੂੰ ਦਰਸਾਉਣ ਦੀ ਜ਼ਰੂਰਤ ਹੈ, ਹਿੰਦੂ ਧਰਮ ਤੋਂ ਇਲਾਵਾ "ਅਨੁਸੂਚਿਤ ਜਾਤੀਆਂ" ਇਕ ਵਿਕਲਪ ਰਖਿਆ। ਇਸ ਲਈ, ਕਿਸੇ ਨੂੰ ਜਾਂ ਤਾਂ ਆਪਣੇ ਆਪ ਨੂੰ ਹਿੰਦੂ ਜਾਂ ਦਲਿਤ ਵਜੋਂ ਦਰਸਾਉਣਾ ਸੀ।ਇਕ ਮੰਨਣਾ ਹੈ ਕਿ ਪਾਕਿਸਤਾਨ ਵਿਚ ਰਹਿ ਗਏ ਹਿੰਦੂਆਂ ਵਿਚੋਂ ਬਹੁਗਿਣਤੀ ਦਲਿਤ ਹਨ, ਜੋ ਅੱਜ ਵੀ ਹਿੰਦੂਆਂ ਤੋ ਪੀੜਤ ਹਨ। ਹਿੰਦੂ ਮੰਦਰਾਂ ਵਿਚ ਉਹਨਾਂ ਦਾ ਪ੍ਰਵੇਸ਼ ਵਰਜਿਤ ਹੈ। ਘੱਟ ਗਿਣਤੀਆਂ ਨੂੰ ਮਿਲਣ ਵਾਲੇ ਲਾਭ ਉਪਰ ਵਾਲੇ ਲੈ ਜਾਂਦੇ ਹਨ, ਉਹਨਾਂ ਤਕ ਨਹੀਂ ਪਹੁੰਚਦੇ। ਕਮਜੋਰ ਵਰਗ ਹੋਣ ਕਾਰਨ ਜਬਰ ਜੁਲਮ ਹਿੰਦੂਆਂ ਨਾਲੋ ਦਲਿਤਾਂ ਵਿਚ ਬਹੁਤ ਅਧਿਕ ਹੈ। ਉਹਨਾਂ ਨੂੰ ਵਿਤਕਰੇ, ਰੇਪ ਅਤੇ ਲੁੱਟ ਵਰਗੇ ਅਪਰਾਧਾਂ ਅਤੇ ਜ਼ਬਰੀ ਧਰਮ ਤਬਦੀਲੀਆਂ ਦਾ ਹਿੰਦੂਆਂ ਨਾਲੋ ਅਧਿਕ ਸਾਹਮਣਾ ਕਰਨਾ ਪੈਂਦਾ ਹੈ।

ਆਰਥਿਕ, ਸਮਾਜਿਕ ਅਤੇ ਸਿੱਖਿਆ ਵਲੋ ਪਛੜੇ ਹੋਣ ਤੋਂ ਇਲਾਵਾ, ਉਹ ਰਾਜਨੀਤਿਕ ਤੌਰ ਤੇ ਭੀ ਬੇਦਖਲ ਹੀ ਹਨ। ਪਾਕਿਸਤਾਨ ਸਰਕਾਰ ਦਾ ਕਹਿਣਾ ਹੈ ਕਿ ਇਹੀ ਕਾਰਨ ਹੈ ਕਿ ਹਿੰਦੂਆਂ ਨੂੰ ਮਰਦਮਸ਼ੁਮਾਰੀ ਵਿਚ ਐਸਸੀ ਵਰਗ ਦੀ ਗਣਨਾ ਦਾ ਅਲਗ ਕਰਨ ਦਾ ਕੰਮ ਕੀਤਾ ਹੈ।ਚਿੰਤਾ ਜ਼ਾਹਰ ਕਰਨ ਵਾਲਿਆਂ ਵਿਚੋਂ ਇਕ ਹੈ ਪਾਕਿਸਤਾਨ ਹਿੰਦੂ ਪ੍ਰੀਸ਼ਦ, ਜਿਸਦਾ ਸਰਪ੍ਰਸਤ-ਇਨ-ਚੀਫ਼ ਡਾ: ਰਮੇਸ਼ ਕੁਮਾਰ ਵੈਂਕਵਾਨੀ, ਜੋ ਕਿ ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਦਾ ਮੈਂਬਰ ਹੈ, ਨੇ ਇਸ ਕਦਮ ਦਾ ਵਿਰੋਧ ਕੀਤਾ ਹੈ। "2017 ਮਰਦਮਸ਼ੁਮਾਰੀ ਵਿਚ ਹਿੰਦੂਆਂ ਅਤੇ ਅਨੁਸੂਚਿਤ ਜਾਤੀਆਂ ਵਿਚ ਵੰਡਿਆ ਗਿਆ ਹੈ। ਪਾਕਿਸਤਾਨ ਹਿੰਦੂ ਪ੍ਰੀਸ਼ਦ ਦਾ ਮੰਨਣਾ ਹੈ ਕਿ ਦੇਸ਼ ਦੀ ਸਭ ਤੋਂ ਵੱਡੀ ਧਾਰਮਿਕ ਘੱਟ ਗਿਣਤੀ ਦੀ ਆਬਾਦੀ ਦੀ ਤਾਕਤ ਨੂੰ ਵੰਡਣ ਦੀ ਇਹ ਜਾਣਬੁੱਝ ਕੇ ਕੋਸ਼ਿਸ਼ ਕੀਤੀ ਗਈ ਹੈ।

ਦਲਿਤਾਂ ਨੂੰ ਆਰਥਿਕ, ਸਮਾਜਿਕ, ਰਾਜਨੀਤਿਕ ਤੌਰ ਤੇ ਅਗੇ ਵਧ ਬਰਾਬਰੀ ਉਤੇ ਆਉਣ ਦੇ ਮੌਕੇ ਦੇਣ ਤੋਂ ਗੁਰੇਜ ਕਰਨ ਦੇ ਮਾਮਲੇ ਵਿਚ ਭਾਰਤ, ਪਾਕ ਇਕੋ ਜਿਹੇ ਹੀ ਹਨ। ਵਸੀਲੇ ਅਤੇ ਸੰਸਾਧਨਾਂ ਦੀ ਵੰਡ ਨੂੰ ਧਾਰਮਿਕ ਅਧਾਰ ਦੇਣਾਂ ਕੋਝੀ ਸਾਜਿਸ ਦਾ ਹਿੱਸਾ ਹੈ। ਸਹਾਇਤਾ ਜਾਂ ਹਿੱਸੇਦਾਰੀ ਘੱਟ ਗਿਣਤੀਆਂ ਜਾਂ ਧਰਮ ਅਧਾਰਿਤ ਹੋਣ ਦਾ ਲਾਭ ਉੱਚ ਜਾਤੀਆਂ ਹੀ ਲੈ ਜਾਂਦੀਆਂ ਹਨ, ਅਨੁਸੂਚਿਤ ਵਰਗ ਦੇ ਹਿੱਸੇ ਕੁੱਝ ਵੀ ਨਹੀਂ ਆਉਂਦਾ। ਘੱਟ ਗਿਣਤੀਆਂ ਦਾ ਉੱਚ ਵਰਗ ਨਿਚਲੀਆਂ ਜਾਤੀਆਂ ਦਾ ਮਾਲ ਛਕ ਜਾਦੇ ਹਨ ਅਤੇ ਜੂਠਣ ਹੀ ਉਹਨਾਂ ਦੇ ਪਲੇ ਪੈਂਦੀ ਹੈ।

ਇਸ ਵਖਰੇ ਕਾਲਮ ਬਨਵਾਉਣ ਲਈ ਪਾਕਿਸਤਾਨ ਦੇ ਅਨੁਸੂਚਿਤ ਵਰਗ ਨੇ ਲੜਾਈਆਂ ਮੁੱਖ ਤੌਰ ਤੇ ਘਰੇਲੂ ਮੋਰਚੇ 'ਤੇ ਲੜੀਆਂ ਹਨ ਅਤੇ ਦਲਿਤ ਸਮਾਜਿਕ ਸੰਗਠਨਾਂ ਨੂੰ ਘੱਟ ਗਿਣਤੀਆਂ ਦੇ ਹਮਲਿਆਂ ਦਾ ਵੀ ਸਾਹਮਣਾ ਕਰਨਾ ਪਿਆ ਹੈ। ਦਲਿਤਾਂ ਨੂੰ ਗੈਰ-ਹਿੰਦੂ ਐਲਾਨਣ ਦੀ ਕੋਸ਼ਿਸ਼ ਤੋਂ ਇਲਾਵਾ, ਅਜ਼ਾਦੀ ਸਮੇ ਦੀ ਮੁਸਲਿਮ-ਦਲਿਤ ਏਕਤਾ ਬਾਰੇ ਵੀ ਗੱਲ ਕਰਨਾ ਬਣਦਾ ਹੈ। ਪਾਕਿਸਤਾਨ ਦੇ ਪਹਿਲੇ ਕਾਨੂੰਨ ਮੰਤਰੀ ਜੋਗਿੰਦਰ ਨਾਥ ਮੰਡਲ ਦੇ ਕੇਸ ਨੂੰ ਯਾਦ ਕਰਨਾ ਇਸ ਸਮੇਂ ਸਹੀ ਹੋਵੇਗਾ ਜੋ ਇੱਕ ਦਲਿਤ ਸੀ ਅਤੇ ਜਿਸਨੇ ਪਾਕਿਸਤਾਨ ਦੀ ਸਰਕਾਰ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਭਾਰਤ ਵਾਪਸ ਆ ਗਏ ਸਨ। ਜਦੋਂ ਉਸ ਨੂੰ ਅਹਿਸਾਸ ਹੋਇਆ ਸੀ ਕਿ ਮੁਸਲਿਮ-ਦਲਿਤ ਏਕਤਾ ਦੀ ਗੱਲਬਾਤ ਇੱਕ ਧੋਖਾ ਸੀ ਅਤੇ ਇਸਲਾਮਵਾਦੀ ਰਾਸ਼ਟਰ ਵਿਚ ਦਲਿਤ ਹਿੱਤ ਸੁਰੱਖਿਅਤ ਨਹੀਂ ਸਨ। ਇਹ ਕੋਸ਼ਿਸ਼ ਪਾਕਿਸਤਾਨ ਦੇ ਇਤਿਹਾਸ ਵਿਚ ਜੋਗਿੰਦਰ ਨਾਥ ਮੰਡਲ ਦੇ ਦੋਸ਼ ਤੋਂ ਮੁਕਤ ਹੋਣ ਦਾ ਕਦਮ ਹੈ। ਦਲਿਤਾਂ ਨੂੰ ਉਨ੍ਹਾਂ ਦਾ ਹੱਕ ਨਹੀਂ ਮਿਲ ਸਕਿਆ ਕਿਉਂਕਿ ਉਹ ਵੱਖਰੇ ਤੌਰ 'ਤੇ ਮਾਨਤਾ ਪ੍ਰਾਪਤ ਨਹੀਂ ਸਨ।

ਪਾਕਿਸਤਾਨ ਵੱਲੋਂ ਕੀਤੀ ਕੋਸ਼ਿਸ ਸੰਸਾਧਨਾ ਦੀ ਵੰਡ ਨੂੰ ਹਿੰਦੂ ਫੱਟਾ ਵਰਤ ਦਲਿਤਾਂ ਨੂੰ ਬੇਦਖਲ ਰਖਣ ਦੀ ਜਕੜ ਨੂੰ ਢਿੱਲਾ ਕਰੇਗਾ। ਇਸ ਦਾ ਸਵਾਗਤ ਕਰਨਾ ਬਣਦਾ ਹੈ। 2018 ਵਿੱਚ ਜਨਗਣਨਾ ਪੂਰੀ ਹੋਣ ਬਾਅਦ ਬੇਸ਼ਕ ਸਰਕਾਰੀ ਅੰਕੜੇ ਉਜਾਗਰ ਨਹੀਂ ਹੋਏ ਫਿਰ ਵੀ ਅਨੁਮਾਨ ਹੈ ਕਿ ਪਾਕਿਸਤਾਨ ਦੀ ਤਕਰੀਬਨ 80 ਲੱਖ ਸਰਕਾਰੀ ਤੌਰ 'ਤੇ ਸ਼੍ਰੇਣੀਬੱਧ' ਘੱਠ ਗਿਣਤੀ'ਆਬਾਦੀ, ਕੁੱਲ ਅਬਾਦੀ ਦਾ 4% ਹੈ। ਇਸ ਹਿੰਦੂ ਅਬਾਦੀ ਵਿਚੋਂ 80 ਫ਼ੀਸਦੀ ਦਲਿਤ ਹਨ। ਪਾਕ ਵਿਚ 42 ਵੱਖ-ਵੱਖ ਦਲਿਤ ਜਾਤੀਆਂ ਹਨ, ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਭੀਲ, ਮੇਘਵਾਲ, ਓਡ ਅਤੇ ਕੋਹਲੀ ਹਨ। ਜ਼ਿਆਦਾਤਰ ਪਾਕਿਸਤਾਨੀ ਦਲਿਤ ਸਿੰਧ ਵਿਚ ਰਹਿੰਦੇ ਹਨ, ਇਨ੍ਹਾਂ ਦੀ ਗਿਣਤੀ ਦੱਖਣੀ ਪੰਜਾਬ ਅਤੇ ਬਲੋਚਿਸਤਾਨ ਵਿਚ ਬਹੁਤ ਘੱਟ ਹੈ। ਭਾਰਤੀ ਦਲਿਤਾਂ ਨਾਲੋ ਬਹੁਤ ਹੀ ਗਰੀਬ ਹਨ ਅਤੇ ਵੱਡੇ ਪੱਧਰ 'ਤੇ ਅਨਪੜ੍ਹ ਹਨ ਅਤੇ ਤਰਸਯੋਗ ਹਾਲਤ ਵਿੱਚ ਗੁਜਾਰਾ ਕਰ ਰਹੇ ਹਨ। ਉਹ ਮੁੱਖ ਤੌਰ' ਤੇ ਖੇਤੀਬਾੜੀ ਮਜ਼ਦੂਰਾਂ, ਬਜ਼ੁਰਗਾਂ ਅਤੇ ਛੋਟੇ ਕਾਰੀਗਰਾਂ ਵਜੋਂ ਕੰਮ ਕਰਦੇ ਹੋਏ ਬਹੁਤ ਸਾਰੇ ਬੰਧੂਆ ਮਜਦੂਰਾਂ ਵਾਲੇ ਹਾਲਾਤ ਵਿਚ ਹਨ। ਸਿੰਧ, ਜਿਥੇ ਵੱਡੀ ਗਿਣਤੀ ਵਿਚ ਦਲਿਤ ਪਾਕਿਸਤਾਨ ਦੇ ਇਸ ਹਿੱਸੇ ਵਿੱਚ ਨਾਮਾਤਰ ਜ਼ਮੀਨੀ ਮਾਲਕੀ ਹੈ। ਵੱਡੇ ਲੈਂਡਲੌਰਡ ਦੀ ਛੋਟੀ ਜਿਹੀ ਜਮਾਤ ਜ਼ਿਆਦਾਤਰ ਜ਼ਮੀਨ ਦੇ ਮਾਲਕ ਹੈ, ਅਤੇ ਕੁਝ ਤਾਂ ਹਜ਼ਾਰਾਂ ਏਕੜ ਤੋਣ ਵੀ ਵੱਧ ਜਮੀਨ ਦੇ ਮਾਲਕ ਹਨ। ਸਿੰਧੀ ਕਿਸਾਨ ਹਿੰਦੂ, ਮੁਸਲਮਾਨ ਗਰੀਬ ਹਨ ਅਤੇ ਦਲਿਤਾਂ ਦੀ ਹਾਲਤ ਤਰਸਯੋਗ ਹੈ। ਕਈ ਦਲਿਤ ਕੱਚੀ ਮਿੱਟੀ ਦੀਆਂ ਦੀਆਂ ਝੌਂਪੜੀਆਂ ਵਿਚ ਰਹਿੰਦੇ ਹਨ। ਦਿਹਾਤੀ ਸਿੰਧ ਇਲਾਕੇ ਵਿਚ ਇਕ ਵੀ ਬਸੇਰਾ ਵੇਖੇ ਬਿਨਾਂ ਕੋਈ ਵੀ ਮੀਲਾਂ ਦੀ ਯਾਤਰਾ ਕਰ ਸਕਦਾ ਹੈ। ਕਾਰਨ, ਬਹੁਤ ਸਾਰੀ ਬੇਅਬਾਦ ਜ਼ਮੀਨ ਅਜਿਹੇ ਭੂਮੀਪਤੀਆਂ ਦੀ ਹੈ ਜੋ ਸਿੰਧ ਦੇ ਸਭ ਤੋਂ ਵੱਡੇ ਸ਼ਹਿਰਾਂ ਹੈਦਰਾਬਾਦ ਅਤੇ ਕਰਾਚੀ ਵਿਚ ਅਲੀਸ਼ਾਨ ਮਕਾਨਾਂ ਵਿਚ ਰਹਿੰਦੇ ਹਨ।

ਹੇਠਲੇ ਸਿੰਧ ਦੇ ਬਹੁਤ ਸਾਰੇ ਹਿੱਸੇ ਵਿਚ, ਦਲਿਤ ਖੇਤੀਬਾੜੀ ਕਾਮੇ 70 ਪ੍ਰਤੀਸ਼ਤ ਹਨ। ਸਥਾਨਕ ਭੂਮੀਪਤੀ ਮੁਸਲਿਮ ਦਲਿਤਾਂ ਨੂੰ ਜਮੀਨ ਪਟੇ ਉਤੇ ਦੇਣ ਨੂੰ ਤਰਜੀਹ ਦਿੰਦੇ ਹਨ ਕਿਉਂਕਿ ਉਹ ਕਮਜੋਰ, ਘੱਟ ਬੋਲਣ ਵਾਲੇ ਅਤੇ ਵਧੇਰੇ ਮਿੱਹਨਤ ਕਰਨ ਵਾਲੇ ਹਨ। ਸ਼ਾਇਦ ਹੀ ਕੋਈ ਦਲਿਤ ਆਪਣੀ ਜ਼ਮੀਨ ਦਾ ਮਾਲਕ ਹੋਵੇ, ਅਤੇ ਉਹ ਆਪਣੇ ਪ੍ਰੀਵਾਰ ਦੇ ਗੁਜਾਰੇ ਲਈ ਪੂਰੀ ਤਰ੍ਹਾਂ ਭੂਮੀ-ਮਾਲਕਾਂ 'ਤੇ ਨਿਰਭਰ ਹਨ। ਸਿੰਧ ਦੇ ਕੁਝ ਹਿੱਸਿਆਂ ਵਿਚ ਦਲਿਤ ਬੰਧੂਆ ਮਜ਼ਦੂਰਾਂ ਵਜੋਂ ਕੰਮ ਕਰਦੇ ਹਨ, ਸ਼ਕਤੀਸ਼ਾਲੀ ਭੂਮੀਪਤੀ ਦੇ ਨਿੱਜੀ ਬਾਹੂਬਲੀਆਂ ਤੋਂ ਬਚ ਕੇ ਨਿਕਲਣਾ ਨਾਂ ਮੁਮਕਿਨ ਹੈ। ਦਲਿਤਾਂ ਲਈ ਕੋਈ ਵਿਸ਼ੇਸ਼ ਸਰਕਾਰੀ ਵਿਕਾਸ ਯੋਜਨਾਵਾਂ ਨਹੀਂ ਹਨ। ਇਹ ਬੜੀ ਹੈਰਾਨੀ ਵਾਲੀ ਗੱਲ ਹੈ।

ਦਿਹਾਤੀ ਸਿੰਧ ਵਿਚ ਦਲਿਤਾਂ ਨੂੰ ਪੁਰਾਤਨ ਭਾਰਤ ਦੀ ਤਰਾ ਹੀ ਜ਼ੁਲਮਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਿੰਡਾਂ ਵਿਚ ਖਾਣ ਪੀਣ ਲਈ ਦਲਿਤਾਂ ਲਈ ਵੱਖਰੇ ਭਾਂਡੇ ਹਨ ਅਤੇ ਛੋਟੇ ਸ਼ਹਿਰਾਂ ਵਿੱਚ ਵੱਖਰੇ ਦਲਿਤ ਰੈਸਟੋਰੈਂਟ ਹਨ। ਆਮ ਤੌਰ 'ਤੇ' ਉੱਚ 'ਜਾਤੀ ਦੇ ਹਿੰਦੂ ਅਤੇ ਮੁਸਲਮਾਨ ਦਲਿਤਾਂ ਦੁਆਰਾ ਤਿਆਰ ਕੀਤਾ ਭੋਜਨ ਨਹੀਂ ਖਾਂਦੇ ਹਨ। ਲੈਂਡਲੌਰਡਾ ਦੁਆਰਾ ਦਲਿਤ ਔਰਤਾਂ ਨੂੰ ਅਗਵਾ ਕਰਨ ਦੇ ਮਾਮਲੇ ਆਮ ਹਨ। ਅਕਸਰ ਇਸ ਦੇ ਨਤੀਜੇ ਵਜੋਂ ਔਰਤਾਂ ਆਪਣੀ ਮਰਜ਼ੀ ਦੇ ਵਿਰੁੱਧ ਇਸਲਾਮ ਧਰਮ ਬਦਲਦੀਆਂ ਹਨ। ਦਲਿਤ ਵਿਦਿਆਰਥੀ ਨਿਯਮਿਤ ਤੌਰ 'ਤੇ ਆਪਣੇ ਸਹਿਪਾਠੀਆਂ ਦੁਆਰਾ ਸਕੂਲ ਵਿੱਚ ਦੁਰਵਿਹਾਰ ਕੀਤੇ ਜਾਣ ਦੀ ਸ਼ਿਕਾਇਤ ਕਰਦੇ ਹਨ। ਆਪਣੀ ਗਰੀਬੀ ਤੋਂ ਇਲਾਵਾ, ਦੁਰਵਿਵਹਾਰ ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਆਪਣੀ ਪੜਾਈ ਅਧੂਰੀ ਛੱਡਣ ਲਈ ਮਜਬੂਰੀ ਬਣਜਾਂਦਾ ਹੈ। ਨੌਕਰੀਆਂ ਦੇ ਮਾਮਲੇ ਵਿੱਚ ਉਨ੍ਹਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਬਹੁਤ ਸਾਰੇ ਦਲਿਤ ਮਾਪੇ ਉੱਚ ਸਿੱਖਿਆ ਬਹੁਤ ਮਹਿੰਗੀ ਕਾਰਨ ਬਚਿਆਂ ਨੂੰ ਪੜ੍ਹਾ ਨਹੀਂ ਪਾਉਦੇ। ਭਾਰਤ ਵਿਚ ਬਾਬਰੀ ਮਸਜਿਦ ਦੇ ਮਾਮਲੇ ਕਾਰਨ ਮੁਸਲਮਾਨਾਂ ਦੁਆਰਾ ਹਿੰਦੂਆਂ ਦੀ ਲੁੱਟਮਾਰ ਦੇ ਮੱਦੇਨਜ਼ਰ, ਪਾਕਿਸਤਾਨ ਦੇ ਦਲਿਤਾਂ ਦੇ ਹਾਲਾਤ ਹੋਰ ਵੀ ਭਿਆਨਕ ਹੋ ਜਾਂਦੇ ਹਨ। ਕੁਝ ਦਲਿਤ ਅਤੇ ਜਾਤੀ ਹਿੰਦੂ ਵੀ ਸਿੰਧ ਵਿਚ ਭੀੜ ਦੁਆਰਾ ਮਾਰੇ ਗਏ ਸਨ ਅਤੇ ਬਹੁਤ ਸਾਰੇ ਮੰਦਿਰ ਢਾਹੇ ਗਏ ਸਨ। ਇਸ ਵਿਚ ਵਾਧਾ ਕਰਨ ਵਿਚ ਕੱਟੜਪੰਥੀ ਇਸਲਾਮਿਕ ਗਰੁਪਾਂ ਦਾ ਪ੍ਰਭਾਵ ਹੁੰਦਾ ਹੈ।ਭਾਰਤ ਵਿਚ ਮੁਸਲਿਮ ਵਿਰੋਧੀ ਮਹੌਲ ਪਾਕਿਸਤਾਨੀ ਹਿੰਦੂਆਂ ਅਤੇ ਦਲਿਤਾਂ ਦਾ ਭਵਿੱਖ ਭਾਰਤ ਦੇ ਸਮਾਜਿਕ ਹਾਲਾਤਾਂ ਉਤੇ ਬਹੁਤਾ ਨਿਰਭਰ ਕਰਦਾ ਹੈ ਕਿ ਭਾਰਤ ਵਿੱਚ ਮੁਸਲਮਾਨਾਂ ਨਾਲ ਕਿਵੇਂ ਦਾ ਵਿਵਹਾਰ ਕੀਤਾ ਜਾਂਦਾ ਹੈ। ਜਦੋਂ ਵੀ ਇਥੇ ਮੁਸਲਮਾਨਾਂ 'ਤੇ ਹਮਲਾ ਹੁੰਦਾ ਹੈ, ਪਾਕਿਸਤਾਨੀ ਦਲਿਤ ਅਤੇ ਹਿੰਦੂਆਂ ਨੂੰ ਇਸ ਦੀ ਪ੍ਰਤੀ ਕਿਰਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਪਾਕਿਸਤਾਨੀ ਦਲਿਤਾਂ ਵਿੱਚ ਵੱਧ ਰਹੀ ਅਸੁਰੱਖਿਆਤਾ ਨੇ ਭਾਰਤ ਪਰਵਾਸ ਵਿੱਚ ਵਾਧਾ ਕੀਤਾ ਹੈ। 'ਬਹੁਤ ਸਾਰੇ ਪਾਕਿਸਤਾਨੀ ਦਲਿਤ ਮੂਲ ਰੂਪ ਤੋਂ ਰਾਜਸਥਾਨ ਦੇ ਹਨ, ਜਿਹੜੇ 1947 ਤੋਂ ਪਹਿਲਾਂ ਪਾਕਿਸਤਾਨ ਆ ਗਏ ਹਨ। ਇਸ ਲਈ, ਉਹ ਕੁਦਰਤੀ ਤੌਰ' ਤੇ ਭਾਰਤ ਵਿਚ ਆਪਣੇ ਰਿਸ਼ਤੇਦਾਰਾਂ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ।

ਰਾਜਸਥਾਨ ਅਤੇ ਗੁਜਰਾਤ ਦੀ ਸਰਹੱਦ ਨਾਲ ਲੱਗਦੇ ਪਾਕਿਸਤਾਨ ਦੇ ਇਕਲੌਤੇ ਹਿੰਦੂ ਬਹੁਗਿਣਤੀ ਜ਼ਿਲ੍ਹੇ ਥਾਰ ਪਾਰਕਰ ਵਿਚ, ਦਲਿਤਾਂ ਦੇ ਹਾਲਾਤ ਵੀ ਤਰਸਯੋਗ ਹੈ। 'ਉੱਚ' ਜਾਤੀ ਦੇ ਹਿੰਦੂ ਰਾਜਪੂਤ ਲੈਂਡਲੌਰਡ, ਬ੍ਰਾਹਮਣ ਅਤੇ ਬਾਣੀਆ ਦੇ ਆਮ ਤੌਰ 'ਤੇ ਦਲਿਤ ਅਧੀਨ ਹੁੰਦੇ ਹਨ। ਚੋਣ ਸਮੇਂ, ਜਾਤੀ ਹਿੰਦੂ ਉਮੀਦਵਾਰਾਂ ਖਿਲਾਫ ਚੋਣ ਲੜਨ ਦੀ ਹਿੰਮਤ ਕਰਨ ਵਾਲੇ ਦਲਿਤਾਂ ਨੂੰ ਆਮ ਤੌਰ 'ਤੇ ਪ੍ਰੇਸ਼ਾਨ ਕੀਤਾ ਜਾਂਦਾ ਹੈ ਅਤੇ ਕੁਝ ਮਾਰੇ ਵੀ ਜਾ ਚੁੱਕੇ ਹਨ। ਸਰਕਾਰ ਉਹਨਾ ਦੀ ਸੁਰੱਖਿਆ ਲਈ ਕੋਈ ਕਾਰਗਰ ਕਦਮ ਨਹੀਂ ਉਠਾਉਂਦੀ। ਭਾਰਤ ਦੀ ਤਰਾਂ ਦਲਿਤਾਂ ਦੀ ਸੁਰਖਿਆ ਲਈ ਕੋਈ ਵਿਸ਼ੇਸ ਅਧਿਕਾਰ ( SPECIAL PROTECTION) ਜਾਂ ਐਸਸੀ, ਐਸਟੀ ਕਮਿਸਨ ਵੀ ਨਹੀਂ ਹਨ। ਨਿਰੰਤਰ ਵਿਤਕਰੇ ਦੇ ਵਿਰੋਧ ਵਜੋਂ, ਬਹੁਤ ਸਾਰੇ ਦਲਿਤ ਇਸਾਈ ਧਰਮ ਵਿੱਚ ਤਬਦੀਲ ਹੋ ਗਏ, ਵਿਦੇਸ਼ੀ ਫੰਡ ਦੇ ਕੇ ਸਹਾਇਤਾ ਕਰਨ ਵਾਲੇ ਮਿਸ਼ਨਰੀ ਸਮੂਹ ਸਰਗਰਮ ਹਨ। ਦਿਲਚਸਪ ਗੱਲ ਇਹ ਹੈ ਕਿ ਇੱਥੇ ਕੋਈ ਵੀ ਇਸਲਾਮੀ ਮਿਸ਼ਨਰੀ ਸੰਗਠਨ ਦਲਿਤਾਂ ਵਿੱਚ ਕੰਮ ਨਹੀਂ ਕਰ ਰਹੇ ਜੋ ਪੁਰਾਤਨ ਭਾਰਤ ਵਿੱਚ ਧਰਮ ਪ੍ਰੀਵਰਤਨ ਦੇ ਕੰਮ ਕਰਦੇ ਰਹੇ ਹਨ। ਪਾਕਿਸਤਾਨੀ ਦਲਿਤਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਲਈ ਸੰਗਠਿਤ ਕਰਨਾ ਇਕ ਬਹੁਤ ਵੱਡਾ ਕੰਮ ਹੈ। ਦਲਿਤ ਸਾਖਰਤਾ ਦਾ ਨਾਂ ਹੋਣਾ ਵੱਖ-ਵੱਖ ਦਲਿਤ ਜਾਤੀਆਂ ਵਰਗਾਂ ਨੂੰ ਇਕੱਠਿਆਂ ਲਿਆਉਣ ਵਿੱਚ ਮੁਸ਼ਕਲ ਦੇ ਵੱਡਾ ਕਾਰਨ ਹੈ। 'ਉਨ੍ਹਾਂ ਵਿਚ ਬ੍ਰਾਹਮਣਵਾਦੀ ਸੋਚ ਨੇ ਦਲਿਤ ਜਾਤੀਆਂ ਵਿਚ ਊੱਚ ਨੀਚ ਦੀ ਬਿਮਾਰੀ ਨੇ ਕਮਜੋਰ ਕਰ ਦਿੱਤਾ ਹੈ। ਸਮੇ ਦੇ ਬਦਲਾਓ ਅਤੇ ਸਿੱਖਿਆ ਦੇ ਅਸਰ ਦਿਖਾਈ ਦਿੰਦਾਹੈ। ਪਾਕਿਸਤਾਨ ਦੇ ਕੁਝ ਸੰਗਠਨ ਅੰਬੇਦਕਰਵਾਦੀ ਗਰੁੱਪ ਵਜੋਂ ਜਾਣੇ ਜਾਂਦੇ ਹਨ। ਪਾਕਿਸਤਾਨੀ ਦਲਿਤ ਮੰਨਦੇ ਹਨ ਕਿ 'ਹਿੰਦੂਵਾਦ' ਉਹਨਾਂ ਦੀਆਂ ਮੁਸ਼ਕਲਾਂ ਦਾ ਹੱਲ ਨਹੀਂ ਹੈ। ਕਿਉਂਕਿ ਇਹ ਉਹ ਦੇਖ ਚੁੱਕੇ ਹਨ ਕਿ ਘੱਟ ਗਿਣਤੀਆਂ ਲਈ ਰਾਖਵੇਂ ਕਰ ਦੀ ਲੜਾਈ ਇੱਕਠਿਆਂ ਲੜੀ ਸੀ। ਪਰ ਘੱਟ ਗਿਣਤੀ ਦੀਆਂ ਰਾਖਵੀਆਂ ਸ਼ੀਟਾ ਵਿਚੋ ਦਲਿਤਾਂ ਨੂੰ ਬਣਦੇ ਹਿੱਸੇ ਵਿੱਚੋਂ ਕੋਈ ਵੀ ਹਿੱਸਾ ਨਹੀਂ ਦਿਤਾ। ਸਾਂਝੀ ਲੜਾਈ ਵਿਚ ਉੱਚ ਜਾਤੀ ਦੇ ਅਧਿਕਾਰ ਨੂੰ ਹੋਰ ਮਜ਼ਬੂਤੀ ਮਿਲੀ। ਦਲਿਤਾਂ ਨੂੰ ਹੱਕ ਮਿਲਣ ਦੀ ਬਜਾਏ ਉੱਚ ਜਾਤੀਆਂ ਦੇ ਸਾਹਮਣੇ ਹੋਰ ਕਮਜ਼ੋਰ ਹੋਏ।

ਪਾਕਿਸਤਾਨ ਦੇ ਸਭ ਤੋਂ ਵੱਡੇ ਦਲਿਤ ਮੰਦਰ, ਟੰਡੋ ਅੱਲ੍ਹਾਯਾਰ ਵਿਚ ਸਥਿਤ, ਮੇਘਵਾਲ, ਜੋ ਇਸਮਾਲੀ ਸ਼ੀਆ ਧਰਮ ਵਿਚ ਤਬਦੀਲ ਹੋਣ ਵਾਲੇ, ਰਾਮਦੇਵ ਪੀਰ ਨੂੰ ਸਮਰਪਿਤ ਹਨ ਦੇ ਕੇਸ ਦਾ ਜਿਕਰ ਕਰਨਾ ਜਰੂਰੀ ਹੈ। ਹਰ ਸਾਲ, ਪੀਰ ਦੇ ਸਾਲਾਨਾ ਮੇਲੇ ਦੌਰਾਨ, ਪੂਰੇ ਪਾਕਿਸਤਾਨ ਤੋਂ ਕਈ ਲੱਖ ਦਲਿਤ ਇਸ ਅਸਥਾਨ 'ਤੇ ਇਕੱਠੇ ਹੁੰਦੇ ਹਨ। ਇਸ ਅਸਥਾਨ ਉਤੇ ਹੁਣ ਬ੍ਰਾਹਮਣ ਪੁਜਾਰੀ ਨੇ ਕਬਜ਼ਾ ਕਰ ਲਿਆ ਹੈ। ਦਲਿਤਾਂ ਨੇ ਉਨ੍ਹਾਂ ਨੂੰ ਮੰਦਰ ਲਈ ਜੋ ਪੈਸਾ ਦਿੱਤਾ ਹੈ, ਉਹ ਪ੍ਰਬੰਧਕ ਕਮੇਟੀ ਤੇ ਹਾਵੀ ਹੋਣ ਵਾਲੇ ਪੁਜਾਰੀ ਅਤੇ ਇਸ ਦੇ ਕਬਜਾ ਬ੍ਰਾਹਮਣ ਲੈ ਗਏ ਹਨ। ਇਸ ਅਸਥਾਨ ਵਿਚ ਹੁਣ ਦਲਿਤਾਂ ਦੀ ਕੋਈ ਭੂਮਿਕਾ ਨਹੀਂ ਹੈ, ਜਿਸ ਨੂੰ ਬ੍ਰਾਹਮਣੀ ਮੰਦਰ ਵਿਚ ਤਬਦੀਲ ਕਰ ਦਿੱਤਾ ਗਿਆ ਹੈ, ਜਿਸ ਵਿਚ ਵੱਖ-ਵੱਖ ਹਿੰਦੂ ਦੇਵਤਿਆਂ ਦੀਆਂ ਮੂਰਤੀਆਂ ਨੂੰ ਉਥੇ ਸਥਾਪਿਤ ਕਰ ਦਿਤਾ ਗਿਆ ਹੈ।

ਫਿਰ ਵੀ, ਪਾਕਿਸਤਾਨ ਵਿਚ ਦਲਿਤ ਹੁਣ ਚੁੱਪ ਨਹੀਂ ਹਨ ਅਤੇ ਗ਼ੈਰ-ਸਰਕਾਰੀ ਸੰਗਠਨਾਂ ਅਤੇ ਸਮਾਜ ਸੇਵੀ ਸੰਸਥਾਵਾਂ, ਜਿਨ੍ਹਾਂ ਵਿਚ ਕੁਝ ਮੁਸਲਮਾਨ ਪਿਛੋਕੜ ਸ਼ਾਮਲ ਹਨ, ਦੀ ਸਹਾਇਤਾ ਨਾਲ ਉਨ੍ਹਾਂ ਦੀਆਂ ਮੰਗਾਂ ਨੂੰ ਸੁਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹਜਾਰਾਂ ਕਠਨਾਈਆਂ ਦੇ ਬਾਵਜੂਦ ਪਾਕਿਸਤੀਨੀ ਦਲਿਤ ਸੰਘਰਸ਼ ਕਰ ਰਹੇ ਹਨ। ਸੰਗਠਨ ਬਣਾ ਵਿਰੋਧ ਦਰਜ ਕਰਵਾ ਰਹੇ ਹਨ। ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਦੇ ਮੈਂਬਰ, ਕਿਸ਼ਨ ਭੀਲ ਨੇ ਉਸ ਸਮੇਂ ਇੱਕ ਵੱਡੀ ਹਲਚਲ ਮਚਾ ਦਿੱਤੀ ਸੀ ਜਦੋਂ ਉਸਨੇ ਇੱਕ ਮੌਲਵੀ ਮੈਂਬਰ ਨੂੰ ਆਪਣੇ ਧਰਮ ਦੀ ਨਿਖੇਧੀ ਕਰਨ ਦੇ ਕਾਰਨ ਅਸੈਂਬਲੀ ਦੇ ਥੱਪੜ ਮਾਰ ਦਿੱਤਾ। ਅਤੇ ਦਿਹਾਤੀ ਸਿੰਧ ਏਰੀਏ ਵਿਚ, ਕੁਝ ਭੀਲ ਡਕੈਤਾਂ ਦੇ ਗਿਰੋਹ ਵਿਚ ਸ਼ਾਮਲ ਹੋ ਗਏ ਹਨ, ਜਿਨ੍ਹਾਂ ਦਾ ਕੰਮ ਮੁੱਖ ਤੌਰ 'ਤੇ ਦਲਿਤਾਂ ਨਾਲ ਹੋਣ ਵਾਲੀ ਧੱਕੇਸ਼ਾਹੀ ਦਾ ਵਿਰੋਧ ਅਤੇ ਦਲਿਤਾਂ ਦਾ ਸਹਿਯੋਗ ਦੇਣਾ ਹੈ।

## 28 ਸਤੰਬਰ ਜਨਮ ਦਿਨ ’ਤੇ ਵਿਸ਼ੇਸ਼

# ਦੇਸ਼ ਦੇ ਲਈ ਆਦਰਸ਼ ਹਨ -ਸ਼ਹੀਦ -ਏ-ਆਜ਼ਮ ਭਗਤ ਸਿੰਘ

ਭਾਰਤ ਦੇ ਪ੍ਰਮੱਖ ਸਵਤੰਤਰਤਾ ਸੈਨਾਨੀਆਂ ਅਤੇ ਦੇਸ਼ ਲਈ ਮਰ ਮਿਟਣ ਵਾਲੇ ਸ਼ਹੀਦ ਭਗਤ ਸਿੰਘ ਅੱਜ ਉਨ੍ਹਾਂ ਸਾਰੇ ਨੌਜੁਆਨਾ ਦੇ ਆਰਸ਼ ਹਨ ਜੋ ਦੇਸ਼ ਦੇ ਲਈ ਜਿਉਂਦੇ ਹਨ। ਆਪਣੀ 23 ਸਾਲ ਦੀ ਛੋਟੀ ਉਮਰ ’ਚ ਦੇਸ਼ ਦੇ ਲਈ ਉਨ੍ਹਾਂ ਨੇ ਆਪਣੀ ਜਾਣ ਵਾਰ ਦਿੱਤੀ । ਭਗਤ ਸਿੰਘ ਨੇ ਦੇਸ਼ ’ਤੇ ਕੁਰਬਾਨ ਹੋਣ ਦੇ ਲਈ ਆਪਣੀ ਨਿੱਜੀ ਜਿੰਦਗੀ ਦਾ ਤਿਆਗ ਕਰ ਦਿੱਤਾ ਅਤੇ ਹੱਸਦੇ-ਹੱਸਦੇ ਫਾਂਸੀ ’ਤੇ ਲਟਕ ਗਏ। ਉਨ੍ਹਾਂ ਦਾ ਇਹ ਅਮਰ ਬਲਿਦਾਨ ਦੇਸ਼ ’ਚ ਆਜਾਦੀ ਦੇ ਲਈ ਇੱਕ ਬਹੁਤ ਵੱਡੀ ਚਿੰਗਾਰੀ ਪੈਦਾ ਕਰ ਗਿਆ ਜਿਸਦਾ ਨਤੀਜਾ 15 ਅਗਸਤ 1947 ਨੂੰ ਦੇਸ਼ ਦਾ ਆਜਾਦ ਹੋਣਾ ਹੈ।ਭਾਰਤ ਦੇ ਮਹਾਨ ਅਮਰ ਸ਼ਹੀਦ ਭਗਤ ਸਿੰਘ ਦਾ ਜਨਮ 28 ਸਤੰਬਰ ਸਨ 1907 ਨੂੰ ਲਾਇਲਪੁਰ ਜਿਲ੍ਹੇ ਦੇ ਪਿੰਡ ਬੰਗਾ ’ਚ ਇਕ ਸਿੱਖ ਪਰਿਵਾਰ ’ਚ ਹੋਇਆ।ਇਹਨਾਂ ਦੇ ਪਿਤਾ ਸਰਦਾਰ ਕਿਸ਼ਨ ਸਿੰਘ ਆਪਣੇ ਚਾਰ ਭਰਾਵਾਂ ਸਮੇਤ ਸੈਂਟਰਲ ਜੇਲ ’ਚ ਸਨ।ਮਾਂ ਵਿਦਿਆਵਤੀ ਦੀ ਧਾਰਮਿਕ ਭਾਵਨਾ ਦਾ ਭਗਤ ਸਿੰਘ ’ਤੇ ਕਾਫੀ ਪ੍ਰਭਾਵ ਸੀ।

ਇਹਨਾਂ ਦੇ ਪਰਿਵਾਰ ’ਚ ਦੇਸ਼ ਭਗਤੀ ਦੀ ਭਾਵਨਾ ਕੁੱਟ -ਕੁੱਟ ਕੇ ਭਰੀ ਹੋਈ ਸੀ। 13 ਅਪ੍ਰੈਲ ਸਨ 1919 ਨੂੰ ਅਮ੍ਰਿਤਸਰ ’ਚ ਹੋਈ ਜੱਲ੍ਹਿਆਂਵਾਲੇ ਬਾਗ ਦੀ ਘਟਨਾ ਦਾ ਭਗਤ ਸਿੰਘ ’ਤੇ ਬਹੁਤ ਡੂੰਘਾ ਅਸਰ ਪਿਆ ਅਤੇ ਇਹਨਾਂ ਦੀ ਸੋਚ ਵਿੱਚ ਬੜਾ ਬਦਲਾਅ ਆਇਆ। ਇਸ ਘਟਨਾ ਦੇ ਸਮੇਂ ਭਗਤ ਸਿੰਘ ਸਿਰਫ 12 ਸਾਲ ਦੇ ਸਨ। ਉਹ ਆਪਣੇ ਘਰ ਵਿੱਚ ਕ੍ਰਾਂਤੀਕਾਰੀ ਕਿਤਾਬਾਂ ਪੜ੍ਹਦੇ ਰਹਿੰਦੇ ਸਨ।ਉਨ੍ਹੀਂ ਦਿਨੀਂ ਭਾਰਤ ’ਚ 2 ਮੁੱਖ ਵਿਚਾਰਾਂ ਦਾ ਬੋਲਬਾਲਾ ਸੀ। ਇੱਕ ਮਹਾਤਮਾ ਗਾਂਧੀ ਜੀ ਦੇ ਜੋ ਕਿ ਅਹਿੰਸਾ ਵਾਲੇ ਵਿਚਾਰ ਸਨ ਅਤੇ ਦੂਜੇ ਕ੍ਰਾਂਤੀਕਾਰੀਆਂ ਵਾਲੀ ਹਿੰਸਾਤਮਕ ਸੋਚ ਸੀ। ਉਦੋਂ ਭਗਤ ਸਿੰਘ ਇਸ ਸੋਚ ਵਿਚਾਰ ’ਚ ਪੈ ਗਏ ਕਿ ਆਖਿਰ ਉਨ੍ਹਾਂ ਨੇ ਕਿਹੜਾ ਰਸਤਾ ਚੁਣਨਾ ਹੈ-ਅਹਿੰਸਾ ਜਾਂ ਕ੍ਰਾਤੀਕਾਰੀ ਵਿਚਾਰਧਾਰਾ। ਆਖਿਰ ’ਚ ਉਨ੍ਹਾਂ ਨੇ ਹੋਰ ਨੌਜੁਆਨਾ ਦੇ ਵਾਗ ਆਜਾਦੀ ਦੇ ਲਈ ਕ੍ਰਾਂਤੀ ਦਾ ਰਾਹ ਅਪਣਾਇਆ। ਨੈਸ਼ਨਲ ਕਾਲਜ ਲਾਹੌਰ ’ਚ ਇਹ ਸੁਖਦੇਵ ਅਤੇ ਯਸ਼ਪਾਲ ਨਾਲ ਮਿਲੇ। ਤਿੰਨੋ ਦੋਸਤ ਕ੍ਰਾਂਤੀ ਕਾਰੀ ਗਤੀਵਿਧੀਆਂ ’ਚ ਭਾਗ ਲੈਣ ਲੱਗ ਗਏ। ਸਨ 1926 ’ਚ ਲਾਹੌਰ ’ਚ ਉਨ੍ਹਾਂ ਨੇ ਨੌਜੁਆਨ ਸਭਾ ਦਾ ਗਠਨ ਕੀਤਾ। ਜਿਸਦਾ ਮਕਸਦ ਦੇਸ਼ਭਗਤੀ ਦੀ ਭਾਵਨਾ ਪੈਦਾ ਕਰਨਾ,ਦੇਸ਼ ਨੂੰ ਆਜਾਦ ਕਰਨਾ,ਆਰਥਕ ਸਮਾਜਿਕ ਅਤੇ ਉਦਯੋਗਿਕ ਅੰਦੋਲਨਾਂ ਨੂੰ ਸਹਿਯੋਗ ਦੇਣਾ, ਕਿਸਾਨ ਅਤੇ ਮਜਦੂਰਾਂ ਨੂੰ ਸੰਗਠਿਤ ਕਰਨਾ ਸੀ। ਨੈਸ਼ਨਲ ਕਾਲੇਜ਼ ਦੀ ਪੜ੍ਹਾਈ ਅਧੂਰੀ ਛੱਡ ਕੇ ਭਗਤ ਸਿੰਘ ਕ੍ਰਾਂਤੀਕਾਰੀ ਗਤੀਵਿਧੀਆਂ ’ਚ ਭਾਗ ਲੈਣ ਲੱਗ ਗਏ ਅਤੇ ਕਈ ਕ੍ਰਾਂਤੀਕਾਰੀ ਦਲਾਂ ਦੇ ਮੈਂਬਰ ਵੀ ਬਣੇ। ਇਸੇ ਦੌਰਾਨ ਇਹ ਕਾਨਪੁਰ ’ਚ ਕ੍ਰਾਂਤੀਕਾਰੀ ਅਤੇ ਦੇਸ਼ਭਗਤ ਗਣੇਸ਼ ਸ਼ੰਕਰ ਵਿਦਿਆਰਥੀ ਨਾਲ ਮਿਲੇ ਅਤੇ ਉਨ੍ਹਾਂ ਦੇ ਨਾਲ ਮਿਲ ਕੇ ਕ੍ਰਾਂਤੀਕਾਰੀ ਗਤੀਵਿਧੀਆਂ ਚਲਾਉਣ ਲੱਗੇ। ਇਹਨਾਂ ਨੂੰ ਕਰਤਾਰ ਸਿੰਘ ਸਰਾਭਾ ਨੇ ਵੀਰ ਸਾਵਰਕਰ ਦੀ ਕਿਤਾਬ (1857 ਦੀ ਪਹਿਲੀ ਆਜਾਦੀ ਦੀ ਲੜਾਈ) ਪੜ੍ਹਨ ਨੂੰ ਦਿੱਤੀ, ਜਿਸ ਨਾਲ ਭਗਤ ਸਿੰਘ ਕਾਫੀ ਪ੍ਰਭਾਵਿਤ ਹੋਏ। ਇਸ ਤੋਂ ਬਾਅਦ ਭਗਤ ਸਿੰਘ ਸਨ 1924 ’ਚ ਯੇਰਵੜਾ ਜੇਲ ’ਚ ਵੀਰ ਸਾਵਰਕਰ ਨਾਲ ਮਿਲਣ ਤੋਂ ਬਾਅਦ ਭਗਤ ਸਿੰਘ ਦੀ ਆਜਾਦੀ ਦੀ ਸੋਚ ’ਚ ਕਾਫੀ ਪਰਿਵਰਤਨ ਆ ਗਿਆ। ਸਾਵਰਕਰ ਨੇ ਭਗਤ ਸਿੰਘ ਦੀ ਮੁਲਾਕਾਤ ਚੰਦਰਸ਼ੇਖਰ ਆਜਾਦ ਨਾਲ ਕਰਵਾਈ ਅਤੇ ਉਹ ਉਨ੍ਹਾਂ ਦੇ ਦਲ ’ਚ ਸ਼ਾਮਲ ਹੋ ਗਏ। ਭਗਤ ਸਿੰਘ ਨੂੰ ਲਾਹੌਰ ’ਚ ਹਿੰਦੁਸਤਾਨ ਰਿਪਬਲਿਕ ਐਸੋਸੀਏਸ਼ਨ ਦਾ ਮੰਤਰੀ ਬਣਾਇਆ ਗਿਆ। ਇਸ ਤੋਂ ਬਾਅਦ ਕਾਕੋਰੀ ਕਾਂਡ ’ਚ ਜਦੋਂ ਰਾਮ ਪ੍ਰਸਾਦ ਬਿਸਮਿਲ ਅਤੇ ਹੋਰ 4 ਕ੍ਰਾਂਤੀਕਾਰੀਆਂ ਨੂੰ ਫਾਂਸੀ ਦਿੱਤੀ ਗਈ ਤਾਂ ਭਗਤ ਸਿੰਘ ਤੋਂ ਇਹ ਬਰਦਾਸ਼ਤ ਨਹੀਂ ਹੋ ਪਾਇਆ ਅਤੇ ਉਹਨਾਂ ਨੇ ਆਪਣੀ ਨੌਜੁਆਨ ਪਾਰਟੀ ਨੂੰ ਹਿੰਦੂਸਤਾਨ ਰਿਪਬਲਿਕਨ ਐਸੋਸ਼ੀਏਸ਼ਨ ’ਚ ਸ਼ਾਮਲ ਕਰ ਦਿੱਤਾ। ਭਗਤ ਸਿੰਘ ਜਦੋਂ ਬੀ ’ਚ ਪੜ੍ਹ ਰਹੇ ਸਨ ਤਾਂ ਉਨ੍ਹਾਂ ਦੇ ਪਿਤਾ ਨੇ ਭਗਤ ਸਿੰਘ ਦਾ ਵਿਆਹ ਕਰਨ ਦੀ ਸੋਚੀ। ਭਗਤ ਸਿੰਘ ਨੇ ਦੱਸਿਆ ਕਿ ਉਸਨੇ ਤਨ, ਮਨ ਅਤੇ ਧਨ ਨਾਲ ਦੇਸ਼ ਦੀ ਸੇਵਾ ਕਰਨ ਦੀ ਸੌਂਹ ਖਾ ਰੱਖੀ ਹੈ ਅਤੇ ਉਹ ਇਸ ਲੜਕੀ ਦੀ ਜਿੰਦਗੀ ਬਰਬਾਦ ਨਹੀਂ ਕਰਨਾ ਚਾਹੁੰਦਾ। ਇਸੇ ਕਾਰਨ ਭਗਤ ਸਿੰਘ ਨੇ ਵਿਆਹ ਕਰਨ ਤੋਂ ਮਨ੍ਹਾਂ ਕਰ ਦਿੱਤਾ । ਸਨ 1928 ’ਚ ਜਦੋਂ ਸਾਈਮਨ ਕਮੀਸ਼ਨ ਭਾਰਤ ਆਇਆ ਤਾਂ ਉਸਦਾ ਪੂਰੇ ਦੇਸ਼ ’ਚ ਬਹੁਤ ਵਿਰੋਧ ਹੋਇਆ। ਕਮੀਸ਼ਨ ਦੇ ਬਹਿਸ਼ਕਾਰ ਦੀ ਯੋਜਨਾ ਬਣਾਈ ਗਈ। ਅੰਗਰੇਜਾਂ ਨੇ ਪ੍ਰਦਰਸ਼ਨ ਕਰਨ ਵਾਲਿਆਂ ’ਤੇ ਲਾਠੀ ਚਾਰਜ ਕੀਤਾ ਜਿਸ ਵਿੱਚ ਲਾਲਾ ਲਾਜਪਤ ਰਾਏ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਬਾਅਦ ’ਚ ਉਨ੍ਹਾਂ ਦੀ ਮੌਤ ਹੋ ਗਈ।



ਇਸ ਘਟਨਾ ਤੋਂ ਬਾਅਦ ਭਗਤ ਸਿੰਘ ਨੂੰ ਕਾਫ਼ੀ ਝਟਕਾ ਲੱਗਿਆ। ਜਿਸ ਕਾਰਨ ਭਗਤ ਸਿੰਘ ਨੇ ਪੁਲਿਸ ਕਮੀਸ਼ਨਰ ਸਾਂਡਰਸ ਦੀ ਹੱਤਿਆ ਦੀ ਯੋਜਨਾ ਬਣਾਈ। ਫਿਰ ਰਾਜਗੁਰੂ, ਜੈ ਗੋਪਾਲ ਅਤੇ ਆਜਾਦ ਦੇ ਨਾਲ ਮਿਲ ਕੇ ਭਗਤ ਸਿੰਘ ਨੇ ਲਾਹੌਰ ਕੋਤਵਾਲੀ ਦੇ ਸਾਹਮਣੇ ਪੁਲਿਸ ਕਮੀਸ਼ਨਰ ਸਾਂਡਰਸ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਅਤੇ ਲਾਹੌਰ ਤੋਂ ਬਾਹਰ ਨਿੱਕਲ ਗਏ। ਭਗਤ ਸਿੰਘ ਨੂੰ ਪੂੰਜੀਪਤੀਆਂ ਵੱਲੋਂ ਮਜਦੂਰਾਂ ਦਾ ਸੋਸ਼ਣ ਕਰਨਾ ਪਸੰਦ ਨਹੀਂ ਸੀ । ਇਸ ਲਈ ਉਹ ਕੁਝ ਅਜਿਹਾ ਕਰਨਾ ਚਾਹੁੰਦਾ ਸੀ ਕਿ ਜਿਸ ਨਾਲ ਭਾਰਤਵਾਸੀਆਂ ਦੀਆਂ ਅੱਖਾਂ ਖੁਲ੍ਹਣ ਅਤੇ ਅੰਗੇਜ਼ੀ ਹਕੂਮਤ ’ਚ ਥੋੜ੍ਹਾਂ ਡਰ ਪੈਦਾ ਹੋਵੇ। ਇਸ ਕਾਰਨ ਭਗਤ ਸਿੰਘ ਨੇ ਦਿੱਲੀ ਦੀ ਕੇਂਦਰੀ ਅਸੈਂਬਲੀ ’ਚ ਬੰਮ ਸੁਟੱਣ ਦੀ ਯੋਜਨਾ ਬਣਾਈ। ਇਸ ਯੋਜਨਾ ’ਚ ਇਹ ਗੱਲ ਸ਼ਾਮਲ ਸੀ ਕਿ ਇਹ ਬੰਬ ਅਜਿਹੀ ਥਾਂ ’ਤੇ ਸੁੱਟਿਆ ਜਾਵੇਗਾ, ਜਿੱਥੇ ਉਸ ਸਮੇਂ ਕੋਈ ਮੌਜੂਦ ਨਾ ਹੋਵੇ ਅਤੇ ਕਿਸੇ ਦਾ ਕੋਈ ਨੁਕਸਾਨ ਨਾ ਹੋਵੇ। ਉਸ ਤੋਂ ਬਾਅਦ ਜੇਕਰ ਗ੍ਰਿਫਤਾਰੀ ਦਿੱਤੀ ਜਾਵੇਗੀ ਜਿਸ ਨਾਲ ਅੰਗੇਜਾਂ ਨੂੰ ਭਾਰਤੀਆਂ ’ਚ ਰੋਸ ਦਾ ਅਹਿਸਾਸ ਹੋਵੇਗਾ। ਯੋਜਨਾ ਦੇ ਤਹਿਤ ਇਸ ਕੰਮ ਦੇ ਲਈ ਸਾਰਿਆਂ ਦੀ ਸਹਿਮਤੀ ਨਾਲ ਪਾਰਟੀ ਵੱਲੋਂ ਭਗਤ ਸਿੰਘ ਅਤੇ ਬਟੂਕੇਸ਼ਵਰ ਦੱਤ ਦਾ ਨਾਂਅ ਚੁਣਿਆ ਗਿਆ ਅਤੇ ਨਿਰਾਧਾਤ ਦਿਨ ਦੇ ਮੁਤਾਬਕ 8 ਅਪੈਲ ਸਨ 1929 ’ਚ ਭਗਤ ਸਿੰਘ ਅਤੇ ਬਟੂਕੇਸ਼ਵਰ ਨੇ ਅਸੈਂਬਲੀ ’ਚ ਬੰਬ ਸੁੱਟਿਆ ਗਿਆ ਅਤੇ ਇਸ ਤੋਂ ਬਾਅਦ ਹੱਥਾਂ ’ਚ ਲਿਆਏ ਗਏ ਪਰਚਿਆਂ ਨੂੰ ਹਵਾ ’ਚ ਸੁੱਟ ਕੇ ਨਾਅਰੇ ਲਗਾਉਣ ਲੱਗੇ ।



**ਹਰਪ੍ਰੀਤ ਸਿੰਘ ਬਰਾੜ**
CERTIFIED COUNSELOR
ਸਾਬਕਾ ਡੀ ਓ ,174 ਮਿਲਟਰੀ ਹਸਪਤਾਲ
ਮੇਨ ਏਅਰ ਫੋਰਸ ਰੋਡ,ਬਠਿੰਡਾ

ਉਹਨਾਂ ਦੇ ਨਾਅਰੇ ਸਨ-ਇੰਕਲਾਬ ਜਿੰਦਾਬਾਦ, ਸਮਰਾਜਵਾਦ ਮੁਰਦਾਬਾਦ। ਜਿੱਥੇ ਉਥੇ ਪੁਲਿਸ ਆਈ ਤਾਂ ਉਹਨਾਂ ਨੇ ਆਪਣੀ ਗ੍ਰਿਫਤਾਰੀ ਦੇ ਦਿੱਤੀ। ਉਨ੍ਹਾਂ ਨੂੰ ਪੁਲਿਸ ਵੱਲੋਂ ਲਾਹੌਰ ਸੈਂਟਰਲ ਜੇਲ ’ਚ ਰੱਖਿਆ ਗਿਆ।

7 ਅਕਤੂਬਰ ਸਨ 1930 ਨੂੰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੀ ਸਜਾ ਸੁਣਾਈ ਗਈ ਅਤੇ ਆਪਣੀ ਫਾਂਸੀ ਤੋਂ ਪਹਿਲਾਂ 3 ਮਾਰਚ ਨੂੰ ਆਪਣੇ ਭਰਾ ਕੁਲਤਾਰ ਨੂੰ ਭੇਜੀ ਇਕ ਚਿੱਠੀ ’ਚ ਇਹ ਲਿਖਿਆ ਸੀ –

ਉਨ੍ਹਾਂ ਨੂੰ ਇਹ ਫਿਕਰ ਹੈ ਹਰਦਮ, ਨਵੀਂ ਤਰਜ –ਏ–ਜਫ਼ਾ ਕੀ ਹੈ ?
ਸਾਨੂੰ ਇਹ ਸ਼ੌਂਕ ਹੈ ਦੇਖੋ, ਸਿਤਮ ਦੀ ਇੰਤੇਹਾ ਕੀ ਹੈ ?
ਣਹਿਰ ਤੋਂ ਕਿਊ ਖਫਾ ਰਹੀਏ, ਚਰਖ ਦਾ ਕੀ ਗਿਲਾ ਕਰੀਏ ?
ਸਾਰਾ ਜਹਾਨ ਅਦੂ ਸਹੀ, ਆਓ ਮੁਕਾਬਲਾ ਕਰੀਏ।

ਭਗਤ ਸਿੰਘ, ਰਾਜਗੁਰੁ ਅਤੇ ਸੁਖਦੇਵ ਤਿੰਨਾਂ ਕ੍ਰਾਤੀਕਾਰੀਆਂ ਨੂੰ 23 ਮਾਰਚ ਸਨ 1931 ਨੂੰ ਫਾਂਸੀ ਦੇ ਦਿੱਤੀ ਗਈ । ਫਾਂਸੀ ਤੋਂ ਪਹਿਲਾਂ ਤਿੰਨਾਂ ਕ੍ਰਾਂਤੀਕਾਰੀ ਆਪਸ ’ਚ ਮਿਲੇ ਅਤੇ ਹੱਸਦੇ –ਹੱਸਦੇ ਫਾਂਸੀ ’ਤੇ ਲਟਕ ਗਏ। ਫਾਂਸੀ ’ਤੇ ਜਾਂਦੇ ਸਮੇਂ ਉਹ ਤਿੰਨੇ ਕ੍ਰਾਂਤੀਕਾਰੀ ਇਹ ਪੰਕਤੀਆਂ ਗੁਣਗੁਣਾ ਰਹੇ ਸਨ।

ਮੇਰਾ ਰੰਗ ਦੇ ਬਸੰਤੀ ਚੋਲਾ, ਮੇਰਾ ਰੰਗ ਦੇ
ਮੇਰਾ ਰੰਗ ਦੇ ਬਸੰਤੀ ਚੋਲਾ, ਮਾਏ ਰੰਗ ਦੇ ਬਸੰਤੀ ਚੋਲਾ।

ਅੱਜ ਵੀ ਦੇਸ਼ ਦੀ ਜਨਤਾ ਉਨ੍ਹਾ ਮਹਾਨ ਕ੍ਰਾਂਤੀਕਾਰੀ ਭਗਤ ਸਿੰਘ ਨੂੰ ਯਾਦ ਕਰਦੀ ਹੈ ਜਿਹਨਾਂ ਨੇ ਆਪਣੀ ਜਿੰਦਗੀ ਅਤੇ ਜਵਾਨੀ ਭਾਰਤ ਮਾ ਦੇ ਲਈ ਕੁਰਬਾਨ ਕਰ ਦਿੱਤੀ। ਅਜਿਹੇ ਮਹਾਨ ਰਾਸ਼ਟਰ ਭਗਤ ਨੂੰ ਮੇਰਾ ਲੱਖ –ਲੱਖ ਵਾਰ ਸਲਾਮ ਹੈ।

# ਗੁਰੂ ਨਾਨਕ ਦੇਵ ਜੀ ਦੀ ਬਾਣੀ ’ਤੇ ਵਿਚਾਰ-ਚਰਚਾ

ਜਲੰਧਰ- ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪੁਰਬ ਨੂੰ ਸਮਰਪਤ ਵਿਚਾਰ-ਚਰਚਾ ਨੇ ਸਿੱਟਾ ਕੱਢਿਆ ਕਿ ਬਾਬਾ ਨਾਨਕ ਦੀ ਸਿਰੜੀ ਘਾਲਣਾ ਨੇ ਸਦੀਆਂ ਤੋਂ ਦਰੜੀ ਲੋਕਾਈ ਚੌਤਰਫ਼ੇ ਸੰਕਟਾਂ ਵਿਚੋਂ ਕੱਢਕੇ ਫ਼ਿਰਕੇ, ਜਾਤ-ਪਾਤ, ਲੁੱਟ-ਖਸੁੱਟ, ਵਿਤਕਰੇ ਅਤੇ ਅਨਿਆਂ ਤੋਂ ਮੁਕਤ ਲੋਕ-ਮੁਖੀ ਜਮਹੂਰੀ ਅਤੇ ਸਾਂਝੀਵਾਲਤਾ ਭਰੇ ਨਵੇਂ-ਨਰੋਏ ਨਿਜ਼ਾਮ ਦੀ ਸਿਰਜਣਾ ਲਈ ਭਾਈ ਲਾਲੋਆਂ ਨੂੰ ਸੰਗਰਾਮ ਕਰਨ ਦਾ ਜਾਗ ਲਾਇਆ।

ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਅੰਦਰ ਹੋਈ ਵਿਚਾਰ-ਗੋਸ਼ਟੀ ’ਚ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ, ਸਹਾਇਕ ਸਕੱਤਰ ਡਾ.ਪਰਮਿੰਦਰ, ਖਜ਼ਾਨਚੀ ਰਣਜੀਤ ਸਿੰਘ ਔਲਖ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਇਸ ਵਿਚਾਰ-ਚਰਚਾ ਦੇ ਮੰਚ ’ਤੇ ਸੁਸ਼ੋਭਤ ਸਨ।



ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਨੇ 'ਜੀ ਆਇਆਂ’ ਸ਼ਬਦ ਆਖਦਿਆਂ ਸਤੰਬਰ ਮਹੀਨੇ ਦੇ ਸ਼ਹੀਦਾਂ ਨੂੰ ਸਿਜਦਾ ਕਰਦਿਆਂ ਵਿਚਾਰ-ਚਰਚਾ ਰਾਹੀਂ ਸਮਕਾਲੀ ਸਮਿਆਂ ਦੇ ਮੁੱਦਿਆਂ ਨਾਲ ਸੰਵਾਦ ਛੇੜਨ ਦੇ ਮਹੱਤਵ ਬਾਰੇ ਦੱਸਿਆ। ਕਮੇਟੀ ਦੇ ਸਹਾਇਕ ਸਕੱਤਰ ਡਾ. ਪਰਮਿੰਦਰ ਨੇ ਕਿਹਾ ਕਿ ਬਾਬਾ ਨਾਨਕ ਦੇ ਜੋ ਅਸਲੀ ਵਾਰਸ ਨੇ ਉਹਨਾਂ ਲੋਕਾਂ ਨੂੰ ਵਿਚਾਰ-ਚਰਚਾ ਦੇ ਕੇਂਦਰ ਵਿੱਚ ਰੱਖਕੇ ਤੁਰਨ ਵਾਲੇ ਡਾ. ਸਵਰਾਜਬੀਰ ਬੌਧਿਕ ਹਲਕਿਆਂ ’ਚ ਨਵਾਂ ਮੰਥਨ ਛੇੜਨਗੇ ਇਹ ਸਾਨੂੰ ਮਾਣ ਹੈ। ਡਾ. ਪਰਮਿੰਦਰ ਨੇ ਕਿਹਾ ਕਿ ਅੱਜ ਜਦੋਂ ਵਿਚਾਰ-ਗੋਸ਼ਟ ਅਤੇ ਸੁਆਲ ਕਰਨ ਦੀ ਰਵਾਇਤ ਗ੍ਰਹਿਣੀ ਜਾ ਰਹੀ ਹੈ, ਉਸ ਮੌਕੇ ਡਾ.ਸਵਰਾਜਬੀਰ ਬਾਬਾ ਨਾਨਕ ਬਾਣੀ ਤੇ ਗੰਭੀਰ ਗੱਲ ਅੱਗੇ ਤੋਰਨਗੇ। ਵਿਚਾਰ-ਚਰਚਾ ਦੇ ਮੁੱਖ ਵਕਤਾ ਡਾ. ਸਵਰਾਜਬੀਰ ਨੇ 'ਗੁਰੂ ਨਾਨਕ ਦੇਵ ਜੀ ਦੀ ਬਾਣੀ: ਸਮਾਜਕ ਸੰਘਰਸ਼ ਦੀ ਸਾਖ਼ੀ’ ਵਿਸ਼ੇ ਉਪਰ ਯਾਦਗਾਰੀ ਭਾਸ਼ਣ ਦਿੱਤਾ। ਉਹਨਾਂ ਅਜੋਕੇ ਸਮੇਂ ਨੂੰ ਗੁਰੂ ਨਾਨਕ ਦੇਵ ਦੇ ਸਮੇਂ ਨਾਲੋਂ ਵੀ ਕਿਤੇ ਵਧੇਰੇ ਖ਼ਤਰਨਾਕ ਅਤੇ ਚੁਣੌਤੀ ਭਰਿਆ ਕਰਾਰ ਦਿ-ਦਿਆਂ ਕਿਹਾ ਕਿ ਜਦੋਂ ਸੁਆਲ ਕਰਨ ਵਾਲਿਆਂ ਨੂੰ ਹੀ ਦੇਸ਼-ਧ੍ਰੋਹੀ ਜਾਂ ਅਰਬਨ ਨਕਸਲ ਕਿਹਾ ਜਾਂਦਾ ਹੈ, ਉਸ ਵੇਲੇ ਬਾਬਾ ਨਾਨਕ ਦੇ ਸੱਚੇ ਬੋਲ ਸਾਡੇ ਲਈ ਪ੍ਰੇਰਨਾ ਸ੍ਰੋਤ ਬਣਦੇ ਹਨ ਕਿ ਅਜੇਹੀਆਂ ਮੂੰਹ ਜੋਰ ਤਾਕਤਾਂ ਖਿਲਾਫ਼ ਬੋਲਣਾ ਅਤੇ ਸ਼ਕਤੀਸ਼ਾਲੀ ਲੋਕ-ਆਵਾਜ਼ ਬਣਕੇ ਮੈਦਾਨ ’ਚ ਆਉਣਾ ਹੀ ਨਾਨਕ ਦੇ ਕੁੱਝ ਲੱਗਦੇ ਹੋਣ ਦਾ ਪ੍ਰਮਾਣ ਹੈ।

ਡਾ.ਸਵਰਾਜਬੀਰ ਨੇ ਕਿਹਾ ਕਿ ਕਾਮਿਆਂ ਦੀ ਸ਼੍ਰੇਣੀ ਨੂੰ ਨੀਚ ਕਹਿਕੇ ਸੰਬੋਧਨ ਕਰਨ ਵਾਲੀਆਂ ਜਮਾਤਾਂ ਆਵਾਮ ਨੂੰ ਜਾਤੀ ਅਤੇ ਹਰ ਸੰਭਵ ਢੰਗ ਨਾਲ ਦਬਾ ਕੇ ਰੱਖਣ ਲਈ ਯਤਨਸ਼ੀਲ ਰਹਿੰਦੀਆਂ ਹਨ।

ਉਹਨਾਂ ਕਿਹਾ ਕਿ ਸਮਾਜਿਕ ਸੰਘਰਸ਼ ਨੂੰ ਉਥੇ ਵੱਡੇ ਤੇ ਵਡਮੁੱਲੇ ਬੋਲ ਮਿਲਦੇ ਹਨ, ਜਦ ਗੁਰੂ ਸਾਹਿਬ ਦਰੜੇ ਤੇ ਦਲਿਤ ਲੋਕਾਂ ਨਾਲ ਖਲੋਂਦੇ ਹਨ, "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।।’’ ਦੇ ਬੋਲ ਅੱਜ ਦਾ ਵੀ ਸਿਰਨਾਵਾਂ ਹਨ।

ਡਾ.ਸਵਰ-ਾਜਬੀਰ ਨੇ ਕਿਹਾ ਕਿ ਸਮਾਜਕ ਹਾਲਾਤ ਬਾਰੇ ਬਾਬਾ ਨਾਨਕ ਦੀ ਬਾਣੀ ਪ੍ਰਸ਼ਨ ਪੁੱਛਦੀ ਹੈ। ਹਾਲਾਤ ਅੱਗੇ ਗੋਡੇ ਟੇਕਣ ਦੀ ਬਜਾਏ ਸਿ-ਦਕਦਿਲੀ ਨਾਲ ਸੁਆਲ ਕਰਨਾ ਅਤੇ ਜਵਾਬ ਤਲਾਸ਼ਣਾ ਇਸ ਬਾਣੀ ਵਿਚੋਂ ਸਿਖਿਆ ਜਾ ਸਕਦਾ ਹੈ। "ਰਾਜੇ ਸ਼ੀਂਹ ਮੁਕੱਦਮ ਕੁੱਤੇ, ਜਾਇ ਜਗਾਇਨਿ ਬੈਠੇ ਸੁਤੇ।।’’ ਵਰਗੇ ਉਹਨਾਂ ਦੇ ਬੋਲ ਲੋਕ-ਦੋਖੀ ਸਥਾਪਤੀ ਨੂੰ ਵੰਗਾਰਦੇ ਹੋਏ, ਸਾਡੇ ਸਮੇਂ ਦੇ ਅੱਜ ਵੀ ਸੰਗੀ-ਸਾਥੀ ਬਣਦੇ ਹਨ।

ਉਹਨਾਂ ਕਿਹਾ ਕਿ ਕਿਹਨਾਂ ਸਮਿਆਂ ’ਚ ਬਾਬਾ ਨਾਨਕ ਤਿੱਖਾ ਸੁਆਲ ਖੜ੍ਹਾ ਕਰਦੇ ਹਨ ਕਿ,"ਰਾਜਾ ਨਿਆਉ ਕਰੇ ਹਥਿ ਹੋਇ।।’’ ਭਾਵ ਹਾਕਮ ਦੇ ਹੱਥ ’ਤੇ ਪੈਸਾ ਰੱਖੋ, ਵੱਢੀ ਦਿਉ ਤਾਂ ਉਹ ਨਿਆਂ ਕਰਦਾ ਹੈ। ਇਹ ਇਤਿਹਾਸਕ ਸੱਚ ਸਾਡੇ ਸਮੇਂ ਦਾ ਵੀ ਸੱਚ ਹੈ। ਅੱਜ ਉਸ ਤੋਂ ਹਾਲਤ ਬਦਤਰ ਹੈ।

ਡਾ. ਸਵਰਾਜਬੀਰ ਨੇ ਕਿਹਾ ਕਿ ਪੰਜਾਬ ਤੋਂ ਉੱਚੇ ਉਠਕੇ ਬਾਬਾ ਨਾਨਕ ਹਿੰਦੋਸਤਾਨ ਦੀ ਗੱਲ ਕਰਦੇ ਹਨ। "ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।।’’ ਅੱਜ ਜੋ ਅੰਧ ਰਾਸ਼ਟਰਵਾਦ ਦਾ ਧੁੰਧਲਾਕਾ ਫੈਲਾਇਆ ਜਾ ਰਿਹਾ ਹੈ। ਬਾਬਾ ਨਾਨਕ ਸਾਨੂੰ ਅਜੇਹੀ ਧੁੰਦ ਚੀਰਦੇ ਵਿਚਾਰਾਂ ਦੇ ਚਾਨਣ ਦਾ ਛੱਟਾ ਦਿੰਦੇ ਹੋਏ ਹਕੀਕੀ ਕੌਮੀ ਭਾਵਨਾ ਦਾ ਪ੍ਰਮਾਣ ਦਿੰਦੇ ਹਨ। ਇਸ ਮੌਕੇ ਦੇਸ਼ ਭਗਤ ਕਮੇਟੀ ਦੇ ਅਹੁਦੇਦਾਰਾਂ ਅਤੇ ਹਾਜ਼ਰ ਸਮੂਹ ਮੈਂਬਰਾਂ ਨੇ ਡਾ.ਸਵਰਾਜਬੀਰ ਨੂੰ ਪੁਸਤਕਾਂ ਦੇ ਸੈਟ ਨਾਲ ਸਨਮਾਨਤ ਕੀਤਾ।


## ਵਲੇਹੋ ’ਚ ਮਨਾਇਆ ਜਾਵੇਗਾ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਉਤਸਵ 20 ਅਕਤੂਬਰ ਨੂੰ




ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾਲੂਆਂ ਵੱਲੋਂ ਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਆਪਣੇ ਘਰੇਲੂ ਰੁਝੇਵਿਆਂ ’ਚੋਂ ਕੁਝ ਸਮਾਂ ਕੱਢ ਕੇ ਇਸ ਸ਼ੁਭ ਉਤਸਵ ਮੌਕੇ ਸ਼ਾਮਲ ਹੋ ਕੇ ਗੁਰੂ ਚਰਨਾਂ ’ਚ ਹਾਜ਼ਰੀ ਲਗਵਾਓ ਜੀ। ਗੁਰੂ ਵਾਲਮੀਕ ਜੀ ਆਪ ਸਭ ਦੇ ਕਾਰਜ ਸਿੱਧ ਕਰਨ ਤੇ ਪਰਿਵਾਰਾਂ ’ਚ ਸੁੱਖ-ਸ਼ਾਂਤੀ ਰਹੇ। ਖੁਸ਼ੀਆਂ ਦਾ ਖੇੜਾ ਹਮੇਸ਼ਾ ਆਪ ਜੀ ਦੇ ਦਰ ’ਤੇ ਦਸਤਕ ਦਿੰਦਾ ਰਹੇ। ਗੁਰੂ ਜੀ ਦੀ ਮਹਿਮਾ ਦੇ ਗੁਣਗਾਨ ਕਰਕੇ ਭੁਪਿੰਦਰ ਭਿੰਦਾ, ਸੁਲਤਾਨ ਅਖਤਰ-ਹਰਜੀਤ ਜੀਤੀ, ਅਮਰਜੀਤ ਲਾਲੀ, ਰੋਹਿਤਾਸ ਭੰਗਾਣੀ, ਰਾਜ ਕੁਮਾਰ ਪੰ-ਡੋਰੀ ਅਤੇ ਹੋਰ ਸੱਜਣ ਆਪਣੀ ਹਾਜ਼ਰੀ ਲਗਵਾਉਣਗੇ।

**ਪ੍ਰੋਗਰਾਮ ਦਾ ਸਮਾਂ ਅਤੇ ਸਥਾਨ**

**October 20, 2019,**
**Time: 9:00AM to 5:00PM**

**Dan Foley Cultural Center, 1499 N. Camino Alto, Vallejo, CA-94590 Phone: (707) 648-4630**

**ਹੋਰ ਜਾਣਕਾਰੀ ਲਈ ਸੰਪਰਕ ਕਰੋ**

Sodhi Nahar (707) 704-5216 Shiv Sidhu (707) 656-1205
Dr. Gurjit Singh (925) 321-0117 Gurpal Singh (916) 873-0311
Bhupinder Bhinda (916) 613-3311 Balbir Thapar (916) 607-4650,
Kulwinder Gill (510) 458-6146, Baljivan Dass (408) 394-6729

**ਜਾਰੀ ਕਰਤਾ- ਸਮੂਹ ਭਗਵਾਨ ਵਾਲਮੀਕ ਜੀ ਦੇ ਸ਼ਰਧਾਲੂ (ਕੈਲੇਫੋਰਨੀਆ)**

# ਗੌਤਮ ਬੁੱਧ ਦਾ ਜੈਨ ਧਰਮ ਤੋਂ ਮੱਧ ਮਾਰਗ ਤੱਕ ਦਾ ਸਫਰ



ਪ੍ਰੇਮਲਤਾ (ਪ੍ਰਿੰਸੀਪਲ)
91-98143-41746

**ਮਹਾਂਵੀਰ ਜੈਨ**

ਜਨਮ : 599 ਈ.ਪੂ.

ਮੁੱਢਲਾ ਨਾਮ : ਵਰਧਮਾਨ

ਥਾਂ : ਕੁੰਡ ਗ੍ਰਾਮ (ਬਿਹਾਰ ਦੇ ਮੁਜੱਫਰਪੁਰ ਜਿਲ੍ਹੇ ਵਿੱਚ)

ਪਿਤਾ : ਸਿਧਾਰਥ ਖੱਤਰੀ ਵੰਸ਼ ਦੇ ਇਕਸ਼ਵਾਕੂ ਰਾਜ ਘਰਾਣੇ ਦੀ ਗੱਦੀ ਉੱਪਰ ਵਿਰਾਜਮਾਨ ਕਬੀਲੇ ਦੇ ਮੁਖੀ ਸਨ।

ਮਾਤਾ : ਤ੍ਰਿਸ਼ਲਾ ਜੋ ਵੈਸ਼ਾਲੀ ਦੇ ਪ੍ਰਸਿੱਧ ਲਿਛਵੀ ਵੰਸ਼ ਨਾਲ ਸੰਬੰਧ ਰੱਖਦੀ ਸੀ।

ਪਤਨੀ ਦਾ ਨਾਮ : ਯਸ਼ੋਧਾ ਜੋ ਰਾਜ ਘਰਾਣੇ ਨਾਲ ਸੰਬੰਧ ਰੱਖਦੀ ਸੀ।

ਔਲਾਦ : ਇੱਕ ਲੜਕੀ, ਨਾਮ : ਪ੍ਰਿਯਦਰਸ਼ਨੀ, ਜਿਸਦਾ ਵਿਆਹ ਜਮਾਲੀ ਨਾਲ ਹੋਇਆ, ਜੋ ਮਹਾਂਵੀਰ ਸੁਆਮੀ ਦੇ ਪ੍ਰਮੁੱਖ ਸ਼ਿਸ਼ ਹੋਏ।

**ਮਹਾਨ ਤਿਆਗ–** ਜਦੋਂ ਵਰਧਮਾਨ ਦੀ ਉਮਰ 30 ਸਾਲ ਸੀ, ਉਨ੍ਹਾਂ ਨੇ ਘਰ ਤਿਆਗ ਦਿੱਤਾ ਆਪਣੀ ਪਤਨੀ ਅਤੇ ਪੁੱਤਰੀ ਨੂੰ ਛੱਡ ਕੇ ਤੱਪਸਿਆ ਕਰਨ ਲਈ ਲਈ ਜੰਗਲਾਂ ਵਿੱਚ ਚਲੇ ਗਏ। ਉਨ੍ਹਾਂ ਨੇ ਸਾਢੇ ਬਾਰਾਂ ਸਾਲ ਤੱਕ ਕਠੋਰ ਤਪ ਕੀਤਾ, ਅਤੇ ਸ਼ਰੀਰਕ ਕਸ਼ਟ ਝੱਲਦੇ ਰਹੇ। ਉਹ ਮਹੀਨਿਆਂ ਤੱਕ ਭੁੱਖੇ ਪਿਆਸੇ ਰਹਿੰਦੇ, ਕਦੇ ਕਦੇ ਥੋੜਾ ਜਿਹਾ ਭੋਜਨ ਖਾ ਲੈਂਦੇ ਸਨ। ਉਹ ਅਲਫ ਨੰਗੇ ਘੁੰਮਦੇ ਰਹਿੰਦੇ। ਲੋਕ ਉਹਨਾਂ ਦਾ ਮਜਾਕ ਉਡਾਉਂਦੇ, ਉਨ੍ਹਾਂ ਤੇ ਪੱਥਰ ਸੁੱਟੇ ਗਏ, ਉਨ੍ਹਾਂ ਪਿੱਛੇ ਕੁੱਤੇ ਛੱਡੇ ਗਏ। ਪਰੰਤੂ ਉਨ੍ਹਾਂ ਨੇ ਸਾਰੇ ਕਸ਼ਟ ਸ਼ਾਂਤੀ ਪੂਰਵਕ ਸਹਿਨ ਕੀਤੇ।

ਗਿਆਨ ਪ੍ਰਾਪਤੀ :–ਜਿੰਭੀਕਗ੍ਰਾਮ ਨਾਮਕ ਪਿੰਡ ਵਿੱਚ ਲਗਭਗ ਸਾਢੇ ਬਾਰਾਂ ਸਾਲ ਕਠੋਰ ਤਪ ਕਰਨ ਪਿੱਛੋਂ ਆਪ ਨੂੰ ਸਾਲ ਦੇ ਦਰਖ਼ੱਤ ਥੱਲੇ ਕਵਲਿਆ ਗਿਆਨ ਦੀ ਪ੍ਰਾਪਤੀ ਹੋਈ। ਗਿਆਨ ਪ੍ਰਾਪਤੀ ਤੋਂ ਬਾਅਦ ਉਹਨਾਂ ਨੂੰ ਜਿਨ (ਉਚ ਬੁੱਧੀ ਵਾਲੇ) ਅਤੇ ਮਹਾਂਵੀਰ ਦੇ ਨਾਵਾਂ ਨਾਲ ਪੁਕਾਰਿਆ ਗਿਆ। ਉਸ ਵੇਲੇ ਉਨ੍ਹਾਂ ਦੀ ਉਮਰ 42 ਸਾਲ ਦੀ ਸੀ। ਆਪ ਜੈਨ ਧਰਮ ਦੇ 24ਵੇਂ ਤ੍ਰਿਥੰਕਰ ਬਣੇ। (ਮਹਾਤਮਾ ਬੁੱਧ ਉਸ ਵੇਲੇ ਲਗਭਗ 10 ਸਾਲ ਦੇ ਹੋ ਚੁੱਕੇ ਸਨ)।

**ਉਪਦੇਸ਼ਕ ਦੇ ਰੂਪ ਵਿੱਚ–** ਗਿਆਨ ਪ੍ਰਾਪਤੀ ਪਿੱਛੋਂ ਮਹਾਤਮਾ ਮਹਾਂਵੀਰ ਨੇ ਆਪਣਾ ਬਾਕੀ ਦਾ ਜੀਵਨ ਆਪਣੇ ਉਪਦੇਸ਼ਾਂ ਦੇ ਪ੍ਰਚਾਰ ਵਿਚ ਬਤੀਤ ਕੀਤਾ। ਉਨ੍ਹਾਂ ਨੇ ਮੁੱਖ ਰੂਪ ਵਿੱਚ ਆਪਣਾ ਪ੍ਰਚਾਰ ਮਗਧ, ਮਿਥਲਾ ਅਤੇ ਕੌਸ਼ਲ ਦੇ ਰਾਜਾਂ ਵਿੱਚ ਕੀਤਾ। ਜੈਨ ਸ਼ਬਦ ਜਿਨ ਧਾਤੂ ਤੋਂ ਬਣਿਆ ਜਿਸਦਾ ਭਾਵ ਹੈ ਜੇਤੂ। ਅੰਦਰਲੀਆਂ ਬੁਰਾਈਆਂ ਤੇ ਜਿੱਤ। ਉਨ੍ਹਾਂ ਦੀ ਫਿਲਾਸਫੀ ਸੰਖਿਆ ਦਰਸ਼ਨ ਉੱਪਰ ਆਧਾਰਿਤ ਸੀ, ਉਹ ਰੱਬ ਦੀ ਹੋਂਦ ਨੂੰ ਨਹੀਂ ਮੰਨਦੇ ਸਨ।

ਨਿਰਵਾਣ:– 527 ਈ. ਪੂ. ਪਟਨਾ ਵਿਖੇ ਪਾਵਾ ਨਾਂ ਦੇ ਸਥਾਨ ਤੇ ਉਨ੍ਹਾਂ ਨੇ ਨਿਰਵਾਣ ਪ੍ਰਾਪਤ ਕੀਤਾ। ਉਸ ਵੇਲੇ ਉਹਨਾਂ ਦੀ ਉਮਰ 70 ਸਾਲ ਦੀ ਸੀ।

**ਮਹਾਤਮਾ ਬੁੱਧ**

ਜਨਮ– 657 ਈ. ਪੂ.

ਬਚਪਨ ਦਾ ਨਾਮ : ਸਿਧਾਰਥ ਅਤੇ ਗੌਤਮ

ਥਾਂ:– ਕਪਿਲਵਸਤੂ ਦੇ ਨੇੜੇ ਲੁੰਬਣੀ ਨਾਮੀ ਪਿੰਡ ਵਿੱਚ ਹੋਇਆ ਸੀ ਜੋ ਅੱਜਕੱਲ੍ਹ ਨੇਪਾਲ ਭਾਰਤ ਸੀਮਾ ਤੇ ਸਥਿਤ ਹੈ।

ਪਿਤਾ– ਸ਼ੁਧੋਦਨ, ਜੋ ਖੱਤਰੀ ਸ਼ਾਕਿਯ ਕਬੀਲੇ ਦੇ ਮੁਖੀ ਸਨ।

ਮਾਤਾ– ਮਾਤਾ ਦਾ ਨਾਮ ਮਹਾਮਾਯਾ ਸੀ। ਸਿਧਾਰਥ ਦੇ ਜਨਮ ਦੇ ਸੱਤ ਦਿਨਾਂ ਬਾਅਦ ਹੀ ਉਸਦੀ ਮਾਂ ਦੀ ਮੌਤ ਹੋ ਗਈ। ਉਨ੍ਹਾਂ ਦਾ ਪਾਲਣ ਪੋਸ਼ਣ ਮਤਰੇਈ ਮਾਂ (ਮਾਸੀ) ਪ੍ਰਜਾਪਤੀ ਗੌਤਮੀ ਨੇ ਕੀਤਾ।

ਪਤਨੀ– ਉਨ੍ਹਾਂ ਦਾ ਵਿਆਹ ਛੇਤੀ ਹੀ ਰਾਜ ਕੁਮਾਰੀ ਯਸ਼ੋਧਰਾ ਨਾਲ ਕਰ ਦਿੱਤਾ ਗਿਆ।



ਔਲਾਦ– ਇੱਕ ਲੜਕਾ ਜਿਸ ਦਾ ਨਾਮ ਰਾਹੁਲ ਰੱਖਿਆ ਗਿਆ।

**ਮਹਾਨ ਤਿਆਗ:–** ਉਨ੍ਹਾਂ ਦਾ ਮਨ ਇਨ੍ਹਾਂ ਕੋਮਲ ਸੀ ਕਿ ਉਹ ਸੰਸਾਰ ਦੇ ਦੁੱਖਾਂ ਨੂੰ ਦੇਖ ਨਹੀਂ ਸਕਦੇ ਸਨ। ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਮਹਿਲਾਂ ਵਿੱਚ ਹਰ ਇੱਕ ਕਿਸਮ ਦਾ ਸੁੱਖ ਪ੍ਰਦਾਨ ਕੀਤਾ। ਪਰ ਉਹ ਪੂਰੇ ਸਮਾਜ ਨੂੰ ਦੁੱਖਾਂ ਤੋਂ ਛੁਟਕਾਰਾ ਦਿਬਾਉਣ ਲਈ ਸੱਚ ਦੀ ਖੋਜ ਵਿੱਚ ਨਿਕਲ ਪਏ। ਇੱਥੇ ਇਹ ਗੱਲ ਲਾਜ਼ਮੀ ਹੈ ਕਿ ਉਹ ਪਿਤਾ ਦੀ ਸਹਿਮਤੀ ਨਾਲ ਹੀ ਪਾਟਲੀਪੁੱਤਰ ਵੱਲ ਉੱਚ ਵਿੱਦਿਆ ਹਾਸਲ ਕਰਨ ਦੇ ਉਦੇਸ਼ ਨਾਲ ਘਰੋਂ ਨਿਕਲੇ ਸਨ।

**ਵਿੱਦਿਆ:–** ਉਹਨਾਂ ਨੇਂ ਵੈਸ਼ਾਲੀ ਵਿਖੇ ਆਲਾਰ ਕਲਾਮ ਅਤੇ ਉਦ੍ਰਕ ਰਾਮ ਪੁੱਤਰ ਕੋਲੋਂ ਉਹਨਾਂ ਦੇ ਆਸ਼ਰਮ ਵਿੱਚ ਸਾਂਖਿਆ ਦਰਸ਼ਨ ਦੀ ਵਿਦਿਆ ਪ੍ਰਾਪਤ ਕੀਤੀ।

**ਸਿਧਾਰਥ ਵੱਲੋਂ ਜੈਨ ਧਰਮ ਵੱਲ ਖਿੱਚੇ ਜਾਣਾ:–** ਕਿਉਂਕਿ ਸਾਂਖਿਆ ਦਰਸ਼ਨ ਇੱਕ ਯਥਾਰਥਵਾਦੀ, ਪਦਾਰਥਵਾਦੀ ਅਤੇ ਨੈਤਿਕ ਵਿਚਾਰਾਂ ਦੀ ਪਰਪਾਟੀ ਹੈ, ਅਤੇ ਉਸੇ ਵੇਲੇ ਮਹਾਂਵੀਰ ਸਵਾਮੀ ਦਾ ਧਰਮ ਪ੍ਰਚਾਰ, ਉਸੇ ਇਲਾਕੇ ਵਿੱਚ ਚਰਮ ਸੀਮਾਂ ਉੱਪਰ ਸੀ, ਜਿਸ ਨਾਲ ਰਾਜੇ ਮਹਾਰਾਜੇ ਵੀ ਜੈਨ ਧਰਮ ਦੇ ਸ਼ਰਧਾਲੂ ਬਣ ਚੁੱਕੇ ਸਨ, ਇਸ ਲਈ ਸੁਭਾਵਕ ਸੀ ਸਿਧਾਰਥ ਵੱਲੋਂ ਜੈਨ ਧਰਮ ਵੱਲ ਖਿੱਚੇ ਜਾਣਾ।

ਸਵਾਮੀ ਦਯਾਨੰਦ ਸਰਸਵਤੀ ਦੁਆਰਾ ਰਚਿਤ ਗ੍ਰੰਥ ਸਤਿਆਰਥ ਪ੍ਰਕਾਸ਼ ਵਿੱਚ ਮਹਾਤਮਾ ਬੁੱਧ ਅਤੇ ਮਹਾਂਵੀਰ ਸਵਾਮੀ ਨੂੰ ਇੱਕ ਹੀ ਮਹਾਨ ਪੁਰਸ਼ ਦੱਸਿਆ ਹੈ। ਬੋਧੀਆਂ ਨੇ ਉਸਨੂੰ ਬੁੱਧ ਕਿਹਾ ਅਤੇ ਜੈਨੀਆਂ ਨੇ ਉਸਨੂੰ ਜਿਨ ਕਿਹਾ ਹੈ। ਦੋਵੇਂ ਪ੍ਰਾਯਵਾਚੀ ਸ਼ਬਦ ਹਨ, ਜਿਸ ਦਾ ਅਰਥ ਹੈ ਦਿਮਾਗੀ ਅਕਲ। ਰਾਜਾ ਸ਼ਿਵਪ੍ਰਸ਼ਾਦ ਜੀ "ਇਤਿਹਾਸ ਤਿਮਿਰ" ਨਾਮਕ ਗ੍ਰੰਥ ਵਿੱਚ ਲਿਖਦੇ ਹਨ ਜੈਨ ਅਤੇ ਬੁੱਧ ਪ੍ਰਾਯਵਾਚੀ ਸ਼ਬਦ ਹਨ। "ਅਮਰਕੋਸ਼" ਗ੍ਰੰਥ ਵਿੱਚ ਬੁੱਧ ਅਤੇ ਜਿਨ ਇੱਕ ਪੁਰਸ਼ ਨੂੰ ਹੀ ਸੰਬੋਧਿਤ ਹਨ। 'ਸਰਵਗਯ ਸੁਗਤੋ ਬੁੱਧੋ ਧਰਮ ਰਾਜਸਤਥਾਗਤ,



ਸਮੰਤ ਭਦਰੋ ਭਗਵਾ ਮਾਰ ਨਿਸਲੋਕ ਜਿਨ।। (1) "ਦੀਪ ਵੰਸ਼" ਬੋਧ ਗ੍ਰੰਥ ਵਿੱਚ ਸ਼ਾਕਿਯ ਮੁਨੀ ਗੋਤਮ ਬੁੱਧ ਨੂੰ ਆਮ ਤੌਰ ਉੱਤੇ ਮਹਾਂ ਵੀਰ ਹੀ ਲਿਖਿਆ ਹੈ।

ਭਾਰਤ ਵਿੱਚ ਅਜੰਤਾ ਇਲੋਰਾ ਗੁਫਾਵਾਂ ਵਿੱਚ ਮਹਾਤਮਾ ਬੁੱਧ ਦੇ ਨਾਲ ਨਾਲ ਮਹਾਂਵੀਰ ਸਵਾਮੀ ਦੇ ਮੰਦਰ ਵੀ ਬਣੇ ਹਨ। ਇੱਕ ਗੱਲ ਜ਼ਰੂਰ ਪੱਕੇ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਦੋਵੇਂ ਮਤਾਂ ਦੀਆਂ ਸਿੱਖਿਆਵਾਂ ਇੱਕ ਸਮਾਨ ਹਨ। ਦੋਵੇਂ ਮਤ ਭਗਵਾਨ ਨੂੰ ਨਹੀਂ ਮੰਨਦੇ। ਜੇਕਰ ਕਿਤੇ ਅੰਤਰ ਹੈ, ਉਹ ਹੈ ਸਾਧੂਆਂ ਦੇ ਆਪਣੇ ਰਹਿਣ ਸਹਿਣ ਅਤੇ ਖਾਣ ਪੀਣ ਵਿੱਚ। ਸੱਚ ਤਾਂ ਇਹ ਹੈ ਕਿ ਮਹਾਤਮਾ ਬੁੱਧ ਨੇ ਜੈਨ ਮਤ ਨੂੰ ਹੋਰ ਲੋਕ ਪੱਖੀ ਅਤੇ ਮਨੁੱਖ ਪੱਖੀ ਬਣਾ ਦਿੱਤਾ। ਮਹਾਤਮਾ ਬੁੱਧ ਦੇ ਜੀਵਨ ਵਿੱਚ ਵਾਪਰੀ ਗਿਆਨ ਪ੍ਰਾਪਤੀ ਦੀ ਘਟਨਾ ਇਸ ਵੱਲ ਇਸ਼ਾਰਾ ਕਰਦੀ ਹੈ।

**ਜੈਨ ਮਤ ਦੇ ਕਠੋਰ ਨਿਯਮਾਂ ਤੋਂ ਬਗਾਵਤ:–** ਗੌਤਮ ਸਿਧਾਰਥ ਉੱਪਰ ਜੈਨ ਧਰਮ ਦਾ ਅਸਰ ਐਨਾ ਡੂੰਘਾ ਸੀ, ਕਿ ਉਨ੍ਹਾਂ ਵਿਦਿਆ ਪ੍ਰਾਪਤੀ ਤੋਂ ਬਾਅਦ ਵੀ ਸੱਚ ਦੀ ਖੋਜ ਲਈ ਕਠੋਰ ਤਪੱਸਿਆ ਦੀ ਨੀਤੀ ਅਪਣਾਈ। ਮਗਧ ਰਾਜ ਵਿੱਚ ਗਯਾ ਦੇ ਸੰਘਣੇ ਜੰਗਲ ਵਿਚ ਨਿਰੰਜਣਾ ਨਦੀ ਅਤੇ ਇੱਕ ਪਿੰਡ ਦੇ ਕੋਲ ਉਹ ਕਠੋਰ ਤਪੱਸਿਆ ਕਰਨ ਲਈ ਸਮਾਧੀ ਲਗਾਕੇ ਬੈਠ ਗਏ। ਬੁੱਧ ਆਪਣੇ ਚੇਲੇ ਐਗੀਵਸਾਨਾ ਨੂੰ ਦੱਸਦੇ ਹਨ, "ਉਹ ਸੁੱਕ ਕੇ ਟਾਂਡਾ ਹੋ ਗਏ। ਬੁੱਧ ਨੇ ਸੋਚਿਆ ਜੇਕਰ ਮੈਂ ਇਸੇ ਤਰ੍ਹਾਂ ਹੀ ਬੈਠਿਆ ਰਿਹਾ, ਬਹੁਤ ਛੇਤੀ ਹੀ ਮੈਂ ਮਰ ਜਾਵਾਂਗਾ। ਉਹ ਸੱਚੇ ਗਿਆਨ ਦਾ ਕੀ ਹੋਵੇਗਾ ਜਿਸ ਨੂੰ ਮੈਂ ਭਾਲਣ ਲਈ ਤੁਰਿਆ ਹੋਇਆ ਹਾਂ"। ਸੱਤ ਦਿਨਾਂ ਦੇ ਵਰਤ ਅਤੇ ਸਮਾਧੀ ਪਿੱਛੋਂ ਉਨ੍ਹਾਂ ਨੇ ਵਰਤ ਅਤੇ ਸਮਾਧੀ ਤੋੜਨ ਦਾ ਪੱਕਾ ਨਿਸ਼ਚਾ ਕਰ ਲਿਆ। ਉਹਨਾਂ ਨੇ ਸ਼ਰੀਰ ਨੂੰ ਬੇਲੋੜਾ ਕਸ਼ਟ ਦੇਣ ਦੀ ਨੀਤੀ ਤਿਆਗ ਦਿੱਤੀ। ਉਨ੍ਹਾਂ ਨੇ ਇੱਕ ਔਰਤ ਨੂੰ ਪਤਲੀ ਖੀਰ ਬਣਾ ਕੇ ਲਿਆਉਣ ਲਈ ਕਿਹਾ। ਸਿਧਾਰਥ ਨੇ ਪਤਲੀ ਖੀਰ ਖਾਧੀ ਅਤੇ ਵਰਤ ਤੋੜ ਦਿੱਤਾ, ਅਤੇ ਸ਼ਰੀਰ ਨੂੰ ਬੇਲੋੜਾ ਕਸ਼ਟ ਦੇਣ ਦੀ ਨੀਤੀ ਦਾ ਮੁਕੰਮਲ ਤਿਆਗ ਕਰ ਦਿੱਤਾ। ਇਹੋ ਇੱਕ ਰੌਸ਼ਨੀ ਦੀ ਕਿਰਨ ਸੀ, ਜਿਸਨੇ ਉਹਨਾਂ ਦੀ ਜ਼ਿੰਦਗੀ ਵਿੱਚ ਨਵਾਂ ਮੋੜ ਲਿਆਂਦਾ। ਉਹ ਗੌਤਮ ਤੋਂ ਗੌਤਮ ਬੁੱਧ ਹੋ ਗਏ। ਜਿਹੜੇ ਪੰਜ ਚੇਲੇ ਉਨ੍ਹਾਂ ਦੀ ਦੇਖਭਾਲ ਕਰ ਰਹੇ ਸਨ, ਉਹ ਉਨ੍ਹਾਂ ਤੋਂ ਰੁੱਸ ਕੇ ਚਲੇ ਗਏ ਕਿਉਂਕਿ ਉਹਨਾਂ ਨੂੰ ਮਹਾਤਮਾ ਬੁੱਧ ਵੱਲੋਂ ਵਰਤ ਸਮਾਧੀ ਤਿਆਗਣ ਦਾ ਰੋਸ ਸੀ। ਹੁਣ ਬੁੱਧ ਨੇ ਫ਼ੈਸਲਾ ਕੀਤਾ ਉਹ ਲੋਕਾਂ ਨੂੰ ਸੱਚਾ ਗਿਆਨ ਦੇਣਗੇ। ਉਨ੍ਹਾਂ ਨੇ ਆਪਣੀ ਪਹਿਲੀ ਸਭਾ ਇਸੀਪਤਾਨਾ ਦੇ ਹਿਰਨਾਂ ਦੇ ਜੰਗਲ ਵਿੱਚ ਕੀਤੀ। ਜਿਸਨੂੰ ਹੁਣ ਸਾਰਨਾਥ ਕਹਿੰਦੇ ਹਨ। ਜਿਹੜੇ ਪੰਜ ਚੇਲੇ ਉਹਨਾਂ ਨੂੰ ਛੱਡ ਕੇ ਗਏ ਸਨ, ਉਹ ਵੀ ਸਭਾ ਵਿੱਚ ਹਾਜ਼ਰ ਹੋ ਗਏ। ਬੁੱਧ ਧੰਮ ਦੀ ਨੀਂਹ ਰੱਖ ਦਿੱਤੀ ਗਈ। ਇਸ ਸਭਾ ਦਾ ਸਮਾਂ 528 ਬੀ.ਸੀ. ਵਿੱਚ ਜੁਲਾਈ ਦੇ ਪੂਰੇ ਚੰਦਰਮਾਂ ਦੀ ਰਾਤ ਵੇਲੇ ਸੀ। ਇਹ ਉਨ੍ਹਾਂ ਦਾ ਜੈਨ ਮਤ ਨਾਲੋਂ ਪੂਰਨ ਸੁਧਾਰਵਾਦੀ ਨਿਖੇੜਾ ਸੀ। ਉਨ੍ਹਾਂ ਨੇ ਮੱਧ ਮਾਰਗ ਦਾ ਉਪਦੇਸ਼ ਦਿੱਤਾ। ਨਾਂ ਹੀ ਜਿੰਦਗੀ ਨੂੰ ਅਤੀ ਕਸ਼ਟ ਪੂਰਨ ਬਣਾ ਲਵੋ ਤਾਂਕਿ ਚਲ ਫਿਰ ਵੀ ਨਾ ਸਕੋ ਅਤੇ ਨਾ ਹੀ ਜ਼ਿੰਦਗੀ ਨੂੰ ਪੂਰਨ ਸੁੱਖਾਂ ਦੇ ਅਧੀਨ ਕਰ ਦੇਵੋ। ਬੁੱਧ ਨੇਂ ਬਹੁਤ ਹੀ ਸੁਹਿਰਦਤਾ ਨਾਲ ਜੈਨ ਮਤ ਨੂੰ ਬੁੱਕਲ ਵਿੱਚ ਲੈ ਕੇ ਉਸ ਵਿੱਚੋਂ ਕੁੱਝ ਖਾਮੀਆਂ ਨੂੰ ਦੂਰ ਕਰਕੇ ਉਸ ਨੂੰ ਨਵਾਂ ਸਰੂਪ (ਬੁੱਧ ਮਤ) ਦੇਕੇ ਉਸਨੂੰ ਆਮ ਲੋਕਾਂ ਤੱਕ ਪਹੁੰਚਾ ਦਿੱਤਾ। ਬੁੱਧ ਮਤ ਨੂੰ ਰਾਜੇ ਮਹਾਰਾਜਿਆਂ ਨੇ ਵੀ ਦਿਲੋਂ ਸਵਿਕਾਰ ਕਰ ਲਿਆ। ਉਨ੍ਹਾਂ ਨੇ 487 ਈ: ਪੂ ਕੁਸ਼ੀਨਗਰ ਵਿਖੇ ਮਹਾਂ ਪਰਿ ਨਿਰਵਾਣ ਪ੍ਰਾਪਤ ਕੀਤਾ।

ਮਹਾਂਵੀਰ ਸਵਾਮੀ ਅਤੇ ਮਹਾਤਮਾ ਬੁੱਧ ਵਿਚਕਾਰ ਕੋਈ ਮੁਲਾਕਾਤ ਨਾ ਹੋਣਾ ਇੱਕ ਬੜੀ ਹੈਰਾਨੀ ਦੀ ਗੱਲ ਹੈ ਜੇਕਰ ਇਹ ਮਹਾਪੁਰਸ਼ ਦੋ ਹੋਏ ਹਨ ਇੱਕੋ ਜਿਹੇ ਵਿਚਾਰ ਹੋਣ, ਦੋਵਾਂ ਦਾ ਜਨਮ ਅਤੇ ਭ੍ਰਮਣ ਦਾ ਖੇਤਰ ਇੱਕ ਹੋਵੇ, ਦੋਵਾਂ ਦੀ ਉਮਰ ਵਿੱਚ 32 ਸਾਲ ਦਾ ਅੰਤਰ ਦੱਸਿਆ ਗਿਆ ਹੈ। ਜਦੋਂ ਮਹਾਂਵੀਰ ਸਵਾਮੀ ਦੀ ਉਮਰ 67 ਸਾਲ ਦੀ ਸੀ ਤਾਂ ਉਸ ਵੇਲੇ ਮਹਾਤਮਾ ਬੁੱਧ ਦੀ ਉਮਰ 35 ਸਾਲ ਦੀ ਸੀ। ਇਹ ਅੰਕੜਾ ਇਸ ਲਈ ਲਿਖਿਆ ਗਿਆ ਹੈ, ਕਿਉਂਕਿ ਮਹਾਤਮਾ ਬੁੱਧ ਨੂੰ 35ਵੇਂ ਸਾਲ ਗਿਆਨ ਦੀ ਪ੍ਰਾਪਤੀ ਹੋ ਚੁੱਕੀ ਸੀ ਅਤੇ ਮਹਾਂਵੀਰ ਸਵਾਮੀ ਅਗਲੇ 3 ਸਾਲ ਹੋਰ ਜਿਉਂਦੇ ਰਹੇ ਪਰ ਇਹਨਾਂ ਦੀ ਮੁਲਾਕਾਤ (ਗਿਆਨ ਪ੍ਰਾਪਤੀ ਤੋਂ ਪਹਿਲਾਂ ਜਾਂ ਬਾਅਦ) ਦੀ ਕੋਈ ਜਾਣਕਾਰੀ ਨਹੀਂ ਮਿਲਦੀ।

# ਰਾਜ ਪੁਰਸਕਾਰ ਨਾਲ ਸਨਮਾਨਿਤ ਅਧਿਆਪਕ ਚਰਨ ਸਿੰਘ ਔਲਖ



ਚਮਨਦੀਪ ਸ਼ਰਮਾ
91-95010 33005

ਉੱਚੀ ਤੋਂ ਉੱਚੀ ਚੋਟੀ ਉੱਤੇ ਪਹੁੰਚਣਾ ਹੋਵੇ ਤਾਂ ਕੰਮਾਂ ਨੂੰ ਹੇਠਲੀ ਸਤਹ ਤੋਂ ਆਰੰਭ ਕਰਨਾ ਹੁੰਦਾ ਹੈ। ਤੁਹਾਡੇ ਕੰਮ ਨਾਲ ਜਿਸਦਾ ਸਬੰਧ ਹੋਵੇ, ਅਜਿਹੀ ਕਿਸੇ ਗੱਲ ਨੂੰ ਵਿਅਰਥ ਅਤੇ ਅਣਉਪਯੋਗੀ ਨਹੀਂ ਸਮਝਿਆ ਜਾਂਦਾ ਬਲਕਿ ਉਸਦਾ ਪੂਰਾ ਗਿਆਨ ਪ੍ਰਾਪਤ ਕੀਤਾ ਜਾਂਦਾ ਹੈ।"ਸਵੇਟ ਮਾਰਡਨ" ਦੇ ਇਹਨਾਂ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਉਂਦਾ ਹੋਇਆ ਅਧਿਆਪਕ ਚਰਨ ਸਿੰਘ ਔਲਖ ਆਪਣੇ ਜੀਵਨ ਵਿੱਚ ਸਫ਼ਲਤਾ ਦੀਆਂ ਕਈ ਪੌੜੀਆਂ ਚੜ ਚੁੱਕਾ ਹੈ। ਅਧਿਆਪਨ ਕਿੱਤੇ ਵਿੱਚ ਸ਼ਿੱਦਤ ਨਾਲ ਕੰਮ ਕਰਨ ਸਦਕਾ ਪੰਜਾਬ ਸਰਕਾਰ ਨੇ ਉਸਨੂੰ ਅਧਿਆਪਕ ਦਿਵਸ ਦੇ ਮੌਕੇ ਤੇ ਰਾਜ ਪੁਰਸਕਾਰ ਨਾਲ ਨਿਵਾਜ਼ਿਆ ਹੈ ਜੋ ਕਿ ਫਖ਼ਰ ਦੀ ਗੱਲ ਹੈ। ਚਰਨ ਸਿੰਘ ਗੁਣਾਂ ਦਾ ਭੰਡਾਰ ਹੈ। ਜਿਸ ਤਰ੍ਹਾ ਕਸਤੂਰੀ ਨੂੰ ਆਪਣੀ ਮੌਜੂਦਗੀ ਕਸਮ ਖਾ ਕੇ ਨਹੀਂ ਸਾਬਤ ਕਰਨੀ ਪੈਂਦੀ।ਉਸੇ ਤਰ੍ਹਾਂ ਚਰਨ ਸਿੰਘ ਦੇ ਗੁਣ ਵਿਦਿਆਰਥੀਆਂ ਅਤੇ ਸਮਾਜ ਦੀ ਭਲਾਈ ਲਈ ਅਕਸਰ ਖੁੱਲ ਕੇ ਬਾਹਰ ਆਉਂਦੇ ਰਹੇ।

ਬਹੁਤ ਹੀ ਖੁਸ਼ਮਿਜ਼ਾਜ ਸੁਭਾਅ ਦੇ ਮਾਲਕ ਚਰਨ ਸਿੰਘ ਦਾ ਜਨਮ ਸ੍ਰੀਮਤੀ ਹਰਜੀਤ ਕੌਰ ਦੀ ਕੁੱਖੋਂ, ਪਿਤਾ ਜਗਮੇਲ ਸਿੰਘ ਦੇ ਘਰ, ਮਲੌਦ ਨੇੜੇ ਪਿੰਡ ਉੱਕਸੀ ਦੁਧਾਲ ਜਿਲ੍ਹਾ ਲੁਧਿਆਣਾ ਵਿਖੇ ਮਿਤੀ 15 ਨਵੰਬਰ 1981 ਨੂੰ ਹੋਇਆ।ਪਿਛਲੇ ਪੰਦਰਾ ਸਾਲਾਂ ਤੋਂ ਰਿਹਾਇਸ਼ ਅਫ਼ਸਰ ਕਲੋਨੀ, ਸੰਗਰੂਰ ਵਿੱਚ ਹੈ।ਮੁੱਢਲੀ ਸਿੱਖਿਆ ਪਿੰਡ ਦੇ ਸਰਕਾਰੀ ਸਕੂਲ ਵਿੱਚ ਜਦਕਿ ਬੀ ਸੀ ਸਰਕਾਰੀ ਕਾਲਜ ਮਾਲੇਰਕੋਟਲਾ, ਐਮ ਸ਼ਸੀਐਮਿਸਟਰੀ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਾਪਤ ਕੀਤੀ। ਪੜ੍ਹਾਈ ਦੌਰਾਨ ਕਰਵਾਏ ਜਾਂਦੇ ਮੁਕਾਬਲਿਆਂ ਵਿੱਚ ਉਸਦਾ ਪ੍ਰਦਰਸ਼ਨ ਕਾਬਿਲ-ਏ-ਤਾਰੀਫ਼ ਰਿਹਾ।

ਉਹ ਸ਼ੁਰੂ ਤੋਂ ਹੀ ਅਧਿਆਪਕ ਬਣਕੇ ਸਮਾਜ ਦੀ ਸੇਵਾ ਕਰਨਾ ਚਾਹੁੰਦਾ ਸੀ। ਉਸਦਾ ਇਹ ਸੁਪਨਾ ਮਿਤੀ 26 ਦਸੰਬਰ 2006 ਵਿੱਚ ਪੂਰਾ ਹੋਇਆ ਜਦ ਉਸਦੀ ਚੋਣ ਬਤੌਰ ਸਾਇੰਸ ਮਾਸਟਰ ਦੇ ਅਹੁੱਦੇ ਉੱਪਰ ਹੋਈ। ਇਸ ਅਹੁੱਦੇ ਤੇ ਰਹਿੰਦੇ ਹੋਏ ਉਸਨੇ ਸਮਿਸ ਕੰਧਾਰਗੜ੍ਹ ਛੰਨਾਂ, ਸਸਸਸ ਸਕਰੌਦੀ, ਸਸਸਸ ਘਰਾਚੋਂ ਆਦਿ ਸਥਾਨਾਂ ਤੇ ਕੰਮ ਕੀਤਾ। ਉਸਦੇ ਨਤੀਜੇ ਸ਼ਾਨਦਾਰ ਰਹੇ।ਉਸਨੇ ਵਿਦਿਆਰਥੀਆਂ ਨੂੰ




ਰੋਚਕ ਅਤੇ ਸਰਲ ਢੰਗ ਨਾਲ ਪੜ੍ਹਾਉਂਦੇ ਹੋਏ ਆਪਣੀ ਵਿਲੱਖਣ ਪਹਿਚਾਣ ਬਣਾਉਣ ਵਿੱਚ ਕਾਮਯਾਬੀ ਹਾਂਸਲ ਕੀਤੀ। ਸਕੂਲ ਵਿੱਚ ਦੋ ਜਾਂ ਸਾਇੰਸ ਦੀਆਂ ਅਧਿਕ ਪੋਸਟਾਂ ਹੋਣ ਦੀ ਸੂਰਤ ਵਿੱਚ ਬੱਚਿਆਂ ਨੂੰ ਚਰਨ ਸਿੰਘ ਤੋਂ ਪੜ੍ਹਨਾਂ ਹੀ ਪਸੰਦ ਸੀ। ਉਸਨੇ ਸਕੂਲਾਂ ਵਿੱਚ ਆਪਣੇ ਵਿਸ਼ੇ ਤੋਂ ਇਲਾਵਾ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ, ਫੰਡਜ਼ ਆਦਿ ਦਾ ਕੰਮ ਪੂਰੀ ਤਨਦੇਹੀ ਦੇ ਨਾਲ ਕੀਤਾ।

ਸਾਇੰਸ ਵਿਸੇ ਦੇ ਸਿਲੇਬਸ ਨੂੰ ਸੌਖਾ ਕਰਨ ਹਿੱਤ ਸਾਲ 2013 ਵਿੱਚ ਉਸਨੇ ਨੌਵੀ ਅਤੇ ਦਸਵੀਂ ਸ੍ਰੇਣੀ ਨੂੰ ਪੜ੍ਹਾਉਂਦੇ ਅਧਿਆਪਕਾਂ ਦੇ ਲਈ ਮਡਿਊਲ ਲਿਖਿਆ ਜਿਸ ਵਿੱਚ 14 ਕਿਰਿਆਵਾਂ ਨੂੰ ਸ਼ਾਮਿਲ ਕੀਤਾ ਜੋ ਕਿ ਪਾਠਕ੍ਰਮ ਤੇ ਅਧਾਰਿਤ ਸਨ। ਇਹਨਾਂ ਮਡਿਊਲਜ਼ ਨੂੰ ਅਧਿਆਪਕਾਂ ਦੁਆਰਾ ਸਰਾਹਿਆ ਗਿਆ। ਇੱਥੇ ਹੀ ਬਸ ਨਹੀਂ ਅਪਰੈਲ 2015 ਵਿੱਚ ਐਨ ਮਾਲਤੀ ਮਹਿੰਦਰ ਸਿੰਘ ਸਿੰਗਲ ਰਿਸਰਚ ਐਂਡ ਐਜੂਕੇਸ਼ਨ ਸੁਸਾਇਟੀ ਦੁਆਰਾ ਸਾਰੇ ਰਾਜ ਵਿੱਚ ਸਾਇੰਸ ਵਿਸ਼ੇ ਦੇ ਲਏ ਗਏ ਇਮਤਿਹਾਨ ਨੂੰ ਪਾਸ ਕਰਨ ਤੇ 29 ਮਈ 2015 ਨੂੰ ਮਾਨਯੋਗ ਲੇਟ ਸਾਬਕਾ ਰਾਸ਼ਟਰਪਤੀ ਸ੍ਰੀ ਏਪੀਜੇ ਅਬਦੁਲ ਕਲਾਮ ਵੱਲੋਂ ਉਸਨੂੰ ਇੱਕ ਲੱਖ ਕੈਸ਼ ਪੁਰਸਕਾਰ, ਰੋਵ ਆਫ ਆਨਰ ਦਾ ਖਿਤਾਬ ਨਵੀਂ ਦਿੱਲੀ ਵਿਖੇ ਦਿੱਤਾ ਗਿਆ।

ਸਾਲ 2016 ਬੜ੍ਹਾ ਖੁ ਦੇਣ ਵਾਲਾ ਰਿਹਾ ਕਿਉਂ ਜੋ ਉਸਦੀ ਪਦ ਉਨਤੀ ਬਤੌਰ ਕੈਮਿਸਟਰੀ ਲੈਕਚਰਾਰ ਸਸਸਸ ਧੂਰੀ (ਕੰ) ਵਿੱਚ ਹੋ ਗਈ।ਪਰ ਉਹ ਹਾਲੇਂ ਕੁੱਝ ਨਵਾਂ ਕਰਨਾ ਚਾਹੁੰਦਾ ਸੀ।ਉਸਨੇ ਬੱਚਿਆਂ ਨੂੰ ਪ੍ਰਤਿਯੋਗੀ ਪ੍ਰੀਖਿਆਵਾਂ ਦੀ ਤਿਆਰੀ, ਪ੍ਰੈਕਟੀਕਲ ਕਰਵਾਉਣ ਲਈ ਵਾਧੂ ਸਮਾਂ ਲਗਾਇਆ। ਕੈਮਿਸਟਰੀ ਵਿਸ਼ੇ ਵਿੱਚੋਂ ਸੋਂ ਫੀਸਦੀ ਨੰਬਰ ਲੈ ਰਹੇ ਬੱਚੇ ਉਸ ਵੱਲੋਂ ਕਰਵਾਈ ਜਾ ਰਹੀ ਮਿਹਨਤ ਦੇ ਗਵਾਹ ਹਨ। 2017 ਵਿੱਚ ਮਾਲਤੀ ਗਿਆਨ ਪੀਠ ਪੁਰਸਕਾਰ ਲਈ ਪ੍ਰਤਿਯੋਗੀਆਂ ਦੀ ਚੋਣ ਕਰਨ ਵਿੱਚ ਵਿਸ਼ਾ ਮਾਹਿਰ ਦੇ ਤੌਰ ਤੇ ਕੰਮ ਕਰਨ ਦਾ ਮੌਕਾ ਮਿਲਿਆ। ਇਸ ਕਾਰਜ ਬਦਲੇ ਸੰਸਥਾ ਨੇ ਉਸਨੂੰ ਪ੍ਰਸ਼ੰਸਾ ਪੱਤਰ ਨਾਲ ਸਨਮਾਨਿਤ ਕੀਤਾ। ਸਟੇਟ ਕਾਊਂਸਿਲ ਆਫ ਐਜੂਕੇਸ਼ਨ ਰਿਸਰਚ ਟਰੇਨਿੰਗ ਵਿਖੇ ਸਾਇੰਸ ਵਿਸ਼ੇ ਦੇ ਕਾਫੀ ਲੈਕਚਰ ਰਿਕਾਰਡ ਕਰਵਾਏ ਜੋ ਕਿ ਬੱਚਿਆਂ ਦੇ ਲਈ ਲਾਹੇਵੰਦ ਸਿੱਧ ਹੋਏ। ਸਾਇੰਸ ਵਿਸ਼ੇ ਨਾਲ ਸਬੰਧਤ ਕਰਵਾਏ ਜਾਂਦੇ ਵੱਖੋਂ ਮੁਕਾਬਲਿਆਂ ਜਿਵੇਂ ਕੁਇਜ਼, ਸਾਇੰਸ ਮੇਲੇ, ਸਾਇੰਸ ਪ੍ਰਦਰਸ਼ਨੀ ਆਦਿ ਵਿੱਚ ਬਤੌਰ ਜੱਜ ਦੀ ਭੂਮਿਕਾ ਅਨੇਕਾਂ ਦਫ਼ਾ ਨਿਭਾਈ। ਇਨਸਪਾਇਰ ਐਵਾਰਡ, ਈਕੋ ਕਲੱਬ ਵਿੱਚ ਬੱਚਿਆਂ ਦੀ ਕਾਰਗੁਜ਼ਾਰੀ ਨੂੰ ਹੋਰ ਬਿਹਤਰ ਬਣਾਇਆ। ਸਾਇੰਸ ਵਿਸ਼ੇ ਵਿੱਚ ਖਾਸ ਮੁਹਾਰਤ ਹੋਣ ਕਰਕੇ ਉਸਨੂੰ ਸਰਕਾਰੀ ਇਨਸਰਵਿਸ ਟਰੇਨਿੰਗ ਸੈਂਟਰ ਸੰਗਰੂਰ ਵਿੱਚ ਬਤੌਰ ਮਾਸਟਰ ਰਿਸੋਰਸ ਪਰਸਨ ਲਗਾਇਆ। ਨਵ ਨਿਯੁਕਤ ਅਧਿਆਪਕਾਂ ਨੂੰ ਟਰੇਨਿੰਗ ਦਾ ਕੰਮ ਕੀਤਾ। ਅਸੀਂ ਭਲੀ ਭਾਂਤ ਜਾਣਦੇ ਹਾਂ ਕਿ ਰਾਜ ਪੁਰਸਕਾਰ ਹਾਂਸਲ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ ਪਰ ਚਰਨ ਸਿੰਘ ਔਲਖ ਨੇ ਵਿਖਾ ਦਿੱਤਾ ਕਿ ਜੇਕਰ ਦ੍ਰਿੜ ਇਰਾਦੇ ਦੇ ਨਾਲ ਆਪਣੀ ਡਿਊਟੀ ਨੂੰ ਸਖ਼ਤ ਮਿਹਨਤ, ਯੋਜਨਾਬੰਦੀ ਅਤੇ ਮਿੱਥੇ ਉਦੇਸ਼ ਨਿਰਧਾਰਿਤ ਕਰਕੇ ਨਿਭਾਈਏ ਤਾਂ ਕੋਈ ਵੀ ਐਵਾਰਡ ਸਾਡੀ ਝੋਲੀ ਪੈ ਸਕਦਾ ਹੈ। ਸਮੁੱਚੇ ਅਧਿਆਪਕ ਵਰਗ ਨੂੰ ਉਹਨਾਂ ਤੋਂ ਪ੍ਰੇਰਣਾ ਲੈਂਦੇ ਹੋਏ ਅਜਿਹੇ ਯਤਨਾਂ ਲਈ ਕੋਸ਼ਿਸ ਕਰਨੀ ਚਾਹੀਦੀ ਹੈ। ਉਹਨਾਂ ਦੀ ਮਿਹਨਤ ਨੂੰ ਸਲਾਮ ਕਰਨਾ ਬਣਦਾ ਹੈ। ਅਜੇ ਚਰਨ ਸਿੰਘ ਔਲਖ ਦੀ ਮੰਜ਼ਿਲ ਇੱਥੇ ਹੀ ਖਤਮ ਨਹੀਂ ਹੁੰਦੀ ਬਲਕਿ ਉਸਨੇ ਬਹੁਤ ਸਾਰੇ ਹੋਰ ਮੁਕਾਮ ਹਾਂਸਲ ਕਰਨੇ ਹਨ। ਮੈਂ ਉਸਦੀ ਚੰਗੀ ਸਿਹਤ ਦੀ ਕਾਮਨਾ ਕਰਦਾ ਹੋਇਆ ਸਿੱਖਿਆ ਦੇ ਖੇਤਰ ਵਿੱਚ ਹੋਰ ਤਰੱਕੀਆਂ ਕਰਦੇ ਰਹਿਣ ਲਈ ਆਸਵੰਦ ਹਾਂ।

## ਜੋ ਕਹਿੰਦੇ

ਜੋ ਕਹਿੰਦੇ ਗੁਰੂ ਘਰ ਟੱਲ ਵੱਜਣਗੇ
ਨਾਂ ਕੱਲ੍ਹ ਵੱਜੇ ਸੀ ਨਾਂ ਕੱਲ੍ਹ ਵੱਜਣਗੇ
ਜਾਗ ਪਏ ਅੱਜ ਨੀਂਦ ਚੋਂ ਸੂਰੇ
ਹੁਣ ਅਖਾੜੇ ਮੱਲ ਗੱਜਣਗੇ
ਇਕ ਹੱਥ ਮੀਰੀ ਇਕ ਹੱਥ ਪੀਰੀ
ਕਿਧਰੇ ਰਾਜ ਤੇ ਕਿਤੇ ਫ਼ਕੀਰੀ
ਜ਼ਾਲਮਾਂ ਦੇ ਲਈ ਹੱਥ ਵਿਚ ਖੰਡਾ
ਭੁੱਖਿਆਂ ਲਈ ਦੇਗ ਵੀ ਹੈ
ਬਾਬੇ ਨਾਨਕ ਦੀ ਬਾਣੀ ਵੀ ਹੈ
ਤੇ ਗੁਰੂ ਗੋਬਿੰਦ ਦੀ ਤੇਗ਼ ਵੀ ਹੈ
ਗੁਰੂ ਅਰਜਨ ਜਿਹਾ ਠਰੰਮਾ
ਤੇ ਸਤਲੁਜ ਦਾ ਵੇਗ ਵੀ ਹੈ
ਦੇਖ ਜਰਾ ਤੂੰ ਸਰਸਾ ਕੰਢੇ
ਇਕ ਪਾਸੇ ਤਾਂ ਖੜਕਣ ਖੰਡੇ
ਦੂਜੇ ਪਾਸੇ ਦੀਵਾਨ ਵੀ ਸੱਜੇ
ਮਿੱਠੀ ਧੁਨ ਰਬਾਬ ਦੀ ਵੱਜੇ
ਸੰਘਰਸ਼ ਦਾ ਦੂਜਾ ਨਾਮ ਹੈ ਸਿੱਖੀ
ਆਪਣੀ ਕਿਸਮਤ ਆਪ ਹੈ ਲਿੱਖੀ
ਇਹਦਾ ਕਦੇ ਵਜੂਦ ਨਾ ਮਿਟਿਆ
ਵਾਲਹੁ ਨਿੱਕੀ ਖੰਡਿਓਂ ਤਿੱਖੀ
ਕਿਧਰੇ ਪਲੰਘ ਨਵਾਰੀ ਕਿਧਰੇ
ਕੰਡਿਆਂ ਦੀ ਸੇਜ ਵੀ ਹੈ
ਬਾਬੇ ਨਾਨਕ ਦੀ ਬਾਣੀ ਵੀ ਹੈ
ਗੁਰੂ ਗੋਬਿੰਦ ਦੀ ਤੇਗ਼ ਵੀ ਹੈ
ਰੋਮ ਰੋਮ ਵਿਚ ਰਚ ਗਈ ਜਿਹੜੀ
ਪੋਰੀ ਪੋਰੀ ਕਿਵੇਂ ਵੱਢੋਗੇ
ਬੇਅਦਬੀ ਨਾਲ਼ ਪਾਟਣ ਵਰਕੇ
ਦਿਲ ਦੇ ਵਿਚੋਂ ਕਿਵੇਂ ਕੱਢੋਗੇ
ਬੱਠਲਾਂ ਰੰਬੀਆਂ ਕਾਤੀਆਂ ਕੋਲੋਂ
ਪੁੱਛ ਵੇਖੋ ਉਹਨਾਂ ਜਾਤੀਆਂ ਕੋਲੋਂ
ਕੀ ਆਪਣੇ ਆਪਣੇ ਸੰਦ ਚੁੱਕਣਗੇ ?
ਗੋਬਿੰਦ ਨੇ ਜੋ ਸ਼ੇਰ ਬਣਾਏ
ਕੀ ਮੁੜ ਥੋੜਾ ਉਹ ਗੰਦ ਚੁੱਕਣਗੇ ?
ਯਾਦ ਰੱਖਿਓ ਲ਼ਹੂ ਇਹ ਸਾਡਾ
ਅਣਖਾਂ ਨਾਲ ਲਬਰੇਜ਼ ਵੀ ਹੈ
ਬਾਬੇ ਨਾਨਕ ਦੀ ਬਾਣੀ ਵੀ ਹੈ
ਤੇ ਗੁਰੂ ਗੋਬਿੰਦ ਦੀ ਤੇਗ਼ ਵੀ ਹੈ
ਗੁਰੂ ਅਰਜਨ ਜਿਹਾ ਠਰੰਮਾ ਤੇ
ਸਤਲੁਜ ਦਾ ਵੇਗ ਵੀ ਹੈ।



**ਅਵਤਾਰ ਸਿੰਘ ਸਨੌਰ**

## ਨਹੀਓਂ ਮਰਨੀ ਪੰਜਾਬੀ ਹੈ ਹੁਕਮ ਚੰਦਾ!

ਨਹੀਓਂ ਮਰਨੀ ਪੰਜਾਬੀ ਹੈ ਹੁਕਮ ਚੰਦਾ
ਜ਼ੋਰ ਲਾ ਚੁੱਕਿਆ ਗੁਲਜ਼ਾਰੀ ਲਾਲ ਨੰਦਾ!

ਸ਼ਹਿਦ ਨਾਲੋਂ ਵੀ ਮਿੱਠੀ ਜ਼ੁਬਾਨ ਹੈ ਇਹ,
ਗੁਰੂਆਂ-ਪੀਰਾਂ ਦੇ ਵੱਲੋਂ ਵਰਦਾਨ ਹੈ ਇਹ,
ਸਾਂਭ ਆਪਣਾ ਤੂੰ ਕੋਈ ਕੰਮ-ਧੰਦਾ
ਨਹੀਓਂ ਮਰਨੀ ਪੰਜਾਬੀ ....!

ਬਾਬੇ ਨਾਨਕ ਨੇ ਬੋਲੀ ਹੈ ਪੰਜਾਬੀ,
ਤੇਰਾਂ-ਤੇਰਾਂ ਕਰਕੇ ਤੋਲੀ ਹੈ ਪੰਜਾਬੀ,
ਮੂੰਹ ਆਪਣਾ ਨਾ ਕਰ ਆਪਣੇ-ਆਪ ਗੰਦਾ
ਨਹੀਓਂ ਮਰਨੀ ਪੰਜਾਬੀ .....!

ਕਦੇ ਦੇਖੇ ਪੰਜਾਬੀਆਂ ਦੇ ਹੱਥ ਨਹੀਂ ਤੂੰ
ਕਦੀ ਦੇਖੀ ਪੰਜਾਬੀਆਂ ਦੀ ਸੱਥ ਨਹੀਂ ਤੂੰ
ਆਪਣਾ ਗਲ਼ ਵਿਚ ਨਾ ਪਾ ਆਪਣੇ-ਆਪ ਫੰਦਾ
ਨਹੀਓਂ ਮਰਨੀ ਪੰਜਾਬੀ ...!

ਰਹਿੰਦੀ ਦੁਨੀਆਂ ਤੱਕ ਪੰਜਾਬੀ ਨੇ ਗੂੰਜਣਾ ਹੈ
ਖਿੜਿਉਂ ਫੁੱਲ ਗੁਲਾਬੀ ਨੇ ਝੂੰਮਣਾ ਹੈ
ਤੈਨੂੰ ਮੁਆਫ ਕੀਤਾ ਜਾਣ ਕੇ ਬਿਰਧ-ਬੰਦਾ
ਨਹੀਓਂ ਮਰਨੀ ਪੰਜਾਬੀ ...!

ਸ਼ਾਲਾ! ਰਹੇ ਪੰਜਾਬੀ ਦਾ ਬਾਗ ਖਿੜਿਆ
ਖਾਵੇ ਮੂੰਹ ਦੀ ਜੋ ਇਹਦੇ ਨਾਲ ਭਿੜਿਆ
ਤੇਰੇ ਵਰਗਾ ਨਹੀਂ ਹੈ ਕੋਈ ਮੂੜ ਬੰਦਾ
ਨਹੀਓਂ ਮਰਨੀ ਪੰਜਾਬੀ ...!

ਨਹੀਓਂ ਮਰਨੀ ਪੰਜਾਬੀ ਹੈ ਹੁਕਮ ਚੰਦਾ
ਜ਼ੋਰ ਲਾ ਚੁੱਕਿਆ ਗੁਲਜ਼ਾਰੀ ਲਾਲ ਨੰਦਾ!

**- ਇਕਵਿੰਦਰ ਸਿੰਘ**

## ਲੋਕ ਗਾਥਾ

ਸਾਹਿਬਾਂ ਤਰਲੇ ਮਾਰਦੀ ਤੈਨੂੰ ਗੱਲ ਮੈਂ ਦੱਸਾਂ ਅਖੀਰ
ਤੂੰ ਸੁੱਤਾ ਕਿਉਂ ਨੀ ਜਾਗਦਾ ਮੇਰੀ ਮਾੜੀ ਕਿਉਂ ਕਰਦਾ ਤਕਦੀਰ
ਅੱਡੀ ਮਾਰ ਮਾਰ ਕੇ ਮਿਰਜਿਆ ਕਿਉਂ ਤੂੰ ਹੋ ਗਿਆ ਵੇ ਖੰਡ ਖੀਰ
ਇਹ ਦੱਸ ਕਦੋਂ ਕੰਮ ਆਉਣਗੇ ਜਿਹੜੇ ਚੱਕੀ ਫਿਰਦਾ ਤੀਰ
ਜਿਹਨਾਂ ਦੀ ਇੱਜ਼ਤ ਨੂੰ ਹੱਥ ਪਾ ਲਿਆ ਨਾ ਭਲੀ ਕਰਨਗੇ ਵੀਰ
ਗੁੱਸਾ ਅੱਗ ਵਾਂਗੂੰ ਜਦ ਭੜਕਦਾ ਉਹ ਤਾਂ ਬਦਲ ਦੇਣ ਤਸਵੀਰ
ਵੇਖ ਮਿੰਨਤਾਂ ਕਰਦੀ ਤੇਰੀਆਂ ਮੇਰਾ ਕੌਣ ਬਣਾਵੇ ਧੀਰ
ਨਾਲੇ ਕੁੱਤੇ ਰੋਂਦੇ ਕੱਲਰੀਂ ਉਤੋਂ ਰੋਂਦਾ ਜੰਡ ਕਰੀਰ
ਮਦਦ ਲਈ ਕੀਹਨੂੰ ਕਹਿੰਦਿਆਂ ਨਾ ਕੋਈ ਦਿਸਦਾ ਵੇ ਰਾਹਗੀਰ
ਦੁਨੀਆਂ ਜਾਣੇ ਮੇਰੇ ਬਾਪ ਨੂੰ ਜੀਹਦਾ ਨਾਂ ਹੈ ਖਾਨ ਸ਼ਮੀਰ
ਪੱਚੀਆਂ ਪਿੰਡਾਂ ਦਾ ਮਾਲਕ ਵੇ ਅੱਗ ਲਾਈ ਨਾ ਮੁੱਕੇ ਜਗੀਰ
ਕਹਿੰਦਾ ਬਦਲਾ ਲੈ ਲਓ ਪੁੱਤਰੋ ਚੜ੍ਹ ਕੇ ਆ ਗਏ ਘੱਤ ਵਹੀਰ
ਉਹਨਾਂ ਵੱਢ ਕੇ ਕਰਤਾ ਡੱਕਰੇ ਮਿਰਜੇ ਦਾ ਮੁੱਕ ਗਿਆ ਜੱਗ 'ਚੋਂ ਸੀਰ
ਗੱਲਾਂ ਜਾ ਕੇ 'ਦੇਵ ਘੋਲੀਏ' ਦੱਸੀਆਂ ਮੇਰੇ ਦਿਲ ਨੂੰ ਗਈਆਂ ਚੀਰ
ਕਹਿੰਦਾ ਔਰ ਵੱਢਿਆ ਪਿਆ ਤੇਰਾ ਸੂਰਮਾ ਜੀਹਦਾ ਮਿੱਟੀ ਰੁਲੇ ਸਰੀਰ।



**- ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
**559-232-7764**

## ਧੁੰਦ

ਹੇ ਮੇਰੇ ਦੇਸ਼ ਦੇ ਦੱਬੇ
ਕੁੱਚਲੇ ਤੇ ਲਤਾੜੇ ਹੋਏ ਲੋਕੋ,
ਤੁਹਾਡੇ ਮਨਾਂ ਤੇ
ਅਗਿਆਨਤਾ ਕਾਰਨ
ਚਿਰਾਂ ਤੋਂ
ਵਹਿਮਾਂ ਦੀ ਧੁੰਦ
ਜੰਮੀ ਹੋਈ ਹੈ।
ਇਸ ਧੁੰਦ ਨੂੰ
ਹਟਾਣ ਦੀ ਖ਼ਾਤਰ
ਤੁਸੀਂ ਕਦੇ ਅੰਨਪੜ੍ਹ ਸਾਧਾਂ ਦੇ
ਡੇਰਿਆਂ ਦੇ ਚੱਕਰ ਲਗਾਂਦੇ ਹੋ,
ਕਦੇ ਜੋਤਸ਼ੀਆਂ ਨੂੰ
ਹੱਥ ਵਿਖਾਂਦੇ ਹੋ
ਤੇ ਕਦੇ ਆਪੇ ਬਣੇ ਗੁਰੂਆਂ ਤੋਂ
ਨਾਮ ਦਾਨ ਲੈਂਦੇ ਹੋ।
ਝੱਲਿਉ , ਇਹ ਧੁੰਦ ਤਾਂ ਹੀ
ਹਟ ਸਕਦੀ ਹੈ
ਜੇ ਕਰ ਤੁਹਾਡੇ ਕੋਲ
ਅੱਖਰ ਗਿਆਨ ਦਾ ਸੂਰਜ ਹੋਵੇ।
ਇਹ ਸੂਰਜ ਤੁਹਾਡੇ ਮਨਾਂ ਵਿੱਚ
ਪ੍ਰਕਾਸ਼ ਹੀ ਪ੍ਰਕਾਸ਼ ਕਰ ਦੇਵੇਗਾ।
ਇਸ ਪ੍ਰਕਾਸ਼ ਨਾਲ ਤੁਸੀਂ
ਸਹੀ , ਗਲਤ ਦੀ
ਪਛਾਣ ਕਰ ਸਕੋਗੇ
ਤੇ ਅੰਨਪੜ੍ਹ ਸਾਧਾਂ , ਜੋਤਸ਼ੀਆਂ
ਤੇ ਆਪੇ ਬਣੇ ਗੁਰੂਆਂ ਵਲੋਂ
ਕੀਤੀ ਜਾਂਦੀ ਲੁੱਟ ਤੋਂ ਬਚ ਸਕੋਗੇ।



**- ਮਹਿੰਦਰ ਸਿੰਘ ਮਾਨ**
**91-99158-03554**

# ਦੁਸ਼ਹਿਰੇ ਮੌਕੇ ਰਾਵਣ ਦੇ ਪੁਤਲੇ ਸਾੜਨ ਦਾ ਦਲਿਤ ਜਥੇਬੰਦੀਆਂ ਵੱਲੋਂ ਵਿਰੋਧ

**ਮੋਹਾਲੀ-** ਦੁਸ਼ਹਿਰੇ ਦੇ ਤਿਉਹਾਰ ਮੌਕੇ ਰਾਵਣ ਦੇ ਪੁਤਲੇ ਸਾੜਨ ਅਤੇ ਰਾਮਲੀਲਾ ਵਿਚ ਰਾਵਣ ਦੇ ਚਰਿੱਤਰ ਨੂੰ ਘਟੀਆ ਦਿਖਾਉਣ ਉਤੇ ਪਾਬੰਦੀ ਲਗਾਉਣ ਦੀ ਮੰਗ ਨੂੰ ਲੈ ਕੇ ਦਲਿਤ ਜਥੇਬੰਦੀਆਂ ਇੱਕਜੁਟ ਹੋ ਗਈਆਂ ਹਨ। ਵੱਖ-ਵੱਖ ਦਲਿਤ ਜਥੇਬੰਦੀਆਂ ਦੇ ਆਗੂਆਂ ਵੱਲੋਂ ਇੱਥੇ ਡਿਪਟੀ ਕਮਿਸ਼ਨਰ ਮੋਹਾਲੀ ਦੇ ਨਾਂ ਇਕ ਮੰਗ ਪੱਤਰ ਏ. ਡੀ. ਸੀ. ਮੋਹਾਲੀ ਨੂੰ ਸੌਂਪਿਆ ਗਿਆ। ਇਸ ਪੱਤਰ ਦੀਆਂ ਕਾਪੀਆਂ ਮੁੱਖ ਸਕੱਤਰ ਪੰਜਾਬ ਸਰਕਾਰ, ਗ੍ਰਹਿ ਸਕੱਤਰ, ਚੇਅਰਪਰਸਨ ਐਸ. ਸੀ. ਕਮਿਸ਼ਨ ਪੰਜਾਬ ਅਤੇ ਐਸ. ਡੀ. ਐਮ. ਖਰੜ ਨੂੰ ਵੀ



ਭੇਜੀਆਂ ਗਈਆਂ ਹਨ।

ਇਸ ਮੌਕੇ ਜਾਣਕਾਰੀ ਦਿੰਦਿਆਂ ਬਲਜੀਤ ਸਿੰਘ ਮੈਂਬਰ ਪਾਵਰ ਆਫ ਸੋਸ਼ਲ ਯੂਨਿਟੀ, ਮੇਵਾ ਸਿੰਘ ਪੁਰਖਾਲੀ ਪ੍ਰਧਾਨ ਆਜ਼ਾਦ ਭਾਰਤ ਮਿਸ਼ਨ, ਵੇਦ ਪ੍ਰਕਾਸ਼ ਪ੍ਰਧਾਨ ਭਗਵਾਨ ਵਾਲਮੀਕ ਸਭਾ ਖਰੜ, ਅਮਰ ਚੰਦ, ਰੇਸ਼ਮ ਸਿੰਘ ਨਰੇਗਾ ਵਰਕਰ ਫਰੰਟ ਪੰਜਾਬ, ਸੰਦੀਪ ਕੁਮਾਰ ਖਰੜ ਅਤੇ ਜਗਦੀਪ ਸਿੰਘ ਆਦਿ ਨੇ ਕਿਹਾ ਕਿ ਸਮੁੱਚੇ ਦਲਿਤ ਸਮਾਜ ਵਿਚ ਰਾਵਣ ਨੂੰ ਮਹਾਤਮਾ ਦੇ ਤੌਰ 'ਤੇ ਮੰਨਿਆ ਜਾਂਦਾ ਹੈ।

ਪਾਵਰ ਆਫ ਸੋਸ਼ਲ ਯੂਨਿਟੀ ਦੇ ਮੈ ਬਲਜੀਤ ਸਿੰਘ ਨੇ ਕਿਹਾਕਿ ਹਰੇਕ ਸਾਲ ਦੁਸ਼ਹਿਰੇ ਦੇ ਤਿਉਹਾਰ ਮੌਕੇ ਮਹਾਤਮਾ ਰਾਵਣ ਦੇ ਪੁਤਲੇ ਬਣਾ ਕੇ ਵੱਖ-ਵੱਖ ਥਾਵਾਂ 'ਤੇ ਸਾੜੇ ਜਾਂਦੇ ਹਨ। ਇਸ ਤੋਂ ਇਲਾਵਾ ਰਾਮਲੀਲਾ ਵਿਚ ਵੀ ਮਹਾਤਮਾ ਰਾਵਣ ਦੇ ਚਰਿੱਤਰ ਨੂੰ ਵੀ ਘਟੀਆ ਕਰ ਕੇ ਦਿਖਾਇਆ ਜਾਂਦਾ ਹੈ, ਜਿਸ ਨਾਲ ਦਲਿਤ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚਦੀ ਹੈ। ਉਹਨਾਂ ਕਿਹਾ ਕਿ ਮਹਾਤਮਾ ਰਾਵਣ ਦੇ ਪੁਤਲੇ ਪਿਛਲੇ ਲੰਮੇ ਸਮੇਂ ਤੋਂ ਫੂਕੇ ਜਾਂਦੇ ਆ ਰਹੇ ਹਨ, ਜਿਸ ਨਾਲ ਹਰ ਸਾਲ ਵੱਡੀ ਮਾਤਰਾ ਵਿਚ ਪ੍ਰਦੂਸ਼ਣ ਫੈਲਾਇਆ ਜਾਂਦਾ ਹੈ। ਹੁਣ ਜਦੋਂ ਕਿ ਸਰਕਾਰਾਂ ਪ੍ਰਦੂਸ਼ਣ ਨੂੰ ਰੋਕਣ ਵਿਚ ਵੀ ਜੁਟੀਆਂ ਹੋਈਆਂ ਹਨ ਅਤੇ ਇਸ ਨਾਲ ਦਲਿਤ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਵੀ ਸੱਟ ਵੱਜਦੀ ਹੈ। ਇਸ ਲਈ ਦੁਸ਼ਹਿਰੇ ਮੌਕੇ ਮਹਾਤਮਾ ਰਾਵਣ ਦੇ ਪੁਤਲੇ ਫੂਕਣ 'ਤੇ ਤੁਰੰਤ ਰੋਕ ਲਗਾਈ ਜਾਵੇ।

## ਸ੍ਰੀ ਗੁਰੂ ਰਵਿਦਾਸ ਗਿਆਨ ਗੰਗਾ ਮਹਾਂਯੱਗ ਅਤੇ ਸ੍ਰੀ ਗੁਰੂ ਰਵਿਦਾਸ ਕਥਾ ਦਾ ਆਯੋਜਨ




**ਜਲੰਧਰ-** ਸ੍ਰੀ ਗੁਰੂ ਰਵਿਦਾਸ ਵਿਸ਼ਵ ਮਹਾਂਪੀਠ, ਹਰਿਦੁਆਰ ਦੇ ਸੱਦੇ ਤੇ ਸ੍ਰੀ ਗੁਰੂ ਰਵਿਦਾਸ ਗਿਆਨ ਗੰਗਾ ਮਹਾਂਯੱਗ ਅਤੇ ਸ੍ਰੀ ਗੁਰੂ ਰਵਿਦਾਸ ਕਥਾ ਦਾ ਆਯੋਜਨ 2 ਨਵੰਬਰ ਤੋਂ 5 ਨਵੰਬਰ 2019 ਤੱਕ ਨਮਾਮੀ ਗੰਗੇ ਘਾਟ ਚੰਡੀਪੁਲ ਹਰਿਦੁਆਰ ਵਿਚ ਹੋਣ ਜਾ ਰਿਹਾ ਹੈ। ਇਸ ਪ੍ਰੋਗਰਾਮ ਦੀ ਸੰਪੂਰਨਤਾ ਦੇ ਲਈ ਸ੍ਰੀ ਸੁਰੇਸ਼ ਰਾਠੌਰ, ਪ੍ਰਧਾਨ ਸ੍ਰੀ ਗੁਰੂ ਰਵਿਦਾਸ ਵਿਸ਼ਵ ਮਹਾਂਪੀਠ ਅਤੇ ਵਿਧਾਇਕ ਜਵਾਲਾਪੁਰ (ਉਤਰਾਖੰਡ) ਸ੍ਰੀ ਅਵਿਨਾਸ਼ ਚੰਦਰ, ਸਾਬਕਾ ਵਿਧਾਇਕ ਪੰਜਾਬ ਸ੍ਰੀ ਰਾਜੇਸ਼ ਬਾਘਾ ਉਪ ਪ੍ਰਧਾਨ ਭਾਜਪਾ ਪੰਜਾਬ, ਸ੍ਰੀ ਜੀਵਨ ਸਿੰਘ, ਸ੍ਰੀ ਸਰਬਜੀਤ ਸਿੰਘ, ਸ੍ਰੀ ਭੁਪਿੰਦਰ ਕੁਮਾਰ, ਮੈਡਮ ਸੰਤੋਸ਼ ਕੁਮਾਰੀ, ਸ੍ਰੀ ਮਨਜੀਤ ਬਾਲੀ ਅਤੇ ਸ੍ਰੀ ਜੋਗੀ ਤਲਹਨ ਨੇ ਸ੍ਰੀ 108 ਸੰਤ ਨਿਰਮਲ ਦਾਸ ਜੀ ਜੋੜੇ ਵਾਲਿਆਂ ਤੋਂ ਵਿਸ਼ੇਸ਼ ਆਸ਼ੀਰਵਾਦ ਪ੍ਰਾਪਤ ਕੀਤਾ ਅਤੇ ਪ੍ਰੋਗਰਾਮ ਵਿਚ ਸ਼ਾਮਲ ਹੋਣ ਦਾ ਸੱਦਾ ਵੀ ਦਿੱਤਾ।

# ਪੰਜਾਬੀਆਂ ਨੇ ਹਮੇਸ਼ਾ ਨਿਰਪੱਖਤਾ ਦਾ ਪ੍ਰਦਰਸ਼ਨ ਕੀਤਾ- ਸਾਬਕਾ ਕੇਂਦਰੀ ਮੰਤਰੀ ਮੁਨੀਸ਼ ਤਿਵਾੜੀ

**ਨਿਊਜਰਸੀ (ਰਾਜ ਗੋਗਨਾ)—** ਬੀਤੇਂ ਦਿਨ ਅਮਰੀਕਾ ਦੇ ਸੂਬੇ ਪੈਨਸਿਲਵੇਨੀਆ ਦੇ ਸ਼ਹਿਰ ਬੈਨਸਲਮ ਦੇ ਨਾਮਵਰ ਇਕ ਭਾਰਤੀ ਹੋਟਲ ਸ਼ਗੁਨ ਪੈਲੇਸ ਵਿਖੇਂ ਦੂਰ ਸੰਚਾਰ ਮਹਿਕਮੇ ਦੇ ਸਾਬਕਾ ਕੇਂਦਰੀ ਮੰਤਰੀ ਅਤੇ ਸ਼੍ਰੀ ਅਨੰਦਪੁਰ ਸਾਹਿਬ ਤੋਂ ਮੌਜੂਦਾ ਮੈਂਬਰ ਪਾਰਲੀਮੈਂਟ ਮਨੀਸ਼ ਤਿਵਾੜੀ ਨੇ ਕਿਹਾ ਹੈ ਕਿ ਪੰਜਾਬੀਆਂ ਨੇ ਹਮੇਸ਼ਾ ਤੋਂ ਧਰਮ ਨਿਰਪੱਖਤਾ ਦਾ ਪ੍ਰਦਰਸ਼ਨ ਕੀਤਾ ਹੈ ਅਤੇ ਕਾਂਗਰਸ ਭਾਰਤ ਦੇ ਧਰਮ ਨਿਰਪੱਖ ਢਾਂਚੇ ਅਤੇ ਨਿਆਂਪਾਲਿਕਾ ਦੀ ਆਜ਼ਾਦੀ ਤੇ ਭਰੋਸਾ ਕਰਦੀ ਹੈ। ਉਹ ਆਪਣੀ ਅਮਰੀਕਾ ਦੀ ਫੇਰੀ ਦੌਰਾਨ ਪੈਨਸਿਲਵੇਨੀਆ ਦੇ ਬੈਨਸੇਲਮ ਵਿਖੇਂ ਭਾਰਤੀ ਹੋਟਲ ਸ਼ਗੁਨ ਪੈਲੇਸ ਵਿਖੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਪੰਜਾਬ ਚੈਪਟਰ ਯੂ. ਐੱਸ. ਏ ਦੇ ਪ੍ਰਧਾਨ ਗੁਰਮੀਤ ਸਿੰਘ ਗਿੱਲ ਵੱਲੋਂ ਆਯੋਜਿਤ ਇੱਕ ਵਿਸ਼ਾਲ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਤਿਵਾੜੀ ਨੇ ਕਿਹਾ ਕਿ ਅਸੀਂ ਭਾਰਤ ਦੀ ਅੰਦਰੂਨੀ ਸਿਆਸਤ ਦੀਆਂ ਗੱਲਾਂ ਛੱਡ ਕੇ ਆਉਂਦੇ ਹਾਂ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਦੇਸ਼ੀ ਫੇਰੀਆਂ ਦੌਰਾਨ ਵੀ ਵਿਰੋਧੀ ਪਾਰਟੀਆਂ ਦੀਆ ਨਿੰਦਾ ਕਰਨ ਤੋਂ ਨਹੀਂ ਟਲਦੇ । ਉਨ੍ਹਾਂ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਤੋਂ ਦੇਸ਼ ਅੰਦਰ ਧਰਮ ਨਿਰਪੱਖਤਾ ਅਤੇ ਨਿਆਂਪਾਲਿਕਾ ਦੀ ਆਜ਼ਾਦੀ ਤੇ ਭਰੋਸਾ ਕੀਤਾ ਹੈ। ਉੱਥੇ ਹੀ, ਪੰਜਾਬੀਆਂ ਨੇ ਹਮੇਸ਼ਾ ਤੋਂ ਧਰਮ ਨਿਰਪੱਖ ਵਿਚਾਰਧਾਰਾ ਦਾ ਪ੍ਰਦਰਸ਼ਨ ਕੀਤਾ ਹੈ, ਜਿਸ ਕਾਰਨ ਉਨ੍ਹਾਂ ਮਹਾਨ ਖਾਲਸਾ ਪੰਥ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਤੋਂ ਚੁਣ ਕੇ ਆਉਣ ਦਾ ਮੌਕਾ ਮਿਲਿਆ। ਉਨ੍ਹਾਂ ਲੁਧਿਆਣਾ ਲੋਕ ਸਭਾ ਹਲਕੇ ਤੋਂ ਚੋਣ ਲੜੀ, ਤਾਂ ਉਨ੍ਹਾਂ ਨੂੰ ਇੱਕ ਤਜ਼ੁਰਬਾ ਹੋਇਆ। ਇਸੇ ਤਰ੍ਹਾਂ, ਜਦੋਂ ਉਨ੍ਹਾਂ ਸ੍ਰੀ ਅਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਚੋਣ ਲੜੀ, ਤਾਂ ਉਨ੍ਹਾਂ ਨੂੰ ਇੱਕ ਹੋਰ ਤਜਰਬਾ ਹੋਇਆ ਕਿ ਪੰਜਾਬ ਦੇ ਲੋਕ ਧਰਮ, ਜਾਤ ਵਰਗੇ ਭੇਦਭਾਵਾਂ ਤੋਂ ਉੱਪਰ ਉੱਠ ਕੇ ਇਨਸਾਨੀਅਤ ਦੀ ਸੋਚ ਦੇ ਆਧਾਰ ਤੇ ਵੋਟ ਦਿੰਦੇ ਹਨ। ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਪਵਨ ਦੀਵਾਨ ਨੇ ਵੀ ਆਪਣੇ ਭਾਸ਼ਨ ਚ'ਕਿਹਾ ਕਿ ਵਿਦੇਸ਼ਾਂ ਦੀ ਤਰੱਕੀ 'ਚ ਪੰਜਾਬੀ ਭਾਈਚਾਰੇ ਦਾ ਬਹੁਤ ਹੀ ਵੱਡਾ ਯੋਗਦਾਨ ਹੈ। ਉਨ੍ਹਾਂ ਐਨ. ਆਰ. ਆਈ ਭਾਈਚਾਰੇ ਨੂੰ ਪੰਜਾਬ ਦੇ ਵਿਕਾਸ 'ਚ ਵੀ ਹਿੱਸਾ ਪਾਉਣ ਅਤੇ ਆਪੋ-ਆਪਣੇ ਪਿੰਡਾਂ ਨਾਲ ਸਬੰਧਤ ਸਕੂਲਾਂ, ਹਸਪਤਾਲਾਂ ਆਦਿ ਦੀ ਤਰੱਕੀ ਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇੰਡੀਅਨ ਓਵਰਸੀਜ਼ ਕਾਂਗਰਸ ਯੂ. ਐਸ. ਏ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜੀਆਂ ਨੇ ਕਿਹਾ ਕਿ, ਉਨ੍ਹਾਂ ਵੱਲੋਂ ਅਮਰੀਕਾ ਅੰਦਰ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਵੱਖ ਵੱਖ ਚੈਪਟਰ ਸਥਾਪਿਤ ਕੀਤੇ ਗਏ ਹਨ, ਤਾਂ ਜੋ ਪਾਰਟੀ ਦੀਆਂ ਨੀਤੀਆਂ ਦਾ ਐਨ. ਆਰ. ਆਈ ਭਾਈਚਾਰੇ ਵਿੱਚ ਪ੍ਰਸਾਰ ਹੋ ਸਕੇ। ਐਨ. ਆਰ. ਆਈ ਭਾਈਚਾਰੇ ਅੰਦਰ ਕਾਂਗਰਸ ਪਾਰਟੀ ਨੂੰ ਲੈ ਕੇ ਬਹੁਤ ਉਤਸ਼ਾਹ ਹੈ। ਇਸ ਤੋਂ ਪਹਿਲਾਂ, ਗੁਰਮੀਤ ਸਿੰਘ ਗਿੱਲ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਐੱਮ. ਪੀ ਮਨੀਸ਼ ਤਿਵਾੜੀ ਦਾ ਨਿੱਘਾ ਸਵਾਗਤ ਕੀਤਾ ਗਿਆ। ਗਿੱਲ ਨੇ ਕਿਹਾ ਕਿ, ਸਿਰਫ ਕਾਂਗਰਸ ਹੀ ਦੇਸ਼ ਦੇ ਹਿੱਤਾਂ ਨੂੰ ਸਮਝਦੀ ਹੈ ਅਤੇ ਉਨ੍ਹਾਂ ਦੀ ਰਾਖੀ ਕਰ ਸਕਦੀ ਹੈ। ਐਨ. ਆਰ. ਆਈ ਭਾਈਚਾਰਾ ਕਾਂਗਰਸ ਪਾਰਟੀ ਦੇ ਨਾਲ ਖੜ੍ਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ, ਕਰਨਬੀਰ ਸਿੰਘ ਬਰਾੜ, ਮਹਿੰਦਰ ਸਿੰਘ ਗਿਲਜੀਆਂ, ਮੇਜਰ ਸਿੰਘ ਢਿੱਲੋਂ, ਨਿਰਮਲ ਸਿੰਘ ਗਰੇਵਾਲ, ਪਰਮਿੰਦਰ ਸਿੰਘ ਦਿਓਲ, ਸੁਨੀਲ ਬਜਾਜ, ਵਰਿੰਦਰ ਸ਼ਰਮਾ, ਰਾਜਬਿੰਦਰ ਬਦੇਸ਼ਾ, ਹਰਜੀਤ ਸਿੱਧੂ, ਕਮਿਕਰ ਸਿੰਘ ਜੰਡੀ, ਤਲਵਿੰਦਰ ਸਿੰਘ ਘੁੰਮਣ, ਵਿੱਕੀ ਗਿੱਲ, ਫੁੰਮਣ ਸਿੰਘ, ਅਮਰ ਸਿੰਘ ਗੁਲਸ਼ਨ, ਪੱਪੀ ਬਦੇਸ਼ਾ, ਗੁਰਮੀਤ ਬੁੱਟਰ, ਨਵਦੀਪ ਸਿੰਘ, ਨਿਰਮਲ ਸਿੰਘ ਨਿੰਮਾ ਵੀ ਮੌਜੂਦ ਸਨ।






## Thinking of Buying or Selling a Home? I Can Help!




COMMERCIAL & RESIDENTIAL REAL ESTATE

# JOHN SINGH BANGA

*Honest & Experienced Realtor*

# 916-271-5404

FOR OVER 15 YEARS A TOP PRODUCER

banga.realtor@gmail.com

www.banga.bhhser.com

BERKSHIRE HATHAWAY HomeServices Elite Real Estate

## Buying or Selling any Business? Call Now 916-271-5404

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




Indian Restaurant
For Sale In Stockton
All Equipment & Fixtures Included
Listing Price: $149,900




2 Bedroom, 2 Bathroom
Sqft: 1280*, Lot Size: 3920*
Listing Price: $295,000
Sacramento, CA




Smoke Shop for Sale in Sacramento
Monthly Gross Sales: $50K
Listing Price: $89,000




Gas Station, Liquor Store,
Deli, & Laundromat!
In Contra Costa County, CA
Listing Price: $1,200,000




Auto Repair & Lube Shop
Lot Size: 2000, Rent is ONLY
$1500/mo.
Listing Price to $139,000
Sacramento, CA




Liquor Store for Sale in Santa Clara
Monthly Gross Sale: $90K
Listing Price: $649,000 plus Inventory




3 Bedroom, 3 Bathroom
Sqft: 1567*, Lot Size: 2448*
Listing Price: $325,000
Sacramento, CA




5 Bedroom, 4 Bathroom
Sqft: 3006, Lot Size: 8276*
Listing Price: $599,000
Sacramento, CA




Subway
for Sale in Sacramento
Listing Price: $224,900




Indian Restaurant
for Sale in Sacramento
Listing Price: $149,000




Liquor Store for Sale in Sacramento
Monthly Gross Sale: 80K
Down Payment: 350K (Seller will carry Rest)
Listing Price: $499,000 plus Inventory




Coffee Shop for Sale
Monthly Gross Sales: $25,000
Listing Price: $150,000




4 Bedroom, 3 Bathroom
Sqft: 2476*, Lot Size: 6617*
Listing Price: $549,900 Elk Grove, CA




5 Bedroom, 4 Bathroom
Sqft: 2725*, Lot Size: 5249*
Listing Price: $489,000 Elk Grove, CA




3 Bedroom, 2 Bathroom
Sqft: 1675*, Lot Size: 4792*
Listing Price: $398,000 Sacramento, CA




BH HS BERKSHIRE HATHAWAY HOMESERVICES

**BERKSHIRE HATHAWAY**
Home Services
Elite Real Estate

## OFFICE: 7412 ELSIE AVE., SACRAMENTO, CA 95828

# MAJESTIC HOMES

## Visit us at our new location!

### 3711 Sunset Lane, Suite F, Antioch, CA 94509



**READY FOR LEASE**

$1,900/monthly
1061 Lakeview Circle
Pittsburg

**2 Bedrooms, 2 Baths - Condo for Lease**

Just remodeled 2 bedroom, 2 bathroom home in gated community. Granite counter tops and washer and dryer in the unit. Community pool Close to freeway and community college.



**JUST SOLD**

2201 Westgate Dr
Pittsburg

**3 Bedrooms, 2 Baths For Sale in Pittsburg**

Well maintained, single story home with 3 bedrooms and 2 baths with 2 car garage. Kitchen has granite counters and garden window., laminate flooring, side yard, back yard and a patio. Corner lot. Very convenient location. Won't last at this price!!!



**JUST LISTED**

$484,900
4816 Woodbrige
Antioch

**4 Bedrooms, 2 Baths**

Beautiful single story open home. Remodeled bathroom. Granite counters in the kitchen. New hardwood flooring and recently painted. Close to schools and shopping. You must see this home before making any other offers.



**Ramesh Suman, Broker**
BRE - 00871752
GRI, CDPE, RCS-D
RES.NET AMP REO Certified
HAFA Short Sale Specialist
AHOP Certified
Director - Delta Association of Realtors
(925)366-3618
Ramesh@RameshSuman.com



**Deo Raj "Dave" Singh, Realtor**
BRE License - 01789784
Direct: (925)766-3280
E-mail: Dave@MajesticHomes.us

**MAJESTIC HOMES**
3711 Sunset Lane,
Suite F, Antioch, CA 94509

WWW.MajesticHomes.US
Office: (925)779-1234

पंजाबी बोलने वालों का स्वागत है।
ਪੰਜਾਬੀ ਬੋਲਣ ਵਾਲਿਆਂ ਦਾ ਸਵਾਗਤ ਹੈ।



**Rajbir S. Sarkaria, Realtor**
BRE License - 01499991
Direct: (925)766-5784
E-mail: Raj@MajesticHomes.us

Service Excellence - Experience the Difference





# KB USED AUTO SALES



## 8655 B Monterey Street Gilroy, CA 95020

**Kashmiri Bhatia,**
**Dealer/Broker**
**408-848-2365**

**50% OFF WARRANTY**
**with Qualifying Car Purchase**

**IN HOUSE**
**FINANCING AVALIABLE**
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

**63 Muckelemi St**
**San Juan Bautista 95045**

**Kashmiri Bhatia (Owner)**
**831-623-4702**

**20% OFF LABOUR**
**on your next qualifying service**

**Car Care You Can Trust**






# Sri Guru Ravidass Temple Pittsburg (CA)

## 2150 Crestview Drive, Pittsburg, CA 94565

## Committee Members of Sri Guru Ravidass Sabha Pittsburg, CA (2019-2020)

# NEW MANAGING COMMITTEE 2019-2020

**Based on the approval of Sangat, the five panel members facilitated the reorganization of the Managing Committee of Sri Guru Ravidass Sabha Pittsburg (California) was completed on August 25, 2019.**

### EXECUTIVE COMMITTEE

Chairman **Jagtar Bhatia**

Vice Chairman **Harmesh Bangar**

President **Shinderpal Narabat**

1st Vice President **Surinder Rattu**

2nd Vice President **Gurnam Rattu**

General Secretary **Dharampal Chonkaria**

Assistant Secretary **Naranjan Singh**

Treasurer **Vinod Kumar**

Assistant Treasurer **Sunita Singh Bangar**

### BOARD MEMBERS

| | BOARD MEMBERS | Term in Years |
|---|---|---|
| 1) | Paras Ram | 2 |
| 2) | Naranjan Singh (Asst. Secretary) | 1 |
| 3) | Simar Kaur Singh | 1 |
| 4) | Surinder Singh Rattu (Vice-President) | 2 |
| 5) | Jagir Singh | 1 |
| 6) | Hem Raj Rattu | 1 |
| 7) | Kashmiri Bhatia | 2 |
| 8) | Harbans Rattu | 2 |
| 9) | Sunita Singh Bangar (Asst. Treasurer) | 2 |
| 10) | Som Nath Bhatia | 1 |
| 11) | Satya Dass | 1 |
| 12) | Ravi Thind | 1 |
| 13) | Dharampal Chonkaria(Gen. Secretary) | 2 |
| 14) | Harbans Kalu | 2 |
| 15) | Vinod Kumar Jakhu(Treasurer) | 2 |
| 16) | Major Bhatia | 2 |
| 17) | Jagtar Bhatia (Chairman) | 2 |
| 18) | Gurnam Singh Rattu(2nd Vice President) | 2 |
| 19) | Shinderpal Narabat(President) | 2 |
| 20) | Naresh Kumar | 2 |

### CO OPT MEMBERS

| | CO OPT MEMBERS | Term in Years |
|---|---|---|
| 1) | Ramesh Suman | 1 |
| 2) | Dilbag Singh | 1 |
| 3) | Narinder Chahal | 1 |
| 4) | Harmesh Bangar(Vice-Chairman) | 1 |
| 5) | Kulwant Kaur Banga | 1 |

Advisory Committee was chosen by the CHAIRMAN and BOARD of DIRECTORS to further facilitate the functioning and advise the BOARD of DIRECTORS and EXECUTIVE COMMITTEE from time to time. General body ratified this committee of the following 6 members.


Jagtar Bhatia (Chairman)


Shinderpal Narabat (President)


Dharampal Chonkaria (Gen. Secretary)


Vinod Kumar (Treasurer)

## ADVISORY COMMITTEE


Balvir Chand Mal


Jagdev Ram


O.P. Balley


Dr. Harmesh Kumar,


Jaila Jaggi


Salinder Bhatia

## LEGAL COMMITTEE


Ajai Paul Ram


Shashi Paul


Sri Guru Ravidass Sabha Pittsburg Committee Members & more

**The New Committee appreciates the services of the previous committee and the selection panel and is looking forward to continued support. Guidance and cooperation of the entire Sangat who is the backbone of our Gurughar. Thank you.**